@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 10 April 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 10 ਅਪ੍ਰੈਲ 2026, 25 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 155, qpatrika@gmail.com ਫੋਨ : 9971359517 www.qaumipatrika.org

## ਸਮਾਜ ਦੀ ਸੁਰੱਖਿਆ ਲਈ ਹਮੇਸ਼ਾ ਡੰਡਾ ਲੈ ਕੇ ਦਰਵਾਜ਼ੇ 'ਤੇ ਖੜ੍ਹਾ ਰਹੇਗਾ ਸੰਘ : ਮੋਹਨ ਭਾਗਵਤ

ਮਥੁਰਾ, 9 ਅਪ੍ਰੈਲ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਦੇਸ਼ 'ਚ ਜਨ-ਜਾਗਰੂਕਤਾ ਵਧਾ ਕੇ ਗਊ ਹੱਤਿਆ ਨੂੰ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸਮਾਜ ਨੂੰ ਗਾਵਾਂ ਪ੍ਰਤੀ ਸੰਵੇਦਨਸ਼ੀਲ ਅਤੇ ਸਮਰਪਿਤ ਹੋਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਸੰਘ ਸਮਾਜ ਦੀ ਸੁਰੱਖਿਆ ਲਈ ਹਮੇਸ਼ਾ ਡੰਡਾ ਲੈ ਕੇ ਦਰਵਾਜ਼ੇ 'ਤੇ ਖੜ੍ਹਾ ਰਹੇਗਾ। ਭਾਗਵਤ ਵ੍ਰਿੰਦਾਵਨ ਸਥਿਤ ਮਲੂਕ ਪੀਠ 'ਚ ਸੰਤ ਮਲੂਕ ਦਾਸ ਜੀ ਮਹਾਰਾਜ ਦੀ 452ਵੀਂ ਜਯੰਤੀ ਦੇ ਮੌਕੇ ਆਯੋਜਿਤ ਪ੍ਰੋਗਰਾਮ 'ਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਜਦੋਂ ਸਮਾਜ 'ਚ ਵਿਆਪਕ



'ਜਨ-ਭਾਵਨਾ' ਵਿਕਸਤ ਹੋ ਜਾਂਦੀ ਹੈ, ਤਾਂ ਕਿਸੇ ਵੀ ਸਮਾਜਿਕ ਬਦਲਾਅ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਸੰਤ ਭਾਰਤ ਨੂੰ ਵਿਸ਼ਵਗੁਰੂ ਬਣਾਉਣ ਲਈ ਕੰਮ ਕਰਨ। ਉਨ੍ਹਾਂ ਨੇ ਵ੍ਰਿੰਦਾਵਨ 'ਚ ਸੰਤਾਂ ਦੇ ਪੈਰ ਛੂਹੇ। ਉਨ੍ਹਾਂ ਨੇ ਅਯੁੱਧਿਆ ਦੇ ਰਾਮ ਮੰਦਰ ਨਿਰਮਾਣ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਪੂਰੇ ਦੇਸ਼ 'ਚ ਰਾਮ ਮੰਦਰ ਲਈ ਮਜ਼ਬੂਤ ਜਨ-ਭਾਵਨਾ ਬਣੀ, ਜਿਸ ਨਾਲ ਨਿਆਇਕ ਪ੍ਰਕਿਰਿਆ 'ਚ ਤੇਜ਼ੀ ਆਈ ਅਤੇ ਸਾਲ 2019 'ਚ ਸੁਪਰੀਮ ਕੋਰਟ ਨੇ ਸਰਬਸੰਮਤੀ ਨਾਲ ਫੈਸਲਾ ਸੁਣਾਇਆ। ਭਾਗਵਤ ਨੇ ਕਿਹਾ ਕਿ ਇਸੇ ਤਰ੍ਹਾਂ ਦੀ ਭਾਵਨਾ ਗਾਵਾਂ ਦੀ ਸੁਰੱਖਿਆ ਲਈ ਵੀ ਬਣਨੀ ਚਾਹੀਦੀ ਹੈ। ਆਰ. ਐੱਸ. ਐੱਸ. ਮੁਖੀ ਨੇ ਕਿਹਾ ਕਿ ਜੇਕਰ ਸਮਾਜ ਗਾਵਾਂ ਪ੍ਰਤੀ ਸਮਰਪਿਤ ਹੋ ਜਾਵੇ, ਤਾਂ ਗਊ ਹੱਤਿਆ ਆਪਣੇ ਆਪ ਹੀ ਖਤਮ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਲਈ ਸਰਕਾਰ ਤੋਂ ਵੱਧ ਸਮਾਜ ਦੀ ਭੂਮਿਕਾ ਅਹਿਮ ਹੈ। ਲੋਕਾਂ ਨੂੰ ਜਾਗਰੂਕ ਕਰਨਾ ਹੋਵੇਗਾ; ਜਦੋਂ ਸਮਾਜ ਤਿਆਰ ਹੋਵੇਗਾ, ਤਾਂ ਹੋਰ ਵਿਵਸਥਾਵਾਂ ਆਪਣੇ ਆਪ ਉਸ ਦੀ ਪਾਲਣਾ ਕਰਨਗੀਆਂ।

## ਮੇਹੁਲ ਚੋਕਸੀ 'ਤੇ ਕੱਸਿਆ ਸ਼ਿਕੰਜਾ, ਬੈਲਜੀਅਮ ਅਦਾਲਤ ਨੇ ਹਵਾਲਗੀ ਲਈ ਦਿੱਤੀ ਹਰੀ ਝੰਡੀ

ਨਵੀਂ ਦਿੱਲੀ 9 ਅਪ੍ਰੈਲ। ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਦੀ ਹਵਾਲਗੀ ਦੇ ਮਾਮਲੇ 'ਚ ਭਾਰਤ ਨੂੰ ਵੱਡੀ ਰਾਹਤ ਮਿਲੀ ਹੈ। ਬੈਲਜੀਅਮ ਦੇ ਐਂਟਵਰਪ ਸ਼ਹਿਰ ਦੀ ਅਪੀਲੀ ਅਦਾਲਤ ਨੇ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਚੋਕਸੀ ਦੇ ਖ਼?ਲਾਫ 7 ਵਿਚੋਂ 6 ਦੋਸ਼ਾਂ ਦੇ ਆਧਾਰ 'ਤੇ ਹਵਾਲਗੀ ਨੂੰ ਮਨਜ਼ੂਰੀ ਦਿੱਤੀ ਜਾ ਸਕਦੀ ਹੈ। 3 ਅਪ੍ਰੈਲ ਨੂੰ ਦਿੱਤੀ ਗਈ ਆਪਣੀ ਰਾਇ 'ਚ



ਅਦਾਲਤ ਦੇ 'ਚੈਂਬਰ ਆਫ਼ ਐਕੂਜ਼ੇਸ਼ਨ' ਨੇ ਕਿਹਾ ਕਿ ਜਿਨ੍ਹਾਂ ਦੋਸ਼ਾਂ (ਅਪਰਾਧਿਕ ਸਾਜ਼ਿਸ਼, ਅਪਰਾਧਿਕ ਵਿਸ਼ਵਾਸਘਾਤ, ਜਾਅਲਸਾਜ਼ੀ ਜਾਂ ਧੋਖਾਦੇਹੀ, ਖਾਤਿਆਂ 'ਚ ਹੇਰਾਫੇਰੀ, ਗੈਰ-ਕਾਨੂੰਨੀ ਲਾਭ ਪ੍ਰਾਪਤ ਕਰਨਾ ਜਾਂ ਗਬਨ ਅਤੇ ਅਪਰਾਧਿਕ ਦੁਰਾਚਾਰ) ਦੇ ਤਹਿਤ ਚੋਕਸੀ ਭਾਰਤ 'ਚ ਲੋੜੀਂਦਾ ਹੈ, ਉਹ ਬੈਲਜੀਅਮ ਦੇ ਕਾਨੂੰਨ 'ਚ ਵੀ ਸਜ਼ਾਯੋਗ ਹਨ। ਇਸ ਨਾਲ ਹਵਾਲਗੀ ਲਈ ਲੋੜੀਂਦੀ ਆਪਸੀ ਸਾਂਝ ਦੀ ਸ਼ਰਤ ਪੂਰੀ ਹੁੰਦੀ ਹੈ। ਹਾਲਾਂਕਿ ਅਦਾਲਤ ਨੇ 'ਸਬੂਤਾਂ ਨਾਲ ਛੇੜਛਾੜ ਜਾਂ ਉਨ੍ਹਾਂ ਨੂੰ ਨਸ਼ਟ ਕਰਨ' ਦੇ ਦੋਸ਼ 'ਤੇ ਨਕਾਰਾਤਮਕ ਰਾਇ ਦਿੱਤੀ ਹੈ, ਕਿਉਂਕਿ ਇਹ ਅਪਰਾਧ ਬੈਲਜੀਅਮ ਦੇ ਕਾਨੂੰਨ ਤਹਿਤ ਸਜ਼ਾਯੋਗ ਨਹੀਂ ਮੰਨਿਆ ਗਿਆ। ਜ਼ਿਕਰਯੋਗ ਹੈ ਕਿ ਮੇਹੁਲ ਚੋਕਸੀ ਭਾਰਤ 'ਚ ਵੱਡੇ ਬੈਂਕ ਘਪਲੇ ਦੇ ਮਾਮਲਿਆਂ 'ਚ ਲੋੜੀਂਦਾ ਹੈ ਅਤੇ ਲੰਬੇ ਸਮੇਂ ਤੋਂ ਵਿਦੇਸ਼ 'ਚ ਰਹਿ ਰਿਹਾ ਹੈ। ਉਸ ਦੀ ਹਵਾਲਗੀ ਨੂੰ ਲੈ ਕੇ ਕਾਨੂੰਨੀ ਪ੍ਰਕਿਰਿਆ ਜਾਰੀ ਹੈ।

# ਬੰਗਾਲ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣਵੀਂ ਰੈਲੀ, ਦਿੱਤੀਆਂ 6 ਗਾਰੰਟੀਆਂ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਕੋਲਕਾਤਾ/ਨਵੀਂ ਦਿੱਲੀ 9 ਅਪ੍ਰੈਲ। ਪੱਛਮੀ ਬੰਗਾਲ ਦੇ ਚੋਣ ਮੈਦਾਨ ਵਿੱਚ ਸਿਆਸੀ ਤਾਪਮਾਨ ਸਿਖਰਾਂ 'ਤੇ ਪਹੁੰਚ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਬੰਗਾਲ ਵਿੱਚ ਭਾਜਪਾ ਲਈ ਵੋਟਾਂ ਮੰਗਣ ਲਈ ਚੋਣ ਮੈਦਾਨ ਵਿੱਚ ਉਤਰੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਪੱਛਮੀ ਬੰਗਾਲ ਵਿੱਚ ਚੋਣ ਰੈਲੀ ਦੀ ਸ਼ੁਰੂਆਤ ਕੀਤੀ। ਪੀ.ਐੱਮ. ਮੋਦੀ ਅੱਜ ਬੰਗਾਲ ਵਿੱਚ ਇੱਕ ਤੋਂ ਬਾਅਦ ਇੱਕ ਤਿੰਨ ਵੱਡੀਆਂ ਰੈਲੀਆਂ ਨੂੰ ਸੰਬੋਧਨ ਕਰ ਰਹੇ ਹਨ, ਜਿਨ੍ਹਾਂ ਰਾਹੀਂ ਉਹ ਸਿੱਧੇ ਤੌਰ 'ਤੇ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਗੜ੍ਹ ਨੂੰ ਨਿਸ਼ਾਨਾ ਬਣਾਉਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਉਸ 'ਤੇ ਕੁਸ਼ਾਸਨ ਦਾ ਦੋਸ਼ ਲਗਾਇਆ ਅਤੇ ਵੋਟਰਾਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਤ੍ਰਿਣਮੂਲ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰਨ ਦੀ ਅਪੀਲ ਕੀਤੀ। ਵਿਰੋਧੀ ਧਿਰ ਦੇ ਨੇਤਾ ਸੁਵੇਂਦੂ ਅਧਿਕਾਰੀ ਦੇ ਗੜ੍ਹ ਮੰਨੇ ਜਾਣ ਵਾਲੇ ਹਲਦੀਆ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਮੋਦੀ ਨੇ ਕਿਹਾ ਕਿ ਰਾਜ ਦੀ ਸੱਤਾਧਾਰੀ ਪਾਰਟੀ ਬੰਗਾਲ ਨੂੰ ਪਿੱਛੇ ਧੱਕ ਰਹੀ ਹੈ। ਉਨ੍ਹਾਂ ਦਾਅਵਾ ਕੀਤਾ, ਦੇਸ਼ ਤਰੱਕੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ, ਬੰਗਾਲ ਨੂੰ ਪਿੱਛੇ ਧੱਕ ਰਹੀ ਹੈ। 'ਵਿਕਸਤ ਬੰਗਾਲ'



ਜਦੋਂ ਕਿ ਤ੍ਰਿਣਮੂਲ ਕਾਂਗਰਸ ਦੀ 'ਬੇਰਹਿਮ ਸਰਕਾਰ' ਸਥਾਪਤ ਕਰਨ ਲਈ, ਪਾਰਟੀ ਨੂੰ ਸੱਤਾ ਤੋਂ ਹਟਾਉਣਾ ਜ਼ਰੂਰੀ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਤ੍ਰਿਣਮੂਲ ਕਾਂਗਰਸ ਨੇ ਬੰਗਾਲ ਦੇ ਨੌਜਵਾਨਾਂ ਨਾਲ ਦੋਹਰਾ ਧੋਖਾ ਕੀਤਾ ਹੈ। ਉਸਨੇ ਨਿੱਜੀ ਖੇਤਰ ਅਤੇ ਨਿਵੇਸ਼ ਦੇ ਮੌਕਿਆਂ ਨੂੰ ਤਬਾਹ ਕਰ ਦਿੱਤਾ ਅਤੇ ਤ੍ਰਿਣਮੂਲ ਕਾਂਗਰਸ ਦੇ ਮੰਤਰੀਆਂ ਨੇ ਸਰਕਾਰੀ ਭਰਤੀਆਂ ਨੂੰ ਲੁੱਟਿਆ ਹੈ। ਨੌਜਵਾਨਾਂ ਦੇ ਸੁਪਨਿਆਂ ਨੂੰ ਕੁਚਲ ਦਿੱਤਾ ਹੈ। ਉਦਯੋਗਿਕ ਹੱਬ ਵਿੱਚ ਮੋਦੀ ਨੇ ਕਿਹਾ, ਨਿਵੇਸ਼ ਡਰ ਦੇ ਮਾਹੌਲ ਵਿੱਚ ਨਹੀਂ, ਸਗੋਂ ਵਿਸ਼ਵਾਸ ਦੇ ਮਾਹੌਲ ਵਿੱਚ ਆਉਂਦਾ ਹੈ, ਜੋ ਭਾਜਪਾ ਬੰਗਾਲ ਵਿੱਚ ਲਿਆਏਗੀ। ਉਨ੍ਹਾਂ ਤ੍ਰਿਣਮੂਲ ਕਾਂਗਰਸ 'ਤੇ ਦੋਸ਼ ਲਗਾਇਆ ਕਿ ਉਹ ਆਪਣੇ ਵੋਟ ਬੈਂਕ ਨੂੰ ਸੁਰੱਖਿਅਤ ਕਰਨ ਲਈ ਧਰਮ ਦੇ ਆਧਾਰ 'ਤੇ ਰਾਖਵਾਂਕਰਨ ਨੀਤੀ ਅਪਣਾ ਰਹੀ ਹੈ। ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ, ਖਰਾਬ ਮੌਸਮ ਦੇ ਬਾਵਜੂਦ ਹਲਦੀਆ ਰੈਲੀ ਵਿੱਚ ਭਾਰੀ ਜਨਸੰਖਿਆ ਬੰਗਾਲ ਵਿੱਚ ਬਦਲਾਅ ਦਾ ਸੰਕੇਤ ਹੈ। ਇਹ ਤ੍ਰਿਣਮੂਲ ਕਾਂਗਰਸ ਦੇ ਸੱਤਾ ਤੋਂ ਬਾਹਰ ਹੋਣ ਦਾ ਸੰਕੇਤ ਹੈ। ਮੋਦੀ ਨੇ ਕਿਹਾ, ਪੰਜ ਸਾਲ ਪਹਿਲਾਂ ਨੰਦੀਗ੍ਰਾਮ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਇਸ ਵਾਰ ਭਵਾਨੀਪੁਰ ਵਿੱਚ ਦੁਹਰਾਏ ਜਾਣਗੇ। ਅਧਿਕਾਰੀ ਨੇ 2021 ਵਿੱਚ ਨੰਦੀਗ੍ਰਾਮ ਵਿੱਚ ਮਮਤਾ ਬੈਨਰਜੀ ਨੂੰ ਹਰਾਇਆ ਸੀ ਅਤੇ ਹੁਣ ਦੱਖਣੀ ਕੋਲਕਾਤਾ ਦੇ ਆਪਣੇ ਗੜ੍ਹ ਭਵਾਨੀਪੁਰ ਵਿੱਚ ਮੌਜੂਦਾ ਮੁੱਖ ਮੰਤਰੀ ਦੇ ਖਿਲਾਫ ਚੋਣ ਲੜ ਰਹੇ ਹਨ।

## ਪੰਜਾਬ ਦੀ ਸਿਆਸਤ 'ਚ ਵੱਡੀ ਹਲਚਲ ! ਡਾ. ਨਵਜੋਤ ਕੌਰ ਸਿੱਧੂ ਦੀ ਨਵੀਂ ਸਿਆਸੀ ਸ਼ੁਰੂਆਤ, ਕਰ 'ਤਾ ਵੱਡਾ ਐਲਾਨ

ਕੌਮੀ ਪਤ੍ਰਿਕਾ

ਚੰਡੀਗੜ੍ਹ 9 ਅਪ੍ਰੈਲ। ਕਾਂਗਰਸ 'ਚੋਂ ਕੱਢੇ ਜਾਣ ਮਗਰੋਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਵੱਲੋਂ ਵੱਡਾ ਸਿਆਸੀ ਕਦਮ ਚੁੱਕਦਿਆਂ ਆਪਣੀ ਨਵੀਂ ਸਿਆਸੀ ਪਾਰਟੀ 'ਭਾਰਤੀ ਰਾਸ਼ਟਰਵਾਦੀ ਪਾਰਟੀ' ਦੇ ਗਠਨ ਦਾ ਐਲਾਨ ਕੀਤਾ ਗਿਆ ਹੈ। ਅੱਜ ਚੰਡੀਗੜ੍ਹ 'ਚ ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਮੈਡਮ ਨਵਜੋਤ ਕੌਰ ਸਿੱਧੂ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਸਾਡੀ ਭਾਰਤੀ ਰਾਸ਼ਟਰਵਾਦੀ ਪਾਰਟੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜੇਗੀ। ਚੋਣਾਂ ਲਈ ਆਪਣਾ ਏਜੰਡਾ ਪੇਸ਼ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਾਡਾ ਮੇਨ ਮਕਸਦ ਕਿਸਾਨੀ 'ਤੇ ਰਹੇਗਾ ਅਤੇ ਤਜ਼ਰਬੇਕਾਰ ਨੂੰ ਹੀ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਜਾਵੇਗਾ। ਮੰਤਰੀ ਨੂੰ ਇਸ ਦੀ ਰਿਪੋਰਟ ਇਕ ਮਹੀਨੇ ਵਿਚ ਹੀ ਦੇਣੀ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਅਫ਼ੀਮ ਦੀ ਖੇਤੀ ਵੀ ਕਰਨ ਦਿੱਤੀ ਜਾਵੇਗੀ ਅਤੇ ਸਰਕਾਰੀ ਦੇਖ-ਰੇਖ ਵਿਚ ਹੀ ਅਫ਼ੀਮ ਦੀ ਖੇਤੀ ਹੋਵੇਗੀ। ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਅਸੀਂ ਪੰਜਾਬ ਨੂੰ ਉਸ ਦੀ ਗੁਆਚੀ ਸ਼ਾਨ, ਸੋਨੇ ਦੀ ਚਿੜੀ ਹੋਣ ਦਾ ਮਾਣ ਵਾਪਸ ਦਿਵਾਉਣ ਲਈ ਕੰਮ ਕਰਾਂਗੇ। ਇਹ ਇਕ ਅਜਿਹਾ ਸੂਬਾ ਹੋਵੇਗਾ, ਜਿੱਥੇ



ਲੋਕ ਪਿਆ ਨਾਲ ਅਤੇ ਰਲ ਮਿਲ ਕੇ ਰਹਿਣ। ਨਿਆਂ ਸੁਤੰਤਰਤਾ ਦੇ ਅਧਿਕਾਰ ਅਤੇ ਆਜ਼ਾਦੀ ਦੀ ਸ਼ਕਤੀ ਨੂੰ ਪਛਾਣਾਂਗੇ। ਜਿੱਥੇ ਲੋਕ ਬਿਨਾਂ ਕਿਸੇ ਬਾਹਰੀ ਦਖ਼ਲ ਦੇ, ਨਿਸ਼ਕਾਮ ਸੇਵਾ ਅਤੇ ਅਧਿਆਤਮਕ ਵਿਕਾਸ ਦੇ ਉਦੇਸ਼ ਨਾਲ ਕੰਮ ਕਰਦੇ ਹੋਏ ਆਪਣੇ ਉਦੇਸ਼ ਨੂੰ ਦ੍ਰਿਸ਼ਟੀਕੋਣ ਦੇਣਗੇ, ਇਹ ਪੰਜਾਬ ਦੇ ਲੋਕਾਂ ਦੀ ਲੋਕਾਂ ਲਈ ਅਤੇ ਲੋਕਾਂ ਵੱਲੋਂ ਚਲਾਈ ਜਾਣ ਵਾਲੀ ਸਰਕਾਰ ਹੋਵੇਗੀ। ਅਸੀਂ ਅਧਿਆਤਮਕ ਗੁਰੂਆਂ ਦੀ ਮਦਦ ਨਾਲ ਲੋਕਾਂ ਦੀਆਂ ਜ਼ਖ਼ਮੀ ਰੂਹਾਂ ਨੂੰ ਸਕੂਨ ਪਹੁੰਚਾਵਾਂਗੇ। ਹਮੇਸ਼ਾ ਸੱਚ ਅਤੇ ਪਿਆਰ ਦੇ ਰਸਤੇ 'ਤੇ ਚੱਲਾਂਗੇ, ਇਹੀ ਵਾਹਿਗੁਰੂ ਜੀ ਦੀ ਭਾਸ਼ਾ ਹੈ। ਜਿਸ ਐਲਾਨ ਦਾ ਬੇਸਬਰੀ ਨਾਲ ਇੰਤਜ਼ਾਰ ਸੀ, ਉਹ ਹੁਣ ਸਾਹਮਣੇ ਹੈ। ਸਾਡੇ ਮੌਜੂਦਾ ਸਿਆਸੀ ਲੀਡਰਾਂ ਦੀ ਕਾਰਗੁਜ਼ਾਰੀ ਨੂੰ ਡੂੰਘਾਈ ਨਾਲ ਵੇਖਣ ਸਮੀਖਿਆ ਕਰਨ ਤੋਂ ਬਾਅਦ ਕੌਮੀ ਪੱਧਰ 'ਤੇ ਇਕ ਨਵਾਂ ਬਦਲ ਤਿਆਰ ਕਰਨ 'ਤੇ ਕੰਮ ਕਰ ਰਹਾਂ। ਅਸੀਂ ਆਪਣਾ ਜੀਵਨ ਆਪਣੇ ਦੇਸ਼ ਨੂੰ ਸਮਰਪਿਤ ਕਰਨਾ ਚਾਹੁੰਦੇ ਹਾਂ। ਲੋਕਾਂ ਨੂੰ ਉਹ ਸਭ ਦੇਣਾ ਚਾਹੁੰਦੇ ਹਾਂ, ਜਿਸ ਦੇ ਉਹ ਸੱਚਮੁੱਚ ਹੱਕਦਾਰ ਹਨ ਅਤੇ ਉਮੀਦ ਕਰਦੇ ਹਨ ਕਿ ਇਹ ਰੱਬ ਦੀ ਕ੍ਰਿਪਾ ਹੈ, ਜਿਸ ਨੇ ਇਕੋ ਜਿਹੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਇਕੱਠਾ ਕੀਤਾ, ਜਿਨ੍ਹਾਂ ਵਿਚ ਹਰ ਸੂਬੇ ਵਿਚ ਕੰਮ ਕਰਨ ਦੀ ਸਮਰੱਥਾ, ਆਤਮ ਵਿਸ਼ਵਾਸ, ਸਾਹਸ ਅਤੇ ਦ੍ਰਿੜ ਸੰਕਲਪ ਹੈ। ਉਨ੍ਹਾਂ ਦਾ ਸਾਂਝਾ ਉਦੇਸ਼ ਹੈ

## ਅੱਤਵਾਦੀ ਸੰਗਠਨ ਨਾਲ ਸੰਬੰਧਾਂ ਕਾਰਨ 2 ਸਰਕਾਰੀ ਕਰਮਚਾਰੀਆਂ ਦੀ ਸੇਵਾ ਖ਼ਤਮ

ਸ਼੍ਰੀਨਗਰ 9 ਅਪ੍ਰੈਲ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਅੱਤਵਾਦੀ ਸੰਗਠਨਾਂ ਲਸ਼ਕਰ-ਏ-ਤੋਇਬਾ ਅਤੇ ਹਿਜ਼ਬੁਲ ਮੁਜਾਹਿਦੀਨ ਨਾਲ ਕਥਿਤ ਸਬੰਧਾਂ ਦੇ ਦੋਸ਼ 'ਚ 2 ਸਰਕਾਰੀ ਮੁਲਾਜ਼ਮਾਂ ਨੂੰ ਸੇਵਾ ਤੋਂ ਬਰਖਾਸਤ ਕਰ ਦਿੱਤਾ ਹੈ। ਇਹ ਕਾਰਵਾਈ ਸੰਵਿਧਾਨ ਦੀ ਧਾਰਾ 311(2)(ਸੀ) ਦੇ ਤਹਿਤ ਕੀਤੀ ਗਈ ਹੈ, ਜੋ ਪ੍ਰਸ਼ਾਸਨ ਦੀ ਅੱਤਵਾਦ ਪ੍ਰਤੀ ਜ਼ੀਰੋ ਟੋਲਰੈਂਸ (ਬਿਲਕੁਲ ਬਰਦਾਸ਼ਤ ਨਾ ਕਰਨ) ਦੀ ਨੀਤੀ ਦਾ ਹਿੱਸਾ ਹੈ। ਉਪ ਰਾਜਪਾਲ ਨੇ ਹਾਲ ਹੀ 'ਚ ਕਿਹਾ ਸੀ ਕਿ ਜਦੋਂ ਤੱਕ ਸਰਕਾਰੀ ਮਸ਼ੀਨਰੀ 'ਚੋਂ ਅੱਤਵਾਦ ਦੇ ਕੈਂਸਰ ਦਾ ਆਖਰੀ ਅੰਸ਼ ਖ਼ਤਮ ਨਹੀਂ ਹੋ ਜਾਂਦਾ, ਉਦੋਂ ਤੱਕ ਸਖ਼ਤ ਕਾਰਵਾਈ ਜਾਰੀ ਰਹੇਗੀ। ਫਰਹਤ ਅਲੀ ਖਾਂਡੇ ਰਾਮਬਨ ਜ਼ਿਲ੍ਹੇ ਦੇ ਸਿੱਖਿਆ ਵਿਭਾਗ 'ਚ ਚੌਥੀ ਸ਼੍ਰੇਣੀ ਦਾ ਮੁਲਾਜ਼ਮ ਸੀ। ਉਸ 'ਤੇ ਦੋਸ਼ ਹੈ ਕਿ ਉਹ ਹਿਜ਼ਬੁਲ ਮੁਜਾਹਿਦੀਨ ਲਈ ਕੰਮ ਕਰ ਰਿਹਾ ਸੀ ਅਤੇ ਆਪਣੀ ਸਰਕਾਰੀ ਨੌਕਰੀ ਦੀ ਵਰਤੋਂ ਅੱਤਵਾਦੀ ਨੈੱਟਵਰਕ ਬਣਾਉਣ ਲਈ ਕਰ ਰਿਹਾ ਸੀ। ਉਹ ਪਹਿਲੀ ਵਾਰ 2011 ਵਿੱਚ ਹਵਾਲਾ ਨੈੱਟਵਰਕ ਦੀ ਜਾਂਚ ਦੌਰਾਨ ਸੁਰੱਖਿਆ ਏਜੰਸੀਆਂ ਦੇ ਰਾਡਾਰ 'ਤੇ ਆਇਆ ਸੀ, ਜਿੱਥੇ ਉਹ ਅੱਤਵਾਦੀਆਂ ਦੇ ਪਰਿਵਾਰਾਂ ਨੂੰ ਪੈਸੇ ਪਹੁੰਚਾਉਂਦਾ ਸੀ। ਮੁਹੰਮਦ ਸ਼ਫੀ ਡਾਰ ਬਾਂਦੀਪੋਰਾ ਦੇ ਪੇਂਡੂ ਵਿਕਾਸ ਵਿਭਾਗ 'ਚ ਤਾਇਨਾਤ ਸੀ। ਉਸ 'ਤੇ ਲਸ਼ਕਰ-ਏ-ਤੋਇਬਾ ਦੇ ਸਹਿਯੋਗੀ ਵਜੋਂ ਕੰਮ ਕਰਨ, ਅੱਤਵਾਦੀਆਂ ਨੂੰ ਸੁਰੱਖਿਅਤ ਟਿਕਾਣੇ ਮੁਹੱਈਆ ਕਰਵਾਉਣ ਅਤੇ ਸੁਰੱਖਿਆ ਬਲਾਂ ਦੀ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਹਨ।

## ਸੁਖਬੀਰ ਬਾਦਲ ਦਾ ਵੱਡਾ ਐਲਾਨ ! ਗ਼ਰੀਬ ਬੱਚਿਆਂ ਦੀ ਪੜ੍ਹਾਈ ਬੀ. ਏ. ਤੱਕ ਹੋਵੇਗੀ ਮੁਫ਼ਤ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਚੱਬੇਵਾਲ 9 ਅਪ੍ਰੈਲ। ਸ਼ਰੋਮਣੀ ਅਕਾਲੀ ਦਲ ਵੱਲੋਂ ਅੱਜ ਹੁਸ਼ਿਆਰਪੁਰ ਵਿਖੇ ਚੱਬੇਵਾਲ ਵਿਚ 'ਪੰਜਾਬ ਬਚਾਓ ਰੈਲੀ' ਕੀਤੀ ਗਈ। ਮੀਂਹ ਦੇ ਬਾਵਜੂਦ ਰੈਲੀ ਦੌਰਾਨ ਵੱਡੀ ਗਿਣਤੀ ਵਿਚ ਇਕੱਠ ਨਜ਼ਰ ਆਇਆ ਹੈ। ਇਸ ਮੌਕੇ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਅਕਾਲੀ ਵੇਲੇ ਦੀ ਸਰਕਾਰ ਦੇ ਕੰਮਾਂ ਦਾ ਜ਼ਿਕਰ ਕੀਤਾ, ਉਥੇ ਹੀ ਕਈ ਵੱਡੇ ਐਲਾਨ ਕਰਦੇ ਹੋਏ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ 'ਤੇ ਤਿੱਖੇ ਸ਼ਬਦੀ ਹਮਲੇ ਵੀ ਕੀਤੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼?ਰੋਮਣੀ ਅਕਾਲੀ ਦਲ ਦੀ ਪਾਰਟੀ 105 ਸਾਲ ਪਹਿਲਾਂ ਬਣਾਈ ਗਈ ਸੀ। ਇਹ ਪਾਰਟੀ ਪੰਜਾਬੀਆਂ ਦੇ ਖ਼ੂਨ ਵਿਚ ਵਸੀ ਪਾਰਟੀ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਪਹਿਲਾਂ ਸਭ ਤੋਂ ਵੱਡਾ ਹਿੱਸਾ ਅਕਾਲ ਅਕਾਲੀ ਦਲ ਦੀ ਲੀਡਰਸ਼ਿਪ ਨੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 15 ਲੱਖ ਟਿਊਬਵੈੱਲ ਕੁਨੈਕਸ਼ਨ ਹਨ, ਜਿਨ੍ਹਾਂ ਵਿਚੋਂ ਸਾਢੇ 13 ਲੱਖ ਅਕਾਲੀ ਦਲ ਦੀ ਦੇਣ ਹੈ। ਉਨ੍ਹਾਂ ਕਿਹਾ ਕਿ ਮੈਂ ਬੇਨਤੀ ਕਰਨ ਆਇਆ ਹਾਂ ਕਿ ਪੰਜਾਬ ਨੂੰ ਬਚਾ ਲਿਆ ਜਾਵੇ। ਜੇਕਰ ਪੰਜਾਬ ਤਗੜਾ ਹੋਵੇਗਾ ਤਾਂਹੀ ਆਪਣੀਆਂ ਪੀੜ੍ਹੀਆਂ ਵੀ ਇਥੇ ਹੀ ਕਾਮਯਾਬ ਹੋਣਗੀਆਂ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਸਾਡੀ ਸਰਕਾਰ ਆਉਣ 'ਤੇ ਪੰਜਾਬ 'ਚ ਐੱਸ. ਸੀ./ਬੀ. ਸੀ, ਜਰਨਲ ਗ਼ਰੀਬ ਬੱਚਿਆਂ ਦੀ ਪੜ੍ਹਾਈ ਬੀ. ਏ. ਤੱਕ ਮੁਫ਼ਤ ਕੀਤੀ ਜਾਵੇਗੀ। ਸੁਖਬੀਰ ਬਾਦਲ ਨੇ ਵਾਅਦਾ ਕੀਤਾ ਕਿ ਜੇਕਰ 2027 'ਚ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ ਪੰਜਾਬ 'ਚ 75 ਫ਼ੀਸਦੀ ਨੌਕਰੀਆਂ ਪੰਜਾਬੀ ਨੌਜਵਾਨਾਂ ਲਈ ਰਾਖਵੀਆਂ ਕੀਤੀਆਂ



ਜਾਣਗੀਆਂ। ਉਨ੍ਹਾਂ ਨੌਜਵਾਨਾਂ ਨੂੰ ਆਪਣਾ ਕੰਮ ਸ਼ੁਰੂ ਕਰਨ ਲਈ 10 ਲੱਖ ਰੁਪਏ ਤੱਕ ਦਾ ਵਿਆਜ ਮੁਕਤ ਲੋਨ ਦੇਣ ਦਾ ਵੀ ਐਲਾਨ ਕੀਤਾ। ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਕਿਹਾ ਕਿ ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜਾਂ ਵਿੱਚ ਗਰੀਬ ਬੱਚਿਆਂ ਲਈ 50 ਫ਼ੀਸਦੀ ਸੀਟਾਂ ਰਾਖਵੀਆਂ ਹੋਣਗੀਆਂ ਅਤੇ ਉਨ੍ਹਾਂ ਦਾ ਖ਼ਰਚਾ ਸਰਕਾਰ ਚੁੱਕੇਗੀ। ਪਾਰਟੀ ਪ੍ਰਧਾਨ ਨੇ ਐਲਾਨ ਕੀਤਾ ਕਿ ਸਰਕਾਰ ਆਉਣ ਦੇ ਪਹਿਲੇ ਹਫ਼ਤੇ ਹੀ ਆਟਾ-ਦਾਲ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ, ਜਿਸ ਤਹਿਤ 4 ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਮਿਲੇਗੀ। ਇਸ ਤੋਂ ਇਲਾਵਾ ਗ਼ਰੀਬ ਬੱਚੀਆਂ ਦੇ ਵਿਆਹ ਲਈ 1 ਲੱਖ ਰੁਪਏ ਦੀ ਸ਼ਗਨ ਰਾਸ਼ੀ ਦਿੱਤੀ ਜਾਵੇਗੀ। ਬੁਢਾਪਾ ਪੈਨਸ਼ਨ ਵਧਾ ਕੇ 3100 ਰੁਪਏ ਮਹੀਨਾ ਕੀਤੀ ਜਾਵੇਗੀ। ਹਰ ਕਿਸਾਨ ਨੂੰ ਇਕ ਟਿਊਬਲ ਕੁਨੈਕਸ਼ਨ ਦੇਣ ਦੀ ਗਰੰਟੀ ਵੀ ਦਿੱਤੀ ਗਈ। ਉਥੇ ਹੀ ਉਨ੍ਹਾਂ ਆਮ ਆਦਮੀ ਪਾਰਟੀ 'ਤੇ ਤੰਜ ਕੱਸਦੇ ਕਿਹਾ ਕਿ ਦਿੱਲੀ ਵਾਲੇ ਸਿਰਫ਼ ਪੰਜਾਬ ਨੂੰ ਲੁੱਟਣ ਲਈ ਆਏ ਹਨ। ਉਥੇ ਹੀ ਸੁਖਬੀਰ ਸਿੰਘ ਬਾਦਲ ਨੇ ਇਕ ਹੋਰ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਜੇਕਰ 2027 ਵਿਚ ਸਾਡੀ ਸਰਕਾਰ ਆਈ ਤਾਂ ਪੰਜਾਬ ਦੇ ਦਰਿਆਵਾਂ ਵਿਚ ਇਕ ਵੀ ਕਿਸੇ ਫੈਕਟਰੀ, ਸੀਵਰੇਜ ਦਾ ਪਾਣੀ ਨਹੀਂ ਜਾਣ ਦਿੱਤਾ ਜਾਵੇਗਾ। ਇਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਸਾਡੀ ਸਰਕਾਰ ਆਉਣ 'ਤੇ ਫਿਰ ਤੋਂ ਕਬੱਡੀ ਵਰਲਡ ਕੱਪ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਪੰਜਾਬੀ ਸੱਭਿਆਚਾਰ ਅਤੇ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵਰਲਡ ਕੱਪ ਕਬੱਡੀ, ਪਸ਼ੂ ਮੇਲੇ ਅਤੇ ਪਿੰਡਾਂ ਵਿੱਚ 'ਸੀਪ' ਵਰਗੀਆਂ ਖੇਡਾਂ ਦੇ ਮੁਕਾਬਲੇ ਕਰਵਾਉਣ ਦਾ ਵੀ ਭਰੋਸਾ ਦਿੱਤਾ। ਸਾਡੀ ਸਰਕਾਰ ਆਉਣ 'ਤੇ ਪੰਜਾਬ ਦੇ ਹਰ ਪਿੰਡ ਦੀ ਗਲੀ ਸੀਮੈਂਟ ਨਾਲ ਪੱਕਾ ਕਰਕੇ ਬਣਾਇਆ ਜਾਵੇਗਾ।

## ਮੁੱਖ ਮੰਤਰੀ ਰੇਖਾ ਗੁਪਤਾ ਵਲੋਂ GST ਵਿਭਾਗ ਦਾ ਨਿਰੀਖਣ, ਅਧਿਕਾਰੀਆਂ ਦੀ ਗੈਰ-ਹਾਜ਼ਰੀ 'ਤੇ ਜਤਾਈ ਨਾਰਾਜ਼ਗੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 9 ਅਪ੍ਰੈਲ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਬੁੱਧਵਾਰ ਨੂੰ ਆਈ.ਟੀ.ਓ. ਸਥਿਤ ਵਪਾਰ ਅਤੇ ਟੈਕਸ ਵਿਭਾਗ ਦੇ ਦਫ਼ਤਰ ਦਾ ਅਚਾਨਕ ਨਿਰੀਖਣ ਕੀਤਾ। ਇਸ ਦੌਰਾਨ ਦਫ਼ਤਰੀ ਸਮੇਂ ਦੌਰਾਨ ਅਧਿਕਾਰੀਆਂ ਦੀ ਗੈਰ-ਹਾਜ਼ਰੀ ਦੇਖ ਕੇ ਮੁੱਖ ਮੰਤਰੀ ਨੇ ਨਾਰਾਜ਼ਗੀ ਪ੍ਰਗਟਾਈ। ਉਨ੍ਹਾਂ ਨੇ ਮੌਕੇ 'ਤੇ ਹਾਜ਼ਰ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੇ ਆਉਣ ਦੇ ਸਮੇਂ ਬਾਰੇ ਪੁੱਛਿਆ ਅਤੇ ਵਿਭਾਗ ਦੇ ਹਾਜ਼ਰੀ ਰਿਕਾਰਡ 'ਤੇ ਇਕ ਵਿਸਤ੍ਰਿਤ ਰਿਪੋਰਟ ਮੰਗੀ ਹੈ। ਨਿਰੀਖਣ ਦੌਰਾਨ ਮੁੱਖ ਮੰਤਰੀ ਨੇ ਦਫ਼ਤਰ ਦੇ ਬੁਨਿਆਦੀ ਢਾਂਚੇ ਦੀ ਵੀ ਸਮੀਖਿਆ ਕੀਤੀ। ਇਮਾਰਤ ਦੇ ਇਕ ਤੰਗ ਅਤੇ ਖਸਤਾ ਹਾਲਤ ਵਾਲੇ ਨਿਕਾਸ ਦੁਆਰ (ਐਗਜ਼ਿਟ ਗੇਟ) ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਸਖ਼ਤ ਸਵਾਲ ਕੀਤਾ ਕਿ ਅੱਗ ਲੱਗਣ ਵਰਗੀ ਕਿਸੇ ਵੀ ਐਮਰਜੈਂਸੀ ਸਥਿਤੀ 'ਚ ਉਹ ਲੋਕਾਂ ਦੀ ਸੁਰੱਖਿਆ ਕਿਵੇਂ ਯਕੀਨੀ ਬਣਾਉਣਗੇ। ਉਨ੍ਹਾਂ ਨੇ ਦਫ਼ਤਰ ਦੀ ਮੁਰੰਮਤ ਅਤੇ ਰੱਖ-ਰਖਾਅ ਦੇ ਕੰਮਾਂ ਬਾਰੇ ਵੀ ਜਾਣਕਾਰੀ ਲਈ। ਮੁੱਖ ਮੰਤਰੀ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ'



'ਤੇ ਇਸ ਨਿਰੀਖਣ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦਫ਼ਤਰ 'ਚ ਸਮੇਂ ਦੀ ਪਾਬੰਦੀ, ਸਫ਼ਾਈ ਅਤੇ ਵਿਵਸਥਿਤ ਕਾਰਜ ਸੱਭਿਆਚਾਰ ਨੂੰ ਯਕੀਨੀ ਬਣਾਉਣ ਲਈ ਸਪੱਸ਼ਟ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕੰਮ 'ਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ, ਦੇਰੀ ਜਾਂ ਬੇਲੋੜੀ ਗੁੰਝਲਦਾਰਤਾ ਲਈ ਕੋਈ ਥਾਂ ਨਹੀਂ ਹੋਵੇਗੀ। ਰੇਖਾ ਗੁਪਤਾ ਨੇ ਕਿਹਾ,ਵਪਾਰ ਦਿੱਲੀ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਸਾਡੀ ਤਰਜੀਹ ਇਹ ਹੈ ਕਿ ਹਰ ਪ੍ਰਕਿਰਿਆ ਸਰਲ ਅਤੇ ਪਾਰਦਰਸ਼ੀ ਹੋਵੇ ਤਾਂ ਜੋ ਵਪਾਰੀ ਬਿਨਾਂ ਕਿਸੇ ਰੁਕਾਵਟ ਦੇ ਆਪਣੇ ਕੰਮ 'ਤੇ ਧਿਆਨ ਦੇ ਸਕਣ।" ਉਨ੍ਹਾਂ ਨੇ ਦੁਹਰਾਇਆ ਕਿ ਦਿੱਲੀ ਸਰਕਾਰ ਹਰ ਵਿਭਾਗ ਵਿੱਚ ਜਵਾਬਦੇਹੀ ਯਕੀਨੀ ਬਣਾਉਣ ਅਤੇ ਜਨਤਾ ਨੂੰ ਭਰੋਸੇਯੋਗ ਵਿਵਸਥਾ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

## 'ਆਪ' ਅਜਿਹੀ ਪਹਿਲੀ ਪਾਰਟੀ ਜਿਸਦੇ ਏਜੰਡੇ ਵਿੱਚ ਸਰਕਾਰੀ ਸਕੂਲ ਸ਼ਾਮਲ ਹਨ ਅਤੇ ਅੱਜ ਸਕੂਲਾਂ ਨੂੰ ਲਗਾਤਾਰ ਮਿਲ ਰਹੀਆਂ ਹਨ ਗ੍ਰਾਂਟਾਂ: ਹਰਜੋਤ ਸਿੰਘ ਬੈਂਸ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ, 9 ਅਪ੍ਰੈਲ: ਪੰਜਾਬ ਦੀ ਸਿੱਖਿਆ ਕ੍ਰਾਂਤੀ ਨੂੰ ਅਗਲੇ ਪੜਾਅ ਵਿੱਚ ਪਹੁੰਚਾਉਣ ਦੇ ਉਦੇਸ਼ ਨਾਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ 'ਆਪ' ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਦੇ ਨਾਲ ਅੱਜ ਮਿਸ਼ਨ ਸਮਰੱਥ 4.0 ਦੀ ਸ਼ੁਰੂਆਤ ਕੀਤੀ, ਜੋ ਸਿੱਖਿਆ ਵਿੱਚ ਆਲਮੀ ਪੱਧਰ ਦੀ ਉੱਤਮਤਾ ਲਿਆਉਣ ਵਾਲਾ ਪ੍ਰਮੁੱਖ ਬੁਨਿਆਦੀ ਸਿਖਲਾਈ ਪ੍ਰੋਗਰਾਮ ਹੈ। ਇਹ ਨਵੀਂ ਪਹਿਲ ਰਾਜ-ਵਿਆਪੀ ਹਾਜ਼ਰੀ ਟਰੈਕਿੰਗ ਪ੍ਰਣਾਲੀ ਦੀ ਸਹੂਲਤ ਦਿੰਦਾ ਹੈ, ਜਿਸ ਤਹਿਤ ਮਾਪਿਆਂ ਨੂੰ ਆਪਣੇ ਬੱਚੇ ਦੀ ਹਾਜ਼ਰੀ ਬਾਰੇ ਰੋਜ਼ਾਨਾ ਐਸ.ਐਮ.ਐਸ. ਪ੍ਰਾਪਤ ਹੋਣਗੇ। ਇਹ ਅਸਲ-ਸਮੇਂ ਦੀ ਜਵਾਬਦੇਹੀ ਅਤੇ ਕਲਾਸਰੂਮਾਂ ਵਿੱਚ ਸਿੱਖਣ ਲਈ ਨਿਰੰਤਰ ਸਾਕਾਰਾਤਕ ਮਾਹੌਲ ਵੱਲ ਬਦਲ ਰਹੇ ਪੰਜਾਬ ਦੀ ਪ੍ਰਤੀਕ ਹੈ। ਇਸਨੂੰ ਪੰਜਾਬ ਦੀ ਸਿੱਖਿਆ ਕ੍ਰਾਂਤੀ ਵਿੱਚ ਅਗਲੀ ਵੱਡੀ ਪੁਲਾਂਘ ਦੱਸਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ, ਜੋ ਪਹਿਲਾਂ ਹੀ ਪਰਖ (ਪ੍ਰਦਰਸ਼ਨ ਮੁਲਾਂਕਣ, ਸਮੀਖਿਆ, ਅਤੇ ਸੰਪੂਰਨ ਵਿਕਾਸ ਲਈ ਗਿਆਨ ਵਿਸ਼ਲੇਸ਼ਣ) ਸਰਵੇਖਣ ਵਿੱਚ ਪਹਿਲੇ ਸਥਾਨ 'ਤੇ ਹੈ, ਹੁਣ ਕਲਾਸਰੂਮ ਜਵਾਬਦੇਹੀ ਨੂੰ ਮਜ਼ਬੂਤ ਕਰਕੇ ਅਤੇ ਜਾਂਚੇ-ਪਰਖੇ ਸਿੱਖਿਆ ਅਭਿਆਸਾਂ ਨੂੰ ਵਰਤ ਕੇ ਉਸਾਰੂ ਨਤੀਜਿਆਂ ਵੱਲ ਵਧ ਰਿਹਾ ਹੈ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਿੱਖਿਆ ਬਜਟ ਵਧਾ ਕੇ 19,279 ਕਰੋੜ ਰੁਪਏ ਕਰ ਦਿੱਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਫੰਡ ਫਾਈਲਾਂ ਵਿੱਚ ਅਟਕੇ ਰਹਿਣ ਦੀ ਥਾਂ ਕਲਾਸਰੂਮਾਂ ਤੱਕ ਪਹੁੰਚਣ। ਇਸ ਨਾਲ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਤੋਂ ਲੈ ਕੇ ਨਤੀਜਿਆਂ ਤੱਕ ਸਾਰਥਕ ਤਬਦੀਲੀ ਆਵੇਗੀ। 'ਪਰਖ' ਰਾਸ਼ਟਰੀ ਸਰਵੇਖਣ 2024 ਵਿੱਚ ਪੰਜਾਬ ਦੇ ਸਿਖਰਲੇ ਸਥਾਨ ਦਾ ਹਵਾਲਾ ਦਿੰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਮਿਸ਼ਨ ਸਮਰੱਥ 2026-27 ਦੇ ਹਿੱਸੇ ਵਜੋਂ ਹਾਜ਼ਰੀ ਟਰੈਕਿੰਗ ਸਿਸਟਮ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਕਿਹਾ, "ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਦੀ ਹਾਜ਼ਰੀ ਬਾਰੇ ਰੋਜ਼ਾਨਾ ਐਸ.ਐਮ.ਐਸ. ਪ੍ਰਾਪਤ ਹੋਣਗੇ, ਹਰ ਗੈਰਹਾਜ਼ਰੀ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ, ਜਿਸਦਾ ਉਦੇਸ਼ ਨਿਯਮਤ ਹਾਜ਼ਰੀ, ਸਿੱਖਣ ਦੀ ਰੁਚੀ ਅਤੇ ਵੱਖ-ਵੱਖ ਗਤੀਵਿਧੀਆਂ ਵਿੱਚ ਬੱਚੇ ਦੀ ਸ਼ਮੂਲੀਅਤ ਨੂੰ ਵਧਾਉਣਾ ਹੈ। ਸੱਤ ਦਿਨਾਂ ਲਈ ਗੈਰਹਾਜ਼ਰ ਰਹਿਣ ਵਾਲੇ ਬੱਚੇ ਨੂੰ ਜ਼ਿਲ੍ਹਾ ਪੱਧਰੀ ਮਾਪਿਆਂ ਨਾਲ ਰਾਬਤਾ ਕੀਤਾ ਜਾਵੇਗਾ, ਜਦੋਂ ਕਿ 15 ਦਿਨਾਂ ਤੋਂ ਵੱਧ ਗੈਰਹਾਜ਼ਰ ਰਹਿਣ 'ਤੇ ਮਾਪਿਆਂ ਨੂੰ ਸੂਬੇ ਦੇ ਮੁੱਖ ਦਫਤਰ ਨਾਲ ਸੰਪਰਕ ਕਰਨਾ ਹੋਵੇਗਾ। ਇਹ ਸਿੱਖਣ ਦੀ ਨਿਰੰਤਰਤਾ ਅਤੇ ਬੱਚਿਆਂ ਦੀ ਸੁਰੱਖਿਆ ਦੋਵਾਂ ਨੂੰ ਯਕੀਨੀ ਬਣਾਏਗਾ। ਪ੍ਰੋਗਰਾਮ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਿੱਖਿਆ ਮੰਤਰੀ ਨੇ ਕਿਹਾ, "ਮਿਸ਼ਨ ਸਮਰੱਥ ਨੇ ਕਲਾਸਰੂਮ ਦੀ ਨੁਹਾਰ ਬਦਲ ਦਿੱਤੀ ਹੈ। ਇਹ ਪੜਾਅ ਹਾਜ਼ਰੀ ਟਰੈਕਿੰਗ, ਬਿਹਤਰ ਨਿਗਰਾਨੀ



ਅਤੇ ਵਧੀਆ ਅਭਿਆਸਾਂ ਨੂੰ ਸਾਂਝਾ ਕਰਕੇ ਸਿੱਖਿਆ ਦੇ ਮਿਆਰ ਅਤੇ ਜਵਾਬਦੇਹੀ ਨੂੰ ਵਧਾਉਣ 'ਤੇ ਕੇਂਦ੍ਰਿਤ ਹੈ। ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਬੱਚੇ ਲਈ ਬੁਨਿਆਦੀ ਸਿੱਖਿਆ ਦਾ ਆਧਾਰ ਮਜ਼ਬੂਤ ਹੋਵੇ।" ਆਪਣੀ ਕਾਮਯਾਬੀ ਦੇ ਸਫ਼ਰ ਬਾਰੇ ਦੱਸਦਿਆਂ ਉਨ੍ਹਾਂ ਅੱਗੇ ਕਿਹਾ, "ਮੈਂ ਇਸ ਜ਼ਿੰਮੇਵਾਰੀ (ਸਿੱਖਿਆ ਮੰਤਰੀ ਹੋਣ) ਲਈ ਧੰਨਵਾਦੀ ਹਾਂ। ਪਹਿਲਾਂ, ਹਰ ਵਿਧਾਇਕ ਮੰਤਰੀ ਬਣਨਾ ਚਾਹੁੰਦਾ ਸੀ, ਪਰ ਸਿੱਖਿਆ ਮੰਤਰੀ ਨਹੀਂ । ਪਰ ਮੇਰੇ ਲਈ ਇਹ ਇੱਕ ਪਸੰਦੀਦਾ ਕੰਮ ਰਿਹਾ ਹੈ।" ਪੰਜਾਬ ਸਰਕਾਰ ਦੇ ਸਿੱਖਿਆ ਵਿੱਚ ਨਿਵੇਸ਼ ਬਾਰੇ ਦੱਸਦਿਆਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 2021-22 ਵਿੱਚ ਸਿੱਖਿਆ ਬਜਟ 12,657 ਕਰੋੜ ਰੁਪਏ ਤੋਂ ਵਧਾ ਕੇ 2026-27 ਵਿੱਚ 19,279 ਕਰੋੜ ਰੁਪਏ ਕਰ ਦਿੱਤਾ, ਜੋ ਕਿ ਪੰਜਾਬ ਦੇ ਕਿਸੇ ਵੀ ਖੇਤਰ ਲਈ ਸਭ ਤੋਂ ਵੱਡੀ ਅਲਾਟਮੈਂਟ ਹੈ। ਇਹ ਪੈਸਾ ਸਿਰਫ਼ ਕਾਗਜ਼ਾਂ ਵਿੱਚ ਨਹੀਂ ਸਗੋਂ ਹਰ ਸਕੂਲ ਤੱਕ ਪਹੁੰਚ ਗਿਆ ਹੈ। ਪਿਛਲੀਆਂ ਸਰਕਾਰਾਂ ਦੌਰਾਨ ਅਧਿਆਪਕਾਂ ਨੂੰ ਪਖਾਨਿਆਂ ਦੀ ਮੁਰੰਮਤ ਕਰਨ ਜਾਂ ਝਾੜੂ ਖਰੀਦਣ ਲਈ ਦਾਨ ਇਕੱਠਾ ਕਰਨਾ ਪੈਂਦਾ ਸੀ ਪਰ, ਹੁਣ ਉਹ ਕਹਿੰਦੇ ਹਨ ਕਿ ਗ੍ਰਾਂਟ ਨਾ ਭੇਜੋ, ਅਸੀਂ ਪਿਛਲੀ ਗ੍ਰਾਂਟ ਵੀ ਪੂਰੀ ਤਰ੍ਹਾਂ ਖਰਚ ਨਹੀਂ ਕੀਤੀ।" ਉਨ੍ਹਾਂ ਭਗਵੰਤ ਮਾਨ ਸਰਕਾਰ ਦੇ ਸ਼ਾਸਨ ਦੌਰਾਨ ਸਕੂਲ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰਾਂ 'ਤੇ ਹੋਰ ਜ਼ੋਰ ਦਿੰਦਿਆਂ ਕਿਹਾ ਕਿ 500 ਤੋਂ ਵੱਧ ਵਿਦਿਆਰਥੀਆਂ ਵਾਲੇ ਹਰੇਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਹੁਣ ਇੱਕ ਸਮਰਪਿਤ ਕੈਂਪਸ ਮੈਨੇਜਰ ਹੈ, ਜਦੋਂ ਕਿ 100 ਤੋਂ ਵੱਧ ਵਿਦਿਆਰਥੀਆਂ ਵਾਲੇ ਸਕੂਲਾਂ ਨੂੰ ਸੁਰੱਖਿਆ ਗਾਰਡ ਅਤੇ ਸੈਨੀਟੇਸ਼ਨ ਸਟਾਫ ਪ੍ਰਦਾਨ ਕੀਤਾ ਗਿਆ ਹੈ। ਪਹਿਲਾਂ ਇਹ ਸਹੂਲਤਾਂ ਸਕੂਲਾਂ ਵਿੱਚ ਉਪਲਬਧ ਨਹੀਂ ਸਨ। ਅਕਾਦਮਿਕ ਸੁਧਾਰਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਹੁਣ ਵਿਦਿਆਰਥੀਆਂ ਨੂੰ ਸਮੇਂ ਸਿਰ ਹੁਣ ਪਾਠ-ਪੁਸਤਕਾਂ ਪਹੁੰਚਦੀਆਂ ਹਨ। ਉਨ੍ਹਾਂ ਅੱਗੇ ਕਿਹਾ, "ਪਹਿਲਾਂ, ਅਧਿਆਪਕ ਬੱਚਿਆਂ ਨੂੰ ਫੋਟੋਕਾਪੀ ਕਰਵਾ ਕੇ ਸਿਲੇਬਸ ਪੂਰਾ ਕਰਵਾਉਣ ਲਈ ਮਜਬੂਰ ਸਨ।

Contd..........page-3

# ਪੀ. ਜੀ. ਦੇ ਕਮਰੇ ’ਚੋਂ ਕੁੜੀ ਦੀ ਲਾਸ਼ ਬਰਾਮਦ, ਪੁਲਸ ਵਲੋਂ ਮਾਮਲੇ ਦੀ ਜਾਂਚ ਜਾਰੀ

**ਕੌਮੀ ਪਤ੍ਰਿਕਾ**

ਅਬੋਹਰ 9 ਅਪ੍ਰੈਲ। ਸਥਾਨਕ ਬੱਸ ਸਟੈਂਡ ਦੇ ਪਿੱਛੇ ਬੀਤੀ ਦੇਰ ਰਾਤ ਪੀ. ਜੀ. ਵਿੱਚ ਇੱਕ ਨੌਜਵਾਨ ਕੁੜੀ ਦੀ ਲਾਸ਼ ਫ਼ਾਹੇ ਨਾਲ ਲਟਕਦੀ ਮਿਲੀ। ਇਹ ਘਟਨਾ ਉਦੋਂ ਸਾਹਮਣੇ ਆਈ, ਜਦੋਂ ਕੁੜੀ ਦਾ ਇੱਕ ਜਾਣਕਾਰ ਰਾਤ 1:30 ਵਜੇ ਦੇ ਕਰੀਬ ਪੀ. ਜੀ. ਗਿਆ ਅਤੇ ਪੀ. ਜੀ. ਸੰਚਾਲਕਾਂ ਤੋਂ ਦਰਵਾਜ਼ਾ ਖੁੱਲ੍ਹਵਾਇਆ ਤਾਂ ਦੇਖਿਆ ਕਿ ਕੁੜੀ ਦੀ ਲਾਸ਼ ਫ਼ਾਹੇ ਨਾਲ ਲਟਕੀ ਹੋਈ ਸੀ। ਸੂਚਨਾ ਮਿਲਣ ’ਤੇ ਪੁਲਸ ਅਤੇ ਪਰਿਵਾਰਕ ਮੈਂਬਰ ਮੌਕੇ ’ਤੇ ਪਹੁੰਚੇ ਅਤੇ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਵਿੱਚ ਰੱਖ ਦਿੱਤਾ। ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਮ੍ਰਿਤਕਾ ਇੱਕ ਸਿਨੇਮਾ ਵਿੱਚ ਕੰਮ ਕਰਦੀ ਸੀ। ਜਾਣਕਾਰੀ ਅਨੁਸਾਰ ਅਰਨੀਵਾਲਾ ਵਾਸੀ 28 ਸਾਲਾ ਗੀਤਾ ਪੁੱਤਰੀ ਜੀਵਨ ਸਿੰਘ ਅਬੋਹਰ ਦੇ ਸਮਰ ਸਿਨੇਮਾ ਵਿੱਚ ਕੰਮ ਕਰਦੀ ਸੀ। ਕਰੀਬ ਇੱਕ ਸਾਲ ਤੋਂ ਬੱਸ ਅੱਡੇ ਦੇ ਪਿੱਛੇ ਬਣੇ ਪੀ. ਜੀ. ਵਿੱਚ ਰਹਿ ਰਹੀ ਸੀ। ਪੀ. ਜੀ. ਸੰਚਾਲਕ ਮੀਨੂੰ ਅਨੇਜਾ ਨੇ ਦੱਸਿਆ ਕਿ ਬੀਤੀ ਰਾਤ ਕਰੀਬ 1:30 ਵਜੇ ਅਚਾਨਕ ਦਰਵਾਜ਼ੇ ’ਤੇ ਦਸਤਕ ਹੋਈ। ਜਦੋਂ ਉਸਨੇ ਦਰਵਾਜ਼ਾ ਖੋਲ੍ਹਿਆ ਤਾਂ ਰਵੀ ਨਾਮਕ ਨੌਜਵਾਨ ਵਾਸੀ ਬਾਲਾ ਜੀ ਕਾਲੋਨੀ ਅਬੋਹਰ ਨੇ ਦੱਸਿਆ ਕਿ ਉਹ ਗੀਤਾ ਦਾ ਜਾਣਕਾਰ ਹੈ ਅਤੇ ਉਸਦੀ ਸਿਹਤ ਬੇਹੱਦ ਖ਼ਰਾਬ ਹੈ, ਇਸ ਲਈ ਜਲਦੀ ਦਰਵਾਜ਼ਾ ਖੋਲ੍ਹਣ। ਸੰਚਾਲਕ ਨੇ ਕਿਹਾ ਕਿ ਜਦੋਂ ਉਸਨੇ ਨੌਜਵਾਨ ਦੀਆਂ ਗੱਲਾਂ ’ਤੇ ਯਕੀਨ ਕਰ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਕਿ ਗੀਤਾ ਕਮਰੇ ’ਚ ਫ਼ਾਹੇ ’ਤੇ ਲਟਕੀ ਹੋਈ ਸੀ। ਉਸਨੇ ਤੁਰੰਤ ਕੁੜੀ ਦੇ ਪਰਿਵਾਰ ਅਤੇ ਪੁਲਸ ਨੂੰ ਸੂਚਿਤ ਕੀਤਾ, ਜੋ ਦੇਰ ਰਾਤ ਮੌਕੇ ’ਤੇ ਪਹੁੰਚੇ। ਸਿਟੀ ਪੁਲਸ ਸਟੇਸ਼ਨ ਨੰਬਰ-1 ਦੀ ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤਾ। ਮ੍ਰਿਤਕਾ ਦੇ ਪਰਿਵਾਰ ਨੇ ਮੀਡੀਆ ਨੂੰ ਗੀਤਾ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਕੋਈ ਵੀ ਪੁਲਸ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਪੀ. ਜੀ. ਸੰਚਾਲਕ ਮੀਨੂੰ ਆਹੂਜਾ ਨੇ ਦੱਸਿਆ ਕਿ ਕੁੜੀ ਕਰੀਬ ਇੱਕ ਸਾਲ ਤੋਂ ਆਪਣੇ ਪੀ. ਜੀ. ਵਿੱਚ



ਰਹਿ ਰਹੀ ਸੀ ਅਤੇ ਇੱਕ ਹਫ਼ਤਾ ਪਹਿਲਾਂ ਹੀ ਇੱਕ ਨਾਰਮਲ ਕਮਰੇ ਤੋਂ ਏਅਰ-ਕੰਡੀਸ਼ਨਡ ਕਮਰੇ ਵਿੱਚ ਚਲੀ ਗਈ ਸੀ। ਬੀਤੀ ਰਾਤ ਸਾਢੇ 9 ਵਜੇ, ਉਹ ਆਮ ਵਾਂਗ ਕੰਮ ਤੋਂ ਵਾਪਸ ਆਈ ਅਤੇ ਕਿਹਾ ਕਿ ਉਹ ਸੌਣ ਜਾ ਰਹੀ ਹੈ, ਉਸਨੂੰ ਬਾਹਰਲਾ ਗੇਟ ਬੰਦ ਕਰਨ ਲਈ ਕਿਹਾ। ਮੀਨੂੰ ਨੇ ਦੱਸਿਆ ਕਿ ਇਸ ਸਮੇਂ ਉਸਦੇ ਪੀ. ਜੀ. ਵਿੱਚ ਦੋ ਕੁੜੀਆਂ ਹਨ, ਬਾਕੀ ਛੁੱਟੀਆਂ ’ਤੇ ਹਨ। ਲਗਭਗ 1:30 ਵਜੇ ਗੀਤਾ ਦੇ ਜਾਣਕਾਰ ਰਵੀ ਨੇ ਦਰਵਾਜ਼ਾ ਖੜਕਾਇਆ ਸੀ, ਜਿਸਨੂੰ ਗੀਤਾ ਦੇ ਪਿਤਾ ਨੇ ਇਹ ਕਹਿ ਕੇ ਪਹਿਲਾਂ ਉਨ੍ਹਾਂ ਨੂੰ ਮਿਲਵਾਇਆ ਸੀ ਕਿ ਰਵੀ ਉਨ੍ਹਾਂ ਦਾ ਜਾਣਕਾਰ ਹੈ। ਇਸ ਲਈ ਉਨ੍ਹਾਂ ਨੇ ਦਰਵਾਜ਼ਾ ਰਾਤ ਨੂੰ ਖੋਲ੍ਹ ਦਿੱਤਾ। ਫਿਲਹਾਲ ਥਾਣਾ ਇੰਚਾਰਜ ਮਨਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਸੂਚਨਾ ਮਿਲਣ ’ਤੇ ਸਹਾਇਕ ਸਬ-ਇੰਸਪੈਕਟਰ ਲਾਲਚੰਦ ਅਤੇ ਪੁਲਸ ਟੀਮ ਨੇ ਲਾਸ਼ ਨੂੰ ਮੁਰਦਾਘਰ ਵਿੱਚ ਰਖਵਾ ਦਿੱਤਾ।

### ਖ਼ਰੀਦ ਰਿਕਾਰਡ ਨਾ ਦਿਖਾਉਣ ’ਤੇ ਡਰੱਗ ਵਿਭਾਗ ਨੇ ਜ਼ਬਤ ਕੀਤੀਆਂ 47,000 ਤੋਂ ਵੱਧ ਦੀਆਂ ਦਵਾਈਆਂ

ਲੁਧਿਆਣਾ 9 ਅਪ੍ਰੈਲ। ਸਿਹਤ ਵਿਭਾਗ ਦੇ ਡਰੱਗ ਕੰਟਰੋਲ ਵਿਭਾਗ ਵੱਲੋਂ ਇੱਕ ਗੁਪਤ ਸੂਚਨਾ ਦੇ ਆਧਾਰ ’ਤੇ ਕਨੇਜਾ ਖੇਤਰ ਵਿੱਚ ਸਥਿਤ ਇੱਕ ਮੈਡੀਕਲ ਸਟੋਰ ’ਤੇ ਛਾਪੇਮਾਰੀ ਕੀਤੀ ਗਈ। ਇਹ ਕਾਰਵਾਈ ਡਰੱਗਜ਼ ਕੰਟਰੋਲ ਅਫ਼ਸਰ, ਲੁਧਿਆਣਾ-3 ਵੱਲੋਂ ਡਰੱਗਜ਼ ਐਂਡ ਕਾਸਮੈਟਿਕਸ ਐਕਟ, 1940 ਅਤੇ ਇਸ ਦੇ ਤਹਿਤ ਬਣਾਏ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕੀਤੀ ਗਈ। ਨਿਰੀਖਣ ਦੌਰਾਨ ਫਰਮ ਕੋਲੋਂ ਨੌਂ ਕਿਸਮਾਂ ਦੀਆਂ ਐਲੋਪੈਥਿਕ ਦਵਾਈਆਂ ਸਟਾਕ ਵਿੱਚ ਪਾਈਆਂ ਗਈਆਂ। ਹਾਲਾਂਕਿ, ਫਰਮ ਵੱਲੋਂ ਇਨ੍ਹਾਂ ਦਵਾਈਆਂ ਦਾ ਜ਼ਰੂਰੀ ਖਰੀਦ ਰਿਕਾਰਡ ਪੇਸ਼ ਨਹੀਂ ਕੀਤਾ ਗਿਆ, ਜੋ ਕਿ ਡਰੱਗਜ਼ ਐਂਡ ਕਾਸਮੈਟਿਕਸ ਐਕਟ ਦੇ ਤਹਿਤ ਲਾਜ਼ਮੀ ਹੈ। ਇਸ ਉਲੰਘਣਾ ਨੂੰ ਦੇਖਦੇ ਲਗਭਗ 47,640/- ਦੀ ਕੀਮਤ ਦੀਆਂ ਦਵਾਈਆਂ ਨੂੰ ਮੌਕੇ ’ਤੇ ਹੀ ਡਰੱਗਜ਼ ਐਂਡ ਕਾਸਮੈਟਿਕਸ ਐਕਟ 1940 ਦੇ ਸਬੰਧਤ ਉਪਬੰਧਾਂ ਤਹਿਤ ਜ਼ਬਤ ਕਰ ਲਿਆ ਗਿਆ। ਡਰੱਗਜ਼ ਕੰਟਰੋਲ ਅਫ਼ਸਰ ਲੁਧਿਆਣਾ-3 ਨਵਦੀਪ ਸੰਧੂ ਨੇ ਦੱਸਿਆ ਕਿ ਅਜਿਹੀਆਂ ਕਾਰਵਾਈਆਂ ਅੱਗੇ ਵੀ ਜਾਰੀ ਰਹਿਣਗੀਆਂ ਤੇ ਐਕਟ ਦੀ ਉਲੰਘਣਾ ਕਰਨ ਵਾਲਿਆਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਨਸ਼ੇ ਵਾਲੇ ਪਦਾਰਥਾਂ ਸਣੇ 10 ਵਿਅਕਤੀ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਮਾਨਸਾ 9 ਅਪ੍ਰੈਲ। ਮਾਨਸਾ ਪੁਲਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਕਾਰਵਾਈ ਕਰਦੇ ਹੋਏ ਵੱਖ-ਵੱਖ ਥਾਣਿਆਂ ’ਚ 05 ਮੁਕੱਦਮੇ ਦਰਜ ਕਰ ਕੇ 10 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਕੋਲੋਂ 118 ਗ੍ਰਾਮ ਹੈਰੋਇਨ, 62 ਕਿਲੋਗ੍ਰਾਮ ਭੁੱਕੀ ਚੂਰਾ-ਪੋਸਤ ਸਮੇਤ ਟਰੱਕ, ਗੱਡੀ ਸਵਿਫਟ ਅਤੇ 100 ਲੀਟਰ ਲਾਹਣ ਬਰਾਮਦ ਕਰਨ ’ਚ ਸਫ਼ਲਤਾ ਹਾਸਲ ਕੀਤੀ ਗਈ ਹੈ। ਸੀਨੀਅਰ ਕਪਤਾਨ ਪੁਲਸ ਮਾਨਸਾ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਹੈ ਕਿ ਥਾਣਾ ਜੋਗਾ ’ਚ ਸੀ. ਆਈ. ਏ. ਸਟਾਫ ਦੀ ਪੁਲਸ ਟੀਮ ਨੇ ਫਰੀਦ ਸਿੰਘ ਪੁੱਤਰ ਭੀਮ ਸਿੰਘ ਵਾਸੀ ਵਾਰਡ ਨੰਬਰ 01 ਆਸ਼ਾ ਪੱਤੀ ਬੈਕਸਾਈਡ ਮਿਲਣ ਪੈਲੇਸ ਮੌੜ ਮੰਡੀ ਹਾਲ ਆਬਾਦ ਪੀਰਕੋਟ ਕੋਲੋਂ 08 ਗ੍ਰਾਮ ਹੈਰੋਇਨ ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਜੋਗਾ ਤਹਿਤ ਦਰਜ ਕਰ ਕੇ ਜਾਂਚ ਅਮਲ ਵਿਚ ਲਿਆਂਦੀ। ਥਾਣਾ ਬੋਹਾ ’ਚ ਸੀ. ਆਈ. ਏ. ਸਟਾਫ ਦੀ ਪੁਲਸ ਟੀਮ ਨੇ ਰੋਹਿਤ ਕੁਮਾਰ ਪੁੱਤਰ ਰਮੇਸ਼ ਕੁਮਾਰ, ਰੋਬਿਨ ਸ਼ਰਮਾ ਉਰਫ਼ ਰਿੰਕੂ ਪੁੱਤਰ ਰਮੇਸ਼ ਕੁਮਾਰ ਵਾਸੀ ਵਾਰਡ ਨੰਬਰ 03, ਨੇੜੇ ਸਿਵਲ ਲਾਈਨ ਬੁਢਲਾਡਾ, ਜਗਸੀਰ ਸਿੰਘ ਉਰਫ ਬਿੰਨੀ ਪੁੱਤਰ ਗੁਰਨਾਮ ਸਿੰਘ ਵਾਸੀ ਬੱਛੋਆਣਾ ਅਤੇ ਸੁਖਵਿੰਦਰ ਸਿੰਘ ਉਰਫ਼ ਕੱਦੂ ਪੁੱਤਰ ਸੁਖਦੇਵ ਸਿੰਘ ਵਾਸੀ ਮੰਢਾਲੀ ਕੋਲੋਂ 32 ਕਿਲੋਗ੍ਰਾਮ ਭੁੱਕੀ ਚੂਰਾ-ਪੋਸਤ ਸਮੇਤ 02 ਟਰੱਕ ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਬੋਹਾ ਦਰਜ ਕਰ ਲਿਆ ਹੈ। ਥਾਣਾ ਭੀਖੀ ਦੀ ਪੁਲਸ ਟੀਮ ਨੇ ਸੇਵਕ ਸਿੰਘ ਪੁੱਤਰ ਸੁਖਦੇਵ ਸਿੰਘ, ਜਗਸੀਰ ਸਿੰਘ ਉਰਫ ਜੱਗੀ ਪੁੱਤਰ ਗੁਰਚਰਨ ਸਿੰਘ ਵਾਸੀ ਗੁਰਨੇ ਕਲਾਂ ਕੋਲੋਂ 30 ਕਿਲੋਗ੍ਰਾਮ ਭੁੱਕੀ ਚੂਰਾ-ਪੋਸਤ ਸਮੇਤ ਗੱਡੀ ਸਵਿੱਫਟ ਬਰਾਮਦ ਹੋਣ ’ਤੇ ਮੁਕੱਦਮਾ ਕੀਤਾ ਹੈ। ਥਾਣਾ ਸਦਰ ਮਾਨਸਾ ’ਚ ਸੀ. ਆਈ. ਏ. ਸਟਾਫ਼ ਮਾਨਸਾ ਦੀ ਪੁਲਸ ਟੀਮ ਨੇ



ਬਾਵਾ ਸਿੰਘ ਉਰਫ਼ ਮੰਗੀ ਪੁੱਤਰ ਜਰਨੈਲ ਸਿੰਘ, ਗੁਰਵਿੰਦਰ ਸਿੰਘ ਉਰਫ਼ ਗੁਰੀ ਪੁੱਤਰ ਜਗਜੀਤ ਸਿੰਘ ਵਾਸੀ ਨੰਗਲ ਕਲਾਂ ਕੋਲੋਂ 110 ਗ੍ਰਾਮ ਹੈਰੋਇਨ ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਸਦਰ ਮਾਨਸਾ ਅਤੇ ਥਾਣਾ ਦੀ ਪੁਲਸ ਟੀਮ ਨੇ ਗੁਰਸ਼ਵਨੀਤ ਸਿੰਘ ਪੁੱਤਰ ਜਸਪ੍ਰੀਤ ਸਿੰਘ ਵਾਸੀ ਠੂਠਿਆਂਵਾਲੀ ਕੋਲੋਂ 100 ਲੀਟਰ ਲਾਹਣ ਬਰਾਮਦ ਹੋਣ ’ਤੇ ਮੁਕੱਦਮਾ ਥਾਣਾ ਸਦਰ ਮਾਨਸਾ ਅਤੇ ਤਹਿਤ ਦਰਜ ਕਰ ਲਿਆ ਹੈ।

# ਬੇਸਹਾਰਾ ਗਊਆਂ ਦਾ ਵੱਧਦਾ ਸੰਕਟ, ਸੜਕ ਹਾਦਸਿਆਂ ਤੇ ਫ਼ਸਲਾਂ ਦੇ ਨੁਕਸਾਨ ਤੋਂ ਲੋਕ ਪਰੇਸ਼ਾਨ

ਕੋਟ ਈਸੇ ਖਾਂ 9 ਅਪ੍ਰੈਲ। ਭਾਰਤ ’ਚ ਗਾਂ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ ਅਤੇ ਧਾਰਮਿਕ ਤੌਰ ’ਤੇ ਉਸ ਦੀ ਪੂਜਾ ਕੀਤੀ ਜਾਂਦੀ ਹੈ, ਪਰ ਹਕੀਕਤ ’ਚ ਬੇਸਹਾਰਾ ਗਊਆਂ ਦੀ ਦਸ਼ਾ ਕਾਫੀ ਦੁਖਦਾਈ ਬਣੀ ਹੋਈ ਹੈ। ਇਕ ਪਾਸੇ ਸਰਕਾਰ ਵੱਲੋਂ ਗਊ ਸੈੱਸ ਦੇ ਨਾਂ ’ਤੇ ਲੋਕਾਂ ਤੋਂ ਟੈਕਸ ਇਕੱਠਾ ਕੀਤਾ ਜਾ ਰਿਹਾ ਹੈ, ਜਦੋਂ ਕਿ ਦੂਜੇ ਪਾਸੇ ਸੜਕਾਂ, ਗਲੀਆਂ ਅਤੇ ਖੇਤਾਂ ’ਚ



ਘੁੰਮ ਰਹੀਆਂ ਆਵਾਰਾ ਗਊਆਂ ਦੀ ਸੰਭਾਲ ਲਈ ਕੋਈ ਢੁੱਕਵਾਂ ਪ੍ਰਬੰਧ ਨਹੀਂ ਦਿੱਸਦਾ। ਇਹ ਮਸਲਾ ਹੁਣ ਗੰਭੀਰ ਸਮਾਜਿਕ ਅਤੇ ਆਰਥਿਕ ਚਿੰਤਾ ਦਾ ਰੂਪ ਧਾਰ ਚੁੱਕਾ ਹੈ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਬਹਿਰਾਮਕੇ ਨੇ ਕੀਤਾ। ਉਨ੍ਹਾਂ ਕਿਹਾ ਕਿ ਆਮ ਤੌਰ ’ਤੇ ਪਸ਼ੂ ਪਾਲਕ ਗਾਂ ਤੋਂ ਦੁੱਧ ਲੈਣ ਤੋਂ ਬਾਅਦ ਉਸ ਦੀ ਸੰਭਾਲ ਕਰਨ ਦੀ ਬਜਾਏ ਉਸ ਨੂੰ ਡਾਂਗਾਂ ਅਤੇ ਸੋਟਿਆਂ ਨਾਲ ਮਾਰ ਕੇ ਘਰੋਂ ਕੱਢ ਦਿੰਦੇ ਹਨ। ਇਸ ਤਰ੍ਹਾਂ ਬੇਸਹਾਰਾ ਹੋਈਆਂ ਗਊਆਂ ਗਲੀਆਂ, ਬਾਜ਼ਾਰਾਂ ਅਤੇ ਸੜਕਾਂ ’ਤੇ ਆਵਾਰਾ ਘੁੰਮਣ ਲਈ ਮਜਬੂਰ ਹੋ ਜਾਂਦੀਆਂ ਹਨ। ਉਨ੍ਹਾਂ ਹੋਰ ਦੱਸਿਆ ਕਿ ਬੁੱਢੀਆਂ ਅਤੇ ਫੰਡਰ ਗਊਆਂ, ਜਿਨ੍ਹਾਂ ਤੋਂ ਦੁੱਧ ਦੀ ਕੋਈ ਉਮੀਦ ਨਹੀਂ ਰਹਿੰਦੀ, ਉਨ੍ਹਾਂ ਦੀ ਸੰਭਾਲ ਕਰਨ ਲਈ ਕੋਈ ਵੀ ਤਿਆਰ ਨਹੀਂ ਹੁੰਦਾ। ਨਤੀਜੇ ਵਜੋਂ ਇਹ ਪਸ਼ੂ ਆਮ ਲੋਕਾਂ ਅਤੇ ਕਿਸਾਨਾਂ ਲਈ ਵੱਡੀ ਸਮੱਸਿਆ ਬਣ ਰਹੇ ਹਨ। ਸੜਕਾਂ ’ਤੇ ਅਚਾਨਕ ਆ ਜਾਣ ਵਾਲੀਆਂ ਗਊਆਂ ਕਾਰਨ ਹਾਦਸੇ ਵਾਪਰ ਰਹੇ ਹਨ, ਜਿਨ੍ਹਾਂ ’ਚ ਕਈ ਲੋਕਾਂ ਦੀਆਂ ਜਾਨਾਂ ਚਲੀ ਜਾਂਦੀਆਂ ਹਨ ਜਾਂ ਉਹ ਸਦੀਵੀਂ ਅਪਾਹਜਤਾ ਦਾ ਸ਼ਿਕਾਰ ਹੋ ਜਾਂਦੇ ਹਨ। ਸੜਕ ਹਾਦਸਿਆਂ ਤੋਂ ਇਲਾਵਾ ਆਵਾਰਾ ਪਸ਼ੂ ਖੇਤੀਬਾੜੀ ਲਈ ਵੀ ਵੱਡਾ ਖਤਰਾ ਬਣੇ ਹੋਏ ਹਨ। ਖੇਤਾਂ ਵਿਚ ਦਾਖਲ ਹੋ ਕੇ ਇਹ ਖੜ੍ਹੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿਸ ਨਾਲ ਕਿਸਾਨਾਂ ਦੀ ਮਿਹਨਤ ਮਿੱਟੀ ’ਚ ਮਿਲ ਜਾਂਦੀ ਹੈ। ਕਈ ਵਾਰ ਇਸ ਕਾਰਨ ਗੁਆਂਢੀ ਕਿਸਾਨਾਂ ’ਚ ਝਗੜੇ ਵੀ ਹੋ ਜਾਂਦੇ ਹਨ, ਜੋ ਸਮਾਜਿਕ ਤਣਾਅ ਨੂੰ ਵਧਾਉਂਦੇ ਹਨ।

## ਲੁਧਿਆਣਾ ’ਚ ਫੂਡ ਸੇਫਟੀ ਟੀਮ ਦੀ ਵੱਡੀ ਕਾਰਵਾਈ: ਕਈ ਨਾਮੀ ਫਾਸਟ ਫੂਡ ਆਊਟਲੈੱਟਸ ’ਤੇ ਕੀਤੀ ਛਾਪੇਮਾਰੀ

ਲੁਧਿਆਣਾ 9 ਅਪ੍ਰੈਲ। ਫੂਡ ਸੇਫਟੀ ਟੀਮ ਲੁਧਿਆਣਾ ਵੱਲੋਂ ਜ਼ਿਲਾ ਸਿਹਤ ਅਧਿਕਾਰੀ ਦੀ ਅਗਵਾਈ ਹੇਠ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਫਾਸਟ ਫੂਡ ਆਊਟਲੈੱਟਸ ਤੇ ਰੈਸਟੋਰੈਂਟਾਂ ਦੀ ਵਿਸ਼ੇਸ਼ ਜਾਂਚ ਕੀਤੀ ਗਈ। ਜਾਣਕਾਰੀ ਦਿੰਦਿਆਂ ਡਾ. ਅਸ਼ੀਸ਼ ਚਾਵਲਾ ਨੇ ਦੱਸਿਆ ਕਿ ਟੀਮ ਵੱਲੋਂ ਮਾਡਲ ਟਾਊਨ, ਸ਼ਾਸਤਰੀ ਨਗਰ, ਇਸ਼ਮੀਤ ਚੌਂਕ ਅਤੇ ਟਿਊਸ਼ਨ ਮਾਰਕੀਟ ਇਲਾਕਿਆਂ ਵਿੱਚ ਕਈ ਫੂਡ ਆਊਟਲੈੱਟਸ ਦੀ ਜਾਂਚ ਕੀਤੀ ਗਈ। ਇਹ ਮੁਹਿੰਮ ਰੁਟੀਨ ਸਰਵੇਲੈਂਸ ਦਾ ਹਿੱਸਾ ਹੈ ਜਿਸ ਦਾ ਮਕਸਦ ਖਾਧ ਪਦਾਰਥਾਂ ਦੀ ਗੁਣਵੱਤਾ ਤੇ ਸਫ਼ਾਈ ਦੇ ਮਿਆਰਾਂ ਨੂੰ ਯਕੀਨੀ ਬਣਾਉਣਾ



ਹੈ। ਜਾਂਚ ਦੌਰਾਨ ਟੀਮ ਵੱਲੋਂ ਪਿਜ਼ਾ ਸੌਸ, ਕ੍ਰੀਮ, ਵਰਤਿਆ ਹੋਇਆ ਕੂਕਿੰਗ ਆਇਲ, ਵੇਜ ਬੁਲੇਟਸ ਅਤੇ ਗ੍ਰੇਵੀ ਦੇ ਸੈਂਪਲ ਇਕੱਠੇ ਕੀਤੇ ਗਏ। ਇਹ ਪਦਾਰਥ ਫਾਸਟ ਫੂਡ ਤਿਆਰ ਕਰਨ ਵਿੱਚ ਵੱਧ ਵਰਤੇ ਜਾਂਦੇ ਹਨ, ਇਸ ਲਈ ਇਨ੍ਹਾਂ ਦੀ ਜਾਂਚ ਬਹੁਤ ਜ਼ਰੂਰੀ ਮੰਨੀ ਜਾਂਦੀ ਹੈ। ਡਾ. ਚਾਵਲਾ ਨੇ ਦੱਸਿਆ ਕਿ ਸਾਰੇ ਸੈਂਪਲ ਠੀਕ ਤਰੀਕੇ ਨਾਲ ਸੀਲ ਕਰਕੇ ਪ੍ਰਮਾਣਿਤ ਲੈਬੋਰਟਰੀ ਵਿੱਚ ਜਾਂਚ ਲਈ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਲੈਬ ਰਿਪੋਰਟਾਂ ਦੇ ਆਧਾਰ ‘ਤੇ ਅਗਲੀ ਕਾਰਵਾਈ ਨਿਯਮਾਂ ਅਨੁਸਾਰ ਕੀਤੀ ਜਾਵੇਗੀ।

## ਅੰਡੇਮਾਨ ਟਾਪੂ ’ਚ ਦੇਖਿਆ ਗਿਆ ਆਸਟਰੇਲੀਆਈ ਪੰਛੀ !

ਨੈਸ਼ਨਲ ਡੈਸਕ 9 ਅਪ੍ਰੈਲ। ਦੱਖਣੀ ਆਸਟ?ਰੇਲੀਆ ਦੇ ਇਕ ਤਟੀ ਪੰਛੀ ਨੂੰ ਅੰਡੇਮਾਨ ਨਿਕੋਬਾਰ ਟਾਪੂ ਦੇ ਦੂਰ-ਦੁਰਾਡੇ ਨਾਰਕੋਂਡਮ ਟਾਪੂ ’ਚ ਦੇਖਿਆ ਗਿਆ, ਜੋ 7,472 ਕਿਲੋਮੀਟਰ ਤੋਂ ਵੱਧ ਦੀ ਦੂਰੀ ਤੈਅ ਕਰ ਕੇ ਪਹੁੰਚਿਆ ਹੈ। ਇਕ ਮਾਹਿਰ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਮੁੰਬਈ ਸਥਿਤ ‘ਬਾਂਬੇ ਨੈਚੁਰਲ ਹਿਸਟਰੀ ਸੁਸਾਇਟੀ’ ਦੇ ਸਾਬਕਾ ਸਹਾਇਕ ਡਾਇਰੈਕਟਰ ਅਤੇ ਪੰਛੀ ਵਿਗਿਆਨੀ ਡਾ. ਰਾਜੂ ਕਾਸੰਬੇ ਨੇ ਦੱਸਿਆ ਕਿ ਅੰਡੇਮਾਨ ਪੁਲਸ ਦੇ ਏ. ਐੱਸ. ਆਈ. ਥਿਕੰਨਾ ਨੇ ਟਾਪੂ ’ਤੇ ਤਾਇਨਾਤੀ ਦੌਰਾਨ ਸੈਂਡਰਲਿੰਗ ਪੰਛੀ ਦੀ ਤਸਵੀਰ ਖਿੱਚੀ ਸੀ। ਬਾਅਦ ’ਚ ਇਹ ਪੁਸ਼ਟੀ ਹੋਈ ਕਿ ਪੰਛੀ ਆਸਟ?ਰੇਲੀਆ ’ਚ ਆਪਣੇ ‘ਟੈਗਿੰਗ’ ਸਥਾਨ ਤੋਂ 7,472 ਕਿਲੋਮੀਟਰ ਦੀ ਦੂਰੀ ਤੈਅ ਕਰ ਕੇ ਨਾਰਕੋਂਡਮ ਟਾਪੂ ’ਚ ਪਹੁੰਚਿਆ ਹੈ। ਸੈਂਡਰਲਿੰਗ ਇਕ ਛੋਟਾ ਤਟੀ ਜਲ-ਪੰਛੀ ਹੈ, ਜੋ ਮੁੱਖ ਤੌਰ ’ਤੇ ਸਮੁੰਦਰ ਦੇ ਕੰਢਿਆਂ ’ਤੇ ਪਾਇਆ ਜਾਂਦਾ ਹੈ।

# ਮਾਲਕ ’ਤੇ ਹਮਲਾ ਕਰ ਕੇ 8 ਲੱਖ ਦੀ ਨਕਦੀ ਲੈ ਕੈ ਭੱਜ ਗਿਆ ਡਰਾਈਵਰ

ਫਰੀਦਕੋਟ 9 ਅਪ੍ਰੈਲ। ਥਾਣਾ ਸਦਰ ਫਰੀਦਕੋਟ ਦੀ ਪੁਲਸ ਵੱਲੋਂ ਇਕ ਗੰਭੀਰ ਲੁੱਟ ਦੇ ਮਾਮਲੇ ’ਚ ਕਾਰਵਾਈ ਕਰਦਿਆਂ ਮੁਲਜ਼ਮ ਡਰਾਈਵਰ ਖ਼?ਲਾਫ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਦੀ ਪਛਾਣ ਸੁਖਵਿੰਦਰ ਸਿੰਘ ਉਰਫ਼ ਕਾਲਾ ਵਾਸੀ ਪਿੰਡ ਘੁਮਿਆਰਾ, ਜ਼ਿਲ੍ਹਾ ਫਰੀਦਕੋਟ ਵਜੋਂ ਹੋਈ ਹੈ, ਜੋ ਘਟਨਾ ਤੋਂ ਬਾਅਦ ਤੋਂ ਫਰਾਰ ਦੱਸਿਆ ਜਾ ਰਿਹਾ ਹੈ। ਪੁਲਸ ਤੋਂ ਮਿਲੀ ਜਾਣਕਾਰੀ ਮੁਤਾਬਕ ਸ਼ਿਕਾਇਤਕਰਤਾ ਅਨੀਸ ਅਹਿਮਦ ਵਾਸੀ ਜ਼ਿਲਾ ਸਹਾਰਨਪੁਰ (ਯੂ. ਪੀ.) ਆਪਣੇ ਸਾਥੀ ਅਜੀਮ ਉਰਫ਼ ਸ਼ੱਬੂ ਨਾਲ ਮੱਝਾਂ ਦੀ ਖਰੀਦ-ਫਰੋਖਤ ਦਾ ਕੰਮ ਕਰਦਾ ਹੈ। 3 ਅਪ੍ਰੈਲ ਨੂੰ ਉਹ ਮੱਝਾਂ ਵੇਚ ਕੇ ਕਰੀਬ 8 ਲੱਖ ਰੁਪਏ ਨਕਦ ਲੈ ਕੇ ਕੈਂਟਰ ਰਾਹੀਂ ਫਰੀਦਕੋਟ ਵੱਲ ਆਪਣੇ ਘਰ ਭੋਲੂਵਾਲਾ ਰੋਡ ਆ ਰਹੇ ਸਨ। ਪੈਸਿਆਂ ਵਾਲਾ ਬੈਗ ਸ਼ਿਕਾਇਤਕਰਤਾ ਕੋਲ ਸੀ ਅਤੇ ਕੈਂਟਰ ਮੁਲਜ਼ਮ ਡਰਾਈਵਰ ਚਲਾ ਰਿਹਾ ਸੀ। ਰਸਤੇ ਦੌਰਾਨ ਸ਼ਿਕਾਇਤਕਰਤਾ ਨੂੰ ਨੀਂਦ ਆਉਣ ਕਾਰਨ ਉਹ ਸੌਂ ਗਿਆ ਅਤੇ ਉਸ ਨੇ ਪੈਸਿਆਂ ਵਾਲਾ ਬੈਗ ਆਪਣੇ ਸਿਰ ਹੇਠਾਂ ਰੱਖ ਲਿਆ। ਇਸ ਦੌਰਾਨ ਮੁਲਜ਼ਮ ਡਰਾਈਵਰ ਨੇ ਮੌਕਾ ਵੇਖ ਕੇ ਬੈਗ ਖਿੱਚਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਸ਼ਿਕਾਇਤਕਰਤਾ ਦੀ ਅੱਖ ਖੁੱਲ੍ਹ ਗਈ। ਜਦ ਕੈਂਟਰ ਪਿੰਡ ਪਿਪਲੀ ਨੇੜੇ ਪਹੁੰਚਿਆ ਤਾਂ ਮੁਲਜ਼ਮ ਨੇ ਕੈਂਟਰ ਸੜਕ ਕਿਨਾਰੇ ਰੋਕ ਲਿਆ ਅਤੇ ਸ਼ਿਕਾਇਤਕਰਤਾ ਦੇ ਸਿਰ ’ਤੇ ਪਾਨੇ ਨਾਲ ਵਾਰ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਇਸ ਤੋਂ ਬਾਅਦ ਉਹ ਪੈਸਿਆਂ ਵਾਲਾ ਬੈਗ ਲੈ ਕੇ ਕੈਂਟਰ ਮੌਕੇ ’ਤੇ ਹੀ ਛੱਡ ਕੇ ਫਰਾਰ ਹੋ ਗਿਆ। ਘਟਨਾ ਦੀ ਸੂਚਨਾ ਮਿਲਣ ’ਤੇ ਪੁਲਸ ਮੌਕੇ ’ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਵੱਲੋਂ ਮੁਲਜ਼ਮ ਦੇ ਖ਼?ਲਾਫ ਸਬੰਧਤ ਧਾਰਾਵਾਂ ਹੇਠ ਮਾਮਲਾ ਦਰਜ ਕਰ ਕੇ ਉਸ ਦੀ ਗ੍ਰਿਫਤਾਰੀ ਲਈ ਵੱਖ-ਵੱਖ ਥਾਵਾਂ ’ਤੇ ਛਾਪੇਮਾਰੀ ਕੀਤੀ ਜਾ ਰਹੀ ਹੈ।

# ਸ਼ਿਮਲਾ ਪੁਲਸ ਦੀ ਵੱਡੀ ਕਾਰਵਾਈ: ਹਰਿਆਣਾ ਦੇ 5 ਨੌਜਵਾਨ 94 ਗ੍ਰਾਮ ਚਿੱਟੇ ਸਮੇਤ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਸ਼ਿਮਲਾ 9 ਅਪ੍ਰੈਲ। ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ’ਚ ਨਸ਼ਾ ਤਸਕਰਾਂ ਦੇ ਖ਼?ਲਾਫ਼ ਪੁਲਸ ਨੇ ਇਕ ਹੋਰ ਵੱਡੀ ਸਫਲਤਾ ਹਾਸਲ ਕੀਤੀ ਹੈ। ਸ਼ਿਮਲਾ ਪੁਲਸ ਦੀ ਸਪੈਸ਼ਲ ਸੈੱਲ ਟੀਮ ਨੇ ਗੁਪਤ ਸੂਚਨਾ ਦੇ ਆਧਾਰ ’ਤੇ ਕਾਰਵਾਈ ਕਰਦੇ ਹੋਏ ਤਾਰਾਦੇਵੀ-ਟੂਟੂ ਬਾਈਪਾਸ ਖੇਤਰ ’ਚ ਹਰਿਆਣਾ ਦੇ 56 ਨੌਜਵਾਨਾਂ ਨੂੰ 94 ਗ੍ਰਾਮ ਚਿੱਟੇ (ਹੀਰੋਇਨ) ਦੇ ਨਾਲ ਕਾਬੂ ਕੀਤਾ ਹੈ। ਫੜੇ ਗਏ ਸਾਰੇ ਮੁਲਜ਼ਮ ਹਰਿਆਣਾ ਦੇ ਸੋਨੀਪਤ ਅਤੇ ਝੱਜਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ, ਜੋ ਇਕ ਕਾਰ ’ਚ ਨਸ਼ਾ ਲੈ ਕੇ ਸ਼ਿਮਲਾ ਵੱਲ ਆ ਰਹੇ ਸਨ। ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ, ਵਿਸ਼ੇਸ਼ ਜਾਂਚ ਟੀਮ ਨੂੰ 19 ਮਾਰਚ 2026 ਨੂੰ ਨਸ਼ੇ ਦੀ ਇਕ ਵੱਡੀ ਖੇਪ ਆਉਣ ਦੀ ਸੂਚਨਾ ਮਿਲੀ ਸੀ। ਇਸ ’ਤੇ ਤੁਰੰਤ ਕਾਰਵਾਈ ਕਰਦੇ ਹੋਏ ਟੀਮ ਨੇ ਤਾਰਾਦੇਵੀ ਜ਼ੀਰੋ ਪੁਆਇੰਟ ਤੋਂ ਲਗਭਗ 100 ਮੀਟਰ ਅੱਗੇ ਟੂਟੂ ਬਾਈਪਾਸ ਰੋਡ ’ਤੇ ਨਾਕਾਬੰਦੀ ਕੀਤੀ। ਇਸ ਦੌਰਾਨ ਇਕ ਕਾਲੇ ਰੰਗ ਦੀ ਸਵਿਫਟ ਕਾਰ ਨੂੰ ਤਲਾਸ਼ੀ ਲਈ ਰੋਕਿਆ ਗਿਆ, ਜਿਸ ’ਚ ਸਵਾਰ 5 ਵਿਅਕਤੀਆਂ ਕੋਲੋਂ



94 ਗ੍ਰਾਮ ਪ੍ਰਤਿਬੰਧਿਤ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਨੇ ਤੁਰੰਤ ਨਸ਼ਾ ਅਤੇ ਵਾਹਨ ਨੂੰ ਕਬਜ਼ੇ ਵਿੱਚ ਲੈ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਅੰਜਿਤ (34), ਨਿਵਾਸੀ ਝੱਜਰ, ਇਰਫਾਨ (38), ਨਿਵਾਸੀ ਝੱਜਰ, ਮੁਕੇਸ਼ (47), ਨਿਵਾਸੀ ਝੱਜਰ, ਨਰਿੰਦਰ (38), ਨਿਵਾਸੀ ਸੋਨੀਪਤ ਰਵੀਕਾਂਤ (30), ਨਿਵਾਸੀ ਸੋਨੀਪਤ ਵਜੋਂ ਹੋਈ ਹੈ। ਸ਼ਿਮਲਾ ਦੇ ਥਾਣਾ ਵੈਸਟ ’ਚ ਸਾਰੇ ਮੁਲਜ਼ਮਾਂ ਖ਼?ਲਾਫ਼ NDPS ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਅਦਾਲਤ ਨੇ ਚਾਰ ਮੁਲਜ਼ਮਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ’ਚ ਜੇਲ੍ਹ ਭੇਜ ਦਿੱਤਾ ਹੈ, ਜਦਕਿ ਮੁੱਖ ਮੁਲਜ਼ਮ ਅੰਜਿਤ ਦਾ ਪੁਲਸ ਨੇ ਦੁਬਾਰਾ ਰਿਮਾਂਡ ਹਾਸਲ ਕੀਤਾ ਹੈ ਤਾਂ ਜੋ ਇਸ ਨੈੱਟਵਰਕ ਦੇ ਮੁੱਖ ਸਰਗਨਾ ਤੱਕ ਪਹੁੰਚਿਆ ਜਾ ਸਕੇ। ਸ਼ਿਮਲਾ ਪੁਲਸ ਅਨੁਸਾਰ, ਇਸ ਮਾਮਲੇ ’ਚ ‘ਬੈਕਵਰਡ ਅਤੇ ਫਾਰਵਰਡ ਲਿੰਕੇਜ’ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਜਲੰਧਰ ਦੇ ਇਸ ਸਪਾ ਸੈਂਟਰ ’ਚ ਪੁਲਸ ਦਾ ਛਾਪਾ, ਇੰਝ ਚੱਲਦਾ ਸੀ ਦੇਹ ਵਪਾਰ ਦਾ ਧੰਦਾ

**ਕੌਮੀ ਪਤ੍ਰਿਕਾ**

ਜਲੰਧਰ 9 ਅਪ੍ਰੈਲ। ਥਾਣਾ ਨੰਬਰ 7 ਦੀ ਪੁਲਸ ਨੇ ਗੜ੍ਹਾ ਰੋਡ ’ਤੇ ਸਥਿਤ ਤਾਜ ਮਾਰਕੀਟ ਦੇ ਸਾਹਮਣੇ ਕ੍ਰਿਸਟਲ ਸਪਾ ਦੇ ਨਾਲ ਖੁੱਲ੍ਹੇ ‘ਗਲੈਕਸੀ ਸਪਾ ਸੈਂਟਰ’ ਵਿਚ ਰੇਡ ਕੀਤੀ। ਇਹ ਰੇਡ ਏ. ਸੀ. ਪੀ. ਮਾਡਲ ਟਾਊਨ ਸੰਜੇ ਕੁਮਾਰ ਦੇ ਇਨਪੁੱਟ ’ਤੇ ਕੀਤੀ ਗਈ ਸੀ ਪਰ ਕ੍ਰਿਸਟਲ ਸਪਾ ਵਾਂਗ ਇਸ ਵਾਰ ਵੀ ਥਾਣੇ ਤੋਂ ਰੇਡ ਦੀ ਸੂਚਨਾ ਲੀਕ ਹੋ ਗਈ, ਕਾਰਨ ਗਲੈਕਸੀ ਸਪਾ ਸੈਂਟਰ ਦਾ ਮੈਨੇਜਰ ਵਿਦੇਸ਼ੀ ਲੜਕੀਆਂ ਦੇ ਸਟਾਫ਼ ਅਤੇ ਗਾਹਕਾਂ ਨੂੰ ਅੰਦਰ ਹੀ ਛੱਡ ਕੇ ਬਾਹਰੋਂ ਲਾਕ ਲਾ ਕੇ ਫ਼ਰਾਰ ਹੋ ਗਿਆ। ਹੈਰਾਨੀ ਦੀ ਗੱਲ ਹੈ ਕਿ ਮੌਕੇ ’ਤੇ ਪਹੁੰਚੀ ਥਾਣਾ ਨੰਬਰ 7 ਦੀ ਪੁਲਸ ਨੇ ਵੀ ਸ਼ੀਸ਼ੇ ਦਾ ਦਰਵਾਜ਼ਾ ਖੁੱਲ੍ਹਵਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਹਵਾਲਾ ਦਿੱਤਾ ਕਿ ਉਹ ਜ਼ਬਰਦਸਤੀ ਅੰਦਰ ਨਹੀਂ ਵੜ ਸਕਦੇ। ਜਾਣਕਾਰੀ ਅਨੁਸਾਰ ਏ. ਸੀ. ਪੀ. ਮਾਡਲ ਟਾਊਨ ਸੰਜੇ ਕੁਮਾਰ ਨੂੰ ਸੂਚਨਾ ਮਿਲੀ ਸੀ ਕਿ ਕ੍ਰਿਸਟਲ ਸਪਾ ਦੇ ਨੇੜੇ ਹੀ ਬੇਸਮੈਂਟ ਵਿਚ ਗਲੈਕਸੀ ਸਪਾ ਸੈਂਟਰ ਦੇ ਅੰਦਰ ਵਿਦੇਸ਼ੀ ਲੜਕੀਆਂ ਤੋਂ ਮਸਾਜ ਦੇ ਨਾਂ ’ਤੇ ਦੇਹ ਵਪਾਰ ਦਾ ਧੰਦਾ ਚਲਾਇਆ ਜਾ ਰਿਹਾ ਹੈ। ਏ. ਸੀ. ਪੀ. ਨੇ ਤੁਰੰਤ ਥਾਣਾ ਨੰਬਰ 7 ਦੀ ਪੁਲਸ ਨੂੰ ਰੇਡ ਕਰਨ ਲਈ ਕਿਹਾ ਪਰ ਜਿਉਂ ਹੀ ਪੁਲਸ ਦੀ ਟੀਮ ਸਪਾ ਦੇ ਬਾਹਰ ਪਹੁੰਚੀ ਤਾਂ ਉਸ ਤੋਂ ਪਹਿਲਾਂ ਹੀ ਮੈਨੇਜਰ ਨੇ ਸਪਾ ਸੈਂਟਰ ਦਾ ਸ਼ੀਸ਼ੇ ਵਾਲਾ ਦਰਵਾਜ਼ਾ ਬਾਹਰੋਂ ਲਾਕ ਕਰ ਦਿੱਤਾ ਅਤੇ ਖ਼ੁਦ ਫ਼ਰਾਰ ਹੋ ਗਿਆ। ਹਾਲਾਂਕਿ ਉਸ ਸਮੇਂ ਗਾਹਕ ਅਤੇ ਸਪਾ ਦਾ ਸਟਾਫ਼ ਅੰਦਰ ਹੀ ਮੌਜੂਦ ਸੀ। ਭਰੋਸੇਯੋਗ ਸੂਤਰਾਂ ਦੀ ਮੰਨੀਏ ਤਾਂ ਜਿਸ ਮੁਲਾਜ਼ਮ ਨੇ ਕ੍ਰਿਸਟਲ ਸਪਾ ਵਿਚ ਰੇਡ ਤੋਂ ਪਹਿਲਾਂ ਹੀ ਮਾਲਕ ਨੂੰ ਅਲਰਟ ਕੀਤਾ ਸੀ, ਉਸੇ ਮੁਲਾਜ਼ਮ ਨੇ ਇਸ ਵਾਰ ਵੀ ਏ. ਸੀ. ਪੀ. ਦਾ ਫ਼ੋਨ ਆਉਂਦੇ ਹੀ ਗਲੈਕਸੀ ਸਪਾ ਦੇ ਮਾਲਕ ਨੂੰ ਸੂਚਨਾ ਦੇ ਦਿੱਤੀ ਸੀ, ਜਿਸ ਤੋਂ ਬਾਅਦ ਸਪਾ ਦੇ ਮਾਲਕ ਨੇ ਆਪਣੇ ਮੈਨੇਜਰ ਨੂੰ ਫ਼ੋਨ ਕਰ ਕੇ ਬਾਹਰੋਂ ਲਾਕ ਕਰ ਕੇ ਭੱਜਣ ਦੀ ਸਲਾਹ ਦਿੱਤੀ। ਉਧਰ, ਬਾਹਰੋਂ ਲਾਕ ਹੋਣ ਕਾਰਨ ਮੁਲਾਜ਼ਮਾਂ ਨੇ ਵੀ ਸਪਾ ਨੂੰ ਖੁੱਲ੍ਹਵਾਉਣ ਲਈ ਕੋਈ ਜ਼ਿਆਦਾ ਮੁਸ਼ੱਕਤ ਨਹੀਂ ਕੀਤੀ ਅਤੇ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਉਹ ਜਬਰੀ ਅੰਦਰ ਨਹੀਂ ਵੜ ਸਕਦੇ। ਮੁਲਾਜ਼ਮਾਂ ਨੇ ਵੇਖਿਆ ਵੀ ਕਿ ਅੰਦਰ ਲਾਈਟਾਂ ਅਤੇ ਏ. ਸੀ. ਚੱਲ ਰਹੇ ਸਨ, ਪਰ ਪੁਲਸ ਇਸ ਨੂੰ ਨਜ਼ਰਅੰਦਾਜ਼ ਕਰਕੇ ਉੱਥੋਂ ਚਲੀ ਗਈ। ਇਸ ਸਬੰਧੀ ਜਦੋਂ ਏ. ਸੀ. ਪੀ. ਮਾਡਲ ਟਾਊਨ ਸੰਜੇ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਕੰਮ ਸ਼ਹਿਰ ਵਿਚ ਨਹੀਂ ਚੱਲਣ ਦਿੱਤੇ ਜਾਣਗੇ। ਜਦੋਂ ਉਨ੍ਹਾਂ ਨੂੰ ਥਾਣੇ ਤੋਂ ਸੂਚਨਾ ਲੀਕ ਹੋਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਖ਼ੁਦ ਇਸ ਦੀ ਜਾਂਚ ਕਰਵਾਉਣਗੇ ਅਤੇ ਜੇਕਰ ਅਜਿਹਾ ਹੋਇਆ ਤਾਂ ਉਕਤ ਮੁਲਾਜ਼ਮ ’ਤੇ ਸਖ਼ਤ ਐਕਸ਼ਨ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਜਲਦ ਨਵੀਂ ਟੀਮ ਬਣਾ ਕੇ ਅਜਿਹੇ ਕੰਮ ਕਰਨ ਵਾਲਿਆਂ ਵਿਰੁੱਧ ਰੇਡ ਕਰਨ ਦੀ ਰਣਨੀਤੀ ਤਿਆਰ ਕਰਨਗੇ।

# 6 ਸਾਲਾਂ ਦੀ ਮਾਸੂਮ ਬੱਚੀ ਨੂੰ ਅਗਵਾ ਕਰ ਕੇ ਲਿਜਾਣ ਵਾਲਾ 48 ਘੰਟਿਆਂ ’ਚ ਨੱਪਿਆ

ਲੁਧਿਆਣਾ 9 ਅਪ੍ਰੈਲ। ਥਾਣਾ ਡਾਬਾ ਅਧੀਨ ਪੈਂਦੇ ਇਲਾਕੇ ’ਚ 6 ਸਾਲ ਦੀ ਮਾਸੂਮ ਬੱਚੀ ਨੂੰ ਅਗਵਾ ਕਰ ਕੇ ਲੈ ਜਾਣ ਵਾਲੇ ਮੁਲਜ਼ਮ ਨੂੰ ਕਮਿਸ਼ਨਰੇਟ ਪੁਲਸ ਨੇ 48 ਘੰਟਿਆਂ ਵਿਚ ਗ੍ਰਿਫਤਾਰ ਕਰ ਕੇ ਬੱਚੀ ਨੂੰ ਬਰਾਮਦ ਕਰ ਲਿਆ ਹੈ, ਜਿਸ ਨੂੰ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਸਬੰਧੀ ਪੱਤਰਕਾਰ ਸੰਮੇਲਨ ’ਚ ਡੀ.ਸੀ.ਪੀ. (ਲਾਅ ਐਂਡ ਆਰਡਰ) ਰੁਪਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪੀੜਤਾਂ ਦੀ ਮਾਂ ਰੀਤੂ ਦੇਵੀ ਪਤਨੀ ਪਿੰਟੂ ਗਿਰੀ ਨਿਵਾਸੀ ਸੁਖਦੇਵ ਨਗਰ ਡਾਬਾ ਨੇ ਦੋਸ਼ ਲਗਾਇਆ ਸੀ ਕਿ ਸੰਤੋਸ਼ ਚੌਧਰੀ ਪੁੱਤਰ ਗਨੋਰੀ, ਜੋ ਕਿ ਉਨ੍ਹਾਂ ਦੇ ਨੇੜੇ ਹੀ ਰਹਿੰਦਾ ਹੈ, ਉਸ ਦੀ 6 ਸਾਲ ਦੀ ਬੇਟੀ ਨੂੰ ਅਗਵਾ ਕਰ ਕੇ ਲੈ ਗਿਆ ਹੈ। ਇਸ ਸਬੰਧੀ ਪੁਲਸ ਨੇ ਤੁਰੰਤ ਹਰਕਤ ਵਿਚ ਆਉਂਦੇ ਹੋਏ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਲਈ ਇਕ ਪੁਲਸ ਟੀਮ ਨੂੰ ਬਿਹਾਰ ਲਈ ਰਵਾਨਾ ਕਰ ਦਿੱਤਾ ਸੀ, ਜਿਸ ਨੇ ਮੁਲਜ਼ਮ ਨੂੰ ਯੂ. ਪੀ. ਦੇ ਮੁਰਾਦਾਬਾਦ ਰੇਲਵੇ ਸਟੇਸ਼ਨ ਤੋਂ ਕਾਬੂ ਕਰ ਲਿਆ ਅਤੇ ਉਸ ਦੇ ਕਬਜ਼ੇ ਤੋਂ ਅਗਵਾ ਕੀਤੀ ਬੱਚੀ ਨੂੰ ਵੀ ਸੁਰੱਖਿਅਤ ਬਰਾਮਦ ਕਰ ਲਿਆ। ਡੀ.ਸੀ.ਪੀ. ਨੇ ਦੱਸਿਆ ਕਿ ਮੁਲਜ਼ਮ ਖਿਲਾਫ਼ ਅਗਵਾ ਅਤੇ ਪੋਸਕੋ ਐਕਟ ਤਹਿਤ ਮਾਮਲਾ ਦਰਜ ਕਰ ਕੇ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ, ਜਦਕਿ ਬੱਚੀ ਨੂੰ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਮੌਕੇ ਏ.ਡੀ.ਸੀ.ਪੀ. ਕਰਨਵੀਰ ਸਿੰਘ, ਏ.ਸੀ.ਪੀ. ਸਤਵਿੰਦਰ ਸਿੰਘ ਵਿਰਕ ਅਤੇ ਥਾਣਾ ਇੰਚਾਰਜ ਗੁਰਦਿਆਲ ਸਿੰਘ ਵੀ ਹਾਜ਼ਰ ਸਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ, ਮੁਲਜ਼ਮ ਸੰਤੋਸ਼ ਅਕਸਰ ਪਿੰਟੂ ਗਿਰੀ, ਜੋ ਕਿ ਰਾਜ ਮਿਸਤਰੀ ਦਾ ਕੰਮ ਕਰਦਾ ਹੈ ਅਤੇ ਤਿੰਨ ਬੱਚਿਆਂ ਦਾ ਬਾਪ ਹੈ, ਦੇ ਘਰ ਆਉਂਦਾ-ਜਾਂਦਾ ਸੀ। ਉਹ ਉਸ ਦੀ ਪਤਨੀ ਰੀਤੂ ’ਤੇ ਬੁਰੀ ਨਜ਼ਰ ਰੱਖਦਾ ਸੀ। ਮੁਲਜ਼ਮ ਚਾਹੁੰਦਾ ਸੀ ਕਿ ਰੀਤੂ ਆਪਣੇ ਪਤੀ ਪਿੰਟੂ ਨੂੰ ਛੱਡ ਕੇ ਉਸਦੇ ਨਾਲ ਰਹੇ, ਇਸ ਇਰਾਦੇ ਨਾਲ ਉਸ ਨੇ ਮਾਸੂਮ ਨੂੰ ਅਗਵਾ ਕੀਤਾ ਸੀ ਅਤੇ ਆਪਣੇ ਨਾਲ ਲੈ ਕੇ ਵਾਪਸ ਪਿੰਡ ਜਾ ਰਿਹਾ ਸੀ। ਪੁਲਸ ਨੇ ਤੁਰੰਤ ਐਕਸ਼ਨ ਲੈਂਦੇ ਹੋਏ ਉਸ ਨੂੰ ਗ੍ਰਿਫਤਾਰ ਕਰ ਲਿਆ।

### ਚੋਰਾਂ ਦੇ ਹੌਸਲੇ ਬੁਲੰਦ: ਸਬ-ਤਹਿਸੀਲ ਧਾਰੀਵਾਲ ’ਚੋਂ ਬਿਜਲੀ ਦੀ ਵਾਇਰਿੰਗ ਤੇ ਪੱਖੇ ਚੋਰੀ

ਧਾਰੀਵਾਲ 9 ਅਪ੍ਰੈਲ। ਸਬ-ਤਹਿਸੀਲ ਧਾਰੀਵਾਲ ’ਚ ਚੋਰਾਂ ਵਲੋਂ ਬਿਜਲੀ ਦੀਆਂ ਤਾਰਾਂ ਅਤੇ ਹੋਰ ਕੀਮਤੀ ਸਾਮਾਨ ਚੋਰੀ ਕਰਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਕਾਰਨ ਸਰਕਾਰੀ ਦਫ਼ਤਰ ਦੇ ਕੰਮ-ਕਾਜ ’ਚ ਵੱਡੀ ਰੁਕਾਵਟ ਪੈਦਾ ਹੋਈ ਹੈ। ਸਬ-ਰਜਿਸਟਰਾਰ ਧਾਰੀਵਾਲ ਬਲਜੀਤ ਰਾਏ ਨੇ ਦੱਸਿਆ ਕਿ ਚੋਰਾਂ ਵਲੋਂ ਬੀਤੀ ਰਾਤ ਸਬ-ਤਹਿਸੀਲ ਦੇ ਕਮਰਿਆਂ ਅਤੇ ਪਟਵਾਰੀਆਂ ਦੇ ਬੈਠਣ ਵਾਲੇ ਕੈਬਿਨਾਂ ’ਚ ਲੱਗੇ ਛੱਤ ਵਾਲੇ ਪੱਖੇ, ਸਾਰੀ ਬਿਜਲੀ ਦੀ ਵਾਇਰਿੰਗ ਅਤੇ ਹੋਰ ਸਾਮਾਨ ਚੋਰੀ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਚੋਰਾਂ ਨੇ ਚੋਰੀ ਦੇ ਨਾਲ-ਨਾਲ ਐਲੂਮੀਨੀਅਮ ਦੀ ਫਿਟਿੰਗ ਆਦਿ ਦੀ ਵੀ ਬੁਰੀ ਤਰ੍ਹਾਂ ਭੰਨ-ਤੋੜ ਕੀਤੀ ਹੈ। ਬਲਜੀਤ ਰਾਏ ਨੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਿਜਲੀ ਸਪਲਾਈ ਪੂਰੀ ਤਰ੍ਹਾਂ ਠੱਪ ਹੋਣ ਕਾਰਨ ਤਹਿਸੀਲ ਦੇ ਸਟਾਫ਼ ਅਤੇ ਕੰਮ-ਕਾਜ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਪੁਲਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਚੋਰੀ ਦੀ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜ਼ਮਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇ।

## ਪਾਣੀ ਗਰਮ ਕਰਨ ਵਾਲੀ Rod ਬਣ ਗਈ ’ਕਾਲ’ ! ਮਾਂ-ਧੀ ਦੀ ਹੋਈ ਦਰਦਨਾਕ ਮੌਤ

ਨੈਸ਼ਨਲ ਡੈਸਕ 9 ਅਪ੍ਰੈਲ। ਰਾਜਸਥਾਨ ਦੇ ਅਨੂਪਗੜ੍ਹ ਸ਼ਹਿਰ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸੋਮਵਾਰ ਨੂੰ ਪਾਣੀ ਗਰਮ ਕਰਨ ਵਾਲੀ ਇਲੈਕਟ੍ਰਿਕ ਰਾਡ ਤੋਂ ਕਰੰਟ ਲੱਗਣ ਕਾਰਨ ਇੱਕ 34 ਸਾਲਾ ਔਰਤ ਅਤੇ ਉਸ ਦੀ 3 ਸਾਲਾ ਮਾਸੂਮ ਧੀ ਦੀ ਮੌਤ ਹੋ ਗਈ ਹੈ। ਇਸ ਘਟਨਾ ਨੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲਾ ਦਿੱਤੀ ਹੈ। ਪੁਲਸ ਸੂਤਰਾਂ ਅਨੁਸਾਰ ਇਹ ਹਾਦਸਾ ਸਵੇਰੇ ਕਰੀਬ 11:30 ਵਜੇ ਵਾਪਰਿਆ, ਜਿੱਥੇ ਸਰੋਜ (34) ਨੇ ਘਰ ਵਿੱਚ ਪਾਣੀ ਗਰਮ ਕਰਨ ਲਈ ਬਾਲਟੀ ਵਿੱਚ ਇਲੈਕਟ੍ਰਿਕ ਰਾਡ ਲਗਾਈ ਹੋਈ ਸੀ, ਜਦਕਿ ਉਸ ਦੀ 3 ਸਾਲਾ ਬੇਟੀ ਦਿਵਿਆਂਸ਼ੀ ਕੋਲ ਹੀ ਖੇਡ ਰਹੀ ਸੀ। ਖੇਡਦੇ-ਖੇਡਦੇ ਬੱਚੀ ਨੇ ਅਚਾਨਕ ਬਾਲਟੀ ਵਿੱਚ ਹੱਥ ਪਾ ਦਿੱਤਾ, ਜਿਸ ਕਾਰਨ ਉਸ ਨੂੰ ਜ਼ਬਰਦਸਤ ਕਰੰਟ ਲੱਗ ਗਿਆ। ਬੱਚੀ ਦੀ ਚੀਕ ਸੁਣ ਕੇ ਮਾਂ ਸਰੋਜ ਉਸ ਨੂੰ ਬਚਾਉਣ ਲਈ ਦੌੜੀ ਤੇ ਜਿਵੇਂ ਹੀ ਉਸ ਨੇ ਬੱਚੀ ਨੂੰ ਫੜਿਆ, ਉਹ ਖ਼ੁਦ ਵੀ ਕਰੰਟ ਦੀ ਲਪੇਟ ਵਿੱਚ ਆ ਗਈ। ਚੀਕਾਂ ਸੁਣ ਕੇ ਗੁਆਂਢੀ ਮੌਕੇ ’ਤੇ ਪਹੁੰਚੇ ਅਤੇ ਰਾਡ ਦਾ ਪਲੱਗ ਕੱਢਿਆ। ਮਾਂ-ਧੀ ਨੂੰ ਤੁਰੰਤ ਸਰਕਾਰੀ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਉਕਤ ਔਰਤ ਦੇ ਪਤੀ ਵਿਜੇ ਕੁਮਾਰ ਦੀ ਸ਼ਿਕਾਇਤ ’ਤੇ ਮਾਮਲਾ ਦਰਜ ਕਰ ਲਿਆ ਹੈ। ਪੋਸਟਮਾਰਟਮ ਤੋਂ ਬਾਅਦ ਲਾਸ਼ਾਂ ਪਰਿਵਾਰ ਨੂੰ ਸੌਂਪ ਦਿੱਤੀਆਂ ਗਈਆਂ ਹਨ। ਇੱਕੋ ਘਰ ਵਿੱਚੋਂ ਦੋ ਅਰਥੀਆਂ ਉੱਠਣ ਕਾਰਨ ਮਾਹੌਲ ਬਹੁਤ ਗਮਗੀਨ ਹੋ ਗਿਆ ਹੈ ਤੇ ਇਲਾਕੇ ’ਚ ਸਨਸਨੀ ਫੈਲ ਗਈ ਹੈ।

# ਪੰਜਾਬ ’ਚ ਕੈਮਿਸਟ ਨਿਸ਼ਾਨੇ ’ਤੇ, ਲੁੱਟ ਤੇ ਫਾਇਰਿੰਗ ਦੇ ਮਾਮਲੇ ਵਧੇ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 9 ਅਪ੍ਰੈਲ। ਪੰਜਾਬ ’ਚ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਲੈ ਕੇ ਇਕ ਹੋਰ ਚਿੰਤਾਜਨਕ ਤਸਵੀਰ ਸਾਹਮਣੇ ਆਈ ਹੈ। ਪੰਜਾਬ ਕੈਮਿਸਟਸ ਐਸੋਸੀਏਸ਼ਨ ਵੱਲੋਂ ਸਰਕਾਰ ਨੂੰ ਭੇਜੇ ਪੱਤਰ ’ਚ ਖੁਲਾਸਾ ਕੀਤਾ ਗਿਆ ਹੈ ਕਿ ਪਿਛਲੇ ਛੇ ਮਹੀਨਿਆਂ ਦੌਰਾਨ ਗੁਰਦਾਸਪੁਰ, ਤਰਨਤਾਰਨ, ਅੰਮ੍ਰਿਤਸਰ ਅਤੇ ਮੋਗਾ ਜ਼ਿਲਿਆਂ ’ਚ ਕੈਮਿਸਟ ਦੁਕਾਨਾਂ ’ਤੇ ਲੁੱਟ-ਖੋਹ ਅਤੇ ਫਾਇਰਿੰਗ ਦੀਆਂ ਘਟਨਾਵਾਂ ’ਚ ਵੱਡਾ ਵਾਧਾ ਹੋਇਆ ਹੈ। ਇਸ ਕਾਰਨ ਕੈਮਿਸਟ ਭਾਈਚਾਰੇ ’ਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਬਣ ਗਿਆ ਹੈ। ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਦੁੱਗਲ ਅਤੇ ਜਨਰਲ ਸਕੱਤਰ ਜੀ. ਐੱਸ. ਚਾਵਲਾ ਨੇ ਆਪਣੇ ਪੱਤਰ ’ਚ ਕਿਹਾ ਕਿ ਕੈਮਿਸਟ 24 ਘੰਟੇ ਲੋਕਾਂ ਨੂੰ ਜ਼ਰੂਰੀ ਦਵਾਈਆਂ ਮੁਹੱਈਆ ਕਰਵਾ ਰਹੇ ਹਨ ਪਰ ਉਹ ਖੁਦ ਹੀ ਸੁਰੱਖਿਅਤ ਨਹੀਂ ਹਨ। ਲਗਾਤਾਰ ਹੋ ਰਹੀਆਂ



ਲੁੱਟ ਅਤੇ ਗੋਲੀਆਂ ਦੀਆਂ ਘਟਨਾਵਾਂ ਕਾਰਨ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਬਣਿਆ ਹੋਇਆ ਹੈ। ਉਨ੍ਹਾਂ ਨੇ ਸਰਕਾਰ ’ਤੇ ਨਿਸ਼ਾਨਾ ਵ?ਹਿੰਨਦਿਆਂ ਕਿਹਾ ਕਿ ਸੂਬੇ ’ਚ ਕਾਨੂੰਨ-ਵਿਵਸਥਾ ਦੀ ਸਥਿਤੀ ਦਿਨੋ-ਦਿਨ ਵਿਗੜ ਰਹੀ ਹੈ। ਐਸੋਸੀਏਸ਼ਨ ਨੇ ਮੰਗ ਕੀਤੀ ਹੈ ਕਿ ਡੀ. ਜੀ. ਪੀ. ਨੂੰ ਤੁਰੰਤ ਹਦਾਇਤਾਂ ਜਾਰੀ ਕਰ ਕੇ ਸਬੰਧਤ ਜ਼ਿਲਿਆਂ ਦੇ ਐੱਸ. ਐੱਸ. ਪੀ. ਨੂੰ ਕੈਮਿਸਟ ਦੁਕਾਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਜਾਵੇ। ਐਸੋਸੀਏਸ਼ਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੈਮਿਸਟਾਂ ਦੀ ਸੁਰੱਖਿਆ ਯਕੀਨੀ ਨਾ ਬਣਾਈ ਗਈ ਤਾਂ 24 ਘੰਟੇ ਦਵਾਈ ਸੇਵਾ ਜਾਰੀ ਰੱਖਣਾ ਮੁਸ਼ਕਿਲ ਹੋ ਸਕਦਾ ਹੈ। ਇਸ ਦਾ ਸਿੱਧਾ ਅਸਰ ਆਮ ਜਨਤਾ ’ਤੇ ਪਵੇਗਾ। ਇਸ ਦੇ ਨਾਲ ਹੀ ਐਸੋਸੀਏਸ਼ਨ ਨੇ ਮੁੱਖ ਮੰਤਰੀ ਨਾਲ ਜਲਦ ਮੀਟਿੰਗ ਲਈ ਸਮਾਂ ਮੰਗਿਆ ਹੈ ਤਾਂ ਜੋ ਸੁਰੱਖਿਆ ਸਮੇਤ ਹੋਰ ਪੈਂਡਿੰਗ ਮਸਲਿਆਂ ’ਤੇ ਵੀ ਚਰਚਾ ਕੀਤੀ ਜਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਤੁਰੰਤ ਕਦਮ ਨਾ ਚੁੱਕੇ ਤਾਂ ਸੂਬੇ ’ਚ ਡਰ ਦਾ ਮਾਹੌਲ ਹੋਰ ਵੀ ਡੂੰਘਾ ਹੋ ਸਕਦਾ ਹੈ। ਇਕ ਪਾਸੇ ਸਰਕਾਰ ਸੁਰੱਖਿਆ ਦੇ ਵੱਡੇ ਦਾਅਵੇ ਕਰਦੀ ਹੈ, ਦੂਜੇ ਪਾਸੇ ਜ਼ਰੂਰੀ ਸੇਵਾਵਾਂ ਦੇਣ ਵਾਲੇ ਕੈਮਿਸਟ ਹੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

### ਕਾਰ-ਸਕੂਟਰੀ ਟੱਕਰ ’ਚ ਸਕੂਟਰੀ ਸਵਾਰ ਨੌਜਵਾਨ ਦੀ ਮੌਤ

ਗੁਰਦਾਸਪੁਰ 9 ਅਪ੍ਰੈਲ। ਗੁਰਦਾਸਪੁਰ ਦੇ ਨਜ਼ਦੀਕੀ ਪਿੰਡ ਆਲੇਚੱਕ ਦੇ ਕੋਲ ਇਕ ਕਾਰ ਵਲੋਂ ਇਕ ਸਕੂਟਰੀ ਨੂੰ ਟੱਕਰ ਮਾਰ ਦੇਣ ਨਾਲ ਸਕੂਟਰੀ ਸਵਾਰ ਦੀ ਮੌਤ ਹੋ ਗਈ। ਗੁਰਦਾਸਪੁਰ ਸਦਰ ਪੁਲਸ ਸਟੇਸ਼ਨ ਵਿੱਚ ਤਾਇਨਾਤ ਏ.ਐੱਸ.ਆਈ ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਬਸੰਤ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਪਿੰਡ ਸ਼ਮਸ਼ੇਰਪੁਰ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਉਸ ਦਾ ਭਤੀਜਾ ਗੁਰਮੁੱਖ ਸਿੰਘ ਬੀਤੀ ਦੇਰ ਸ਼ਾਮ ਆਪਣੀ ਸਕੂਟਰੀ ’ਤੇ ਗੁਰਦਾਸਪੁਰ ਤੋਂ ਪਿੰਡ ਸ਼ਮਸ਼ੇਰਪੁਰ ਵਾਪਸ ਆ ਰਿਹਾ ਸੀ। ਜਦੋਂ ਉਹ ਪਿੰਡ ਆਲੇਚੱਕ ਪਹੁੰਚਿਆ ਤਾਂ ਉਲਟ ਦਿਸ਼ਾ ਤੋਂ ਆ ਰਹੀ ਇੱਕ ਕਾਰ ਪੀਬੀ-11ਸੀ.ਐੱਸ-9095, ਬਹੁਤ ਤੇਜ਼ ਰਫ਼ਤਾਰ ਨਾਲ ਜਾ ਰਹੀ ਸੀ, ਨੇ ਉਸ ਦੇ ਭਤੀਜੇ ਦੀ ਸਕੂਟਰੀ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਗੁਰਮੁੱਖ ਸਿੰਘ ਜ਼ਖ਼ਮੀ ਹੋ ਗਿਆ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# 'ਆਪ' ਅਜਿਹੀ ਪਹਿਲੀ ਪਾਰਟੀ ਜਿਸਦੇ ਏਜੰਡੇ ਵਿੱਚ ਸਰਕਾਰੀ ਸਕੂਲ ਸ਼ਾਮਲ ਹਨ ਅਤੇ ਅੱਜ ਸਕੂਲਾਂ ਨੂੰ ਲਗਾਤਾਰ ਮਿਲ ਰਹੀਆਂ ਹਨ ਗ੍ਰਾਂਟਾਂ: ਹਰਜੋਤ ਸਿੰਘ ਬੈਂਸ

Contd.....Front page

ਕਿਉਂਕਿ ਉਨ੍ਹਾਂ ਨੂੰ ਸਤੰਬਰ ਜਾਂ ਅਕਤੂਬਰ ਤੱਕ ਕਿਤਾਬਾਂ ਨਹੀਂ ਪਹੁੰਚੀਆਂ ਸਨ। ਇਸ ਸਾਲ, ਪੰਜਾਬ ਸਰਕਾਰ ਨੇ ਪ੍ਰਾਈਵੇਟ ਸਕੂਲ ਵਾਂਗ ਹਰ ਬੱਚੇ ਨੂੰ 1 ਅਪ੍ਰੈਲ ਤੱਕ ਪੂਰੀਆਂ ਪਾਠ-ਪੁਸਤਕਾਂ ਮੁਫ਼ਤ ਪ੍ਰਦਾਨ ਕਰਵਾਈਆਂ। ਇਹ ਸਰਕਾਰ ਦੀ ਸੁਚੱਜੀ ਯੋਜਨਾਬੰਦੀ ਅਤੇ ਰਾਜਨੀਤਿਕ ਇੱਛਾ ਸ਼ਕਤੀ ਕਾਰਨ ਹੀ ਸੰਭਵ ਹੋਇਆ ਹੈ। ਮਿਸ਼ਨ ਸਮਰੱਥ 4.0 ਦੇ ਮੁੱਖ ਉਦੇਸ਼ ਬਾਰੇ ਦੱਸਦਿਆਂ, ਉਨ੍ਹਾਂ ਕਿਹਾ, "ਇਹ ਪ੍ਰੋਗਰਾਮ ਇਹ ਯਕੀਨੀ ਬਣਾਉਂਦਾ ਹੈ ਕਿ ਤੀਜੀ ਤੋਂ ਅੱਠਵੀਂ ਜਮਾਤ ਦੇ ਬੱਚੇ ਪੜ੍ਹਨ, ਲਿਖਣ ਅਤੇ ਗਣਿਤ ਵਿੱਚ ਮੁਹਾਰਤ ਹਾਸਲ ਕਰਨ। ਇੱਕ ਉਦਾਹਰਣ ਸਾਂਝੀ ਕਰਦਿਆਂ ਉਨ੍ਹਾਂ ਅੱਗੇ ਕਿਹਾ, "ਰੋਪੜ ਦੇ ਪਿੰਡ ਗਰਦਲੇ ਦੇ 8ਵੀਂ ਜਮਾਤ ਦੇ ਇੱਕ ਵਿਦਿਆਰਥੀ ਨੇ ਕਿਹਾ, 'ਮੈਂ 5ਵੀਂ ਜਮਾਤ ਪਾਸ ਕੀਤੀ ਸੀ, ਪਰ ਕੁਝ ਨਹੀਂ ਜਾਣਦਾ ਸੀ। ਸਮਰੱਥ ਦਾ ਬਹੁਤ ਧੰਨਵਾਦ, ਹੁਣ ਮੈਂ ਹੁਣ ਤੁਹਾਡੇ ਨਾਲ ਪੂਰੇ ਆਤਮ-ਵਿਸ਼ਵਾਸ ਨਾਲ ਗੱਲ ਕਰ ਸਕਦਾ ਹਾਂ।' ਨਤੀਜੇ ਹੁਣ ਰਾਸ਼ਟਰੀ ਅੰਕੜਿਆਂ ਵਿੱਚ ਵੀ ਸਾਫ਼ ਦਿਖਾਈ ਦੇ ਰਹੇ ਹਨ। ਪੰਜਾਬ ਹੁਣ ਬੁਨਿਆਦੀ ਸਿੱਖਿਆ ਵਿੱਚ ਰਾਸ਼ਟਰੀ ਔਸਤ ਦੇ ਲਿਹਾਜ਼ ਨਾਲ ਤੀਜੀ ਜਮਾਤ ਵਿੱਚ 18 ਫੀਸਦ ਅਤੇ ਛੇਵੀਂ ਜਮਾਤ ਵਿੱਚ 26-28 ਫੀਸਦ ਤੋਂ ਵੀ ਅੱਗੇ ਪਹੁੰਚ ਗਿਆ ਹੈ। ਇਹੀ ਸਾਡਾ ਅਸਲ ਤਗਮਾ ਹੈ।" ਮੰਤਰੀ ਹਰਜੋਤ ਸਿੰਘ ਬੈਂਸ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਮਿਸ਼ਨ ਸਮਰੱਥ ਕੰਪੈਂਡੀਅਮ ਵੀ ਜਾਰੀ ਕੀਤਾ, ਜਿਸ ਵਿੱਚ ਪੰਜਾਬ ਦੇ ਅਧਿਆਪਕਾਂ ਵੱਲੋਂ ਵਿਕਸਤ ਕੀਤੇ ਗਏ 38 ਜਾਂਚੇ-ਪਰਖੇ ਕਲਾਸਰੂਮ ਅਭਿਆਸਾਂ ਨੂੰ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ ਤਾਂ ਜੋ ਇਸ ਨੂੰ ਸਰਕਾਰੀ ਸਕੂਲਾਂ ਤੱਕ ਪਹੁੰਚਾ ਕੇ ਸਿੱਖਣ ਦੇ ਨਤੀਜਿਆਂ ਵਿੱਚ ਤੇਜ਼ੀ ਲਿਆਂਦੀ ਜਾ ਸਕੇ ਅਤੇ ਪੜ੍ਹਾਈ ਵਿੱਚ ਕਮਜ਼ੋਰ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਦੇ ਕੇ ਉਨ੍ਹਾਂ ਨੂੰ ਮੂਹਰਲੀ ਕਤਾਰ ਵਿੱਚ ਲਿਆਂਦਾ ਜਾ ਸਕੇ।

ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮਿਸ਼ਨ ਸਮਰੱਥ ਪਹਿਲਾਂ ਹੀ ਭਾਰਤ ਦੇ ਸਭ ਤੋਂ ਵੱਡੇ ਬੁਨਿਆਦੀ ਸਿਖਲਾਈ ਪ੍ਰੋਗਰਾਮਾਂ ਵਿੱਚੋਂ ਇੱਕ ਬਣ ਗਿਆ ਹੈ, ਜੋ ਲਗਭਗ 12 ਲੱਖ ਵਿਦਿਆਰਥੀਆਂ ਨੂੰ ਕਵਰ ਕਰਦਾ ਹੈ ਅਤੇ ਇਸ ਵਿੱਚ ਸਾਲਾਨਾ 70,000 ਤੋਂ ਵੱਧ ਅਧਿਆਪਕਾਂ ਦੀ ਸ਼ਮੂਲੀਅਤ ਹੁੰਦੀ ਹੈ। ਇਸ ਦੀ ਪੱਧਰ-ਅਧਾਰਤ ਅਧਿਆਪਨ ਪਹੁੰਚ ਨਾਲ ਵਿਦਿਆਰਥੀਆਂ ਨੂੰ ਗ੍ਰੇਡ ਦੀ ਬਜਾਏ ਸਿੱਖਣ ਦੇ ਪੱਧਰ ਰਾਹੀਂ ਸਮੂਹਬੱਧ ਕੀਤਾ ਜਾਂਦਾ ਹੈ, ਜਿਸ ਕਾਰਨ ਪੰਜਾਬ 'ਪਰਖ' ਵਿੱਚ ਸਿਖਰਲਾ ਦਰਜਾ ਹਾਸਲ ਕਰਨ ਵਿੱਚ ਸਫ਼ਲ ਹੋਇਆ ਹੈ। ਮਨੀਸ਼ ਸਿਸੋਦੀਆ ਨੇ ਕਿਹਾ, "ਪੰਜਾਬ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰੀ ਸਕੂਲ ਦੇਸ਼ ਦੀ ਅਗਵਾਈ ਕਰ ਸਕਦੇ ਹਨ। ਪਰਖ 2024 ਵਿੱਚ ਅੱਵਲ ਹੋਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਮਿਸ਼ਨ ਸਮਰੱਥ 4.0 ਦੇ ਨਾਲ ਸੂਬਾ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਹਰ ਬੱਚਾ ਹਰ ਰੋਜ਼ ਸਕੂਲ ਜਾਵੇ ਅਤੇ ਪੂਰੀ ਲਗਨ ਨਾਲ ਕੁਝ ਸਿੱਖ ਕੇ ਆਵੇ। ਇਹ ਆਲਮੀ ਉੱਤਮਤਾ ਵੱਲ ਇੱਕ ਮਹੱਤਵਪੂਰਨ ਕਦਮ ਹੈ। ਸੁਧਾਰਾਂ ਪਿੱਛੇ ਦੀ ਸੋਚ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, ਹਰ ਬੱਚੇ ਨੂੰ ਆਈਆਈਟੀ ਨਹੀਂ ਭੇਜਿਆ ਜਾ ਸਕਦਾ, ਪਰ ਸਰਕਾਰ ਦਾ ਫਰਜ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਬੱਚੇ ਦੀ ਕਾਰਗੁਜ਼ਾਰੀ ਬਾਟਮ ਲਾਈਨ ਤੋਂ ਹੇਠਾਂ ਨਾ ਜਾਵੇ। ਕਿਉਂਕਿ ਜੇਕਰ ਕਿਸੇ ਵੀ ਸਿਸਟਮ ਵਿੱਚ ਕੋਈ ਵੀ ਬੱਚਾ ਇਸ ਲਾਈਨ ਤੋਂ ਹੇਠਾਂ ਚਲਾ ਜਾਂਦਾ ਹੈ ਤਾਂ ਇਸ ਦਾ ਅਰਥ ਸਰਕਾਰ ਦੀ ਨਿਕਾਮੀ ਹੋਵੇਗੀ। ਬੱਚੇ ਅੰਕੜਿਆਂ ਨੂੰ ਨਹੀਂ ਦਰਸਾਉਂਦੇ ਇਹ ਉਮੀਦ ਨੂੰ ਦਰਸਾਉਂਦੇ ਹਨ ਅਤੇ ਉਮੀਦ ਨੂੰ ਬਾਟਮ ਲਾਈਨ ਤੋਂ ਹੇਠਾਂ ਨਹੀਂ ਛੱਡਿਆ ਜਾ ਸਕਦਾ। ਜਵਾਬਦੇਹੀ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ, ਮਨੀਸ਼ ਸਿਸੋਦੀਆ ਨੇ ਕਿਹਾ, ਦੇਸ਼ ਭਰ ਵਿੱਚ, ਲੋਕ ਸਿੱਖਿਆ ਮੰਤਰੀਆਂ, ਪ੍ਰਧਾਨ ਮੰਤਰੀਆਂ ਅਤੇ ਮੁੱਖ ਮੰਤਰੀਆਂ ਦੇ ਭਾਸ਼ਣ ਪੜ੍ਹਦੇ ਹਨ। ਪਰ ਸਿਰਫ਼ ਭਾਸ਼ਣ ਜ਼ਿੰਦਗੀਆਂ ਨਹੀਂ ਬਦਲਦੇ, ਇਹ ਸਿਰਫ ਕੰਮਾਂ ਨਾਲ ਬਦਲੀਆਂ ਜਾ ਸਕਦੀਆਂ ਹਨ। ਕੰਮਾਂ ਵਿੱਚ ਰੁੱਝੇ ਮਾਪਿਆਂ ਨੂੰ ਇੱਕ ਸਧਾਰਨ ਸੁਨੇਹਾ ਮਿਲਦਾ ਹੈ: 'ਤੁਹਾਡਾ ਬੱਚਾ ਸੁਰੱਖਿਅਤ ਢੰਗ ਨਾਲ ਸਕੂਲ ਪਹੁੰਚ ਗਿਆ ਹੈ।' ਇਹ ਜਵਾਬਦੇਹੀ ਅਸਲ-ਸਮੇਂ ਦਾ ਭਰੋਸਾ ਅਤੇ ਹਜ਼ਾਰਾਂ ਬਿਆਨਾਂ ਤੋਂ ਕਿਤੇ ਵੱਧ ਮਹੱਤਵਪੂਰਨ ਹੈ। ਇਸ ਮੌਕੇ ਸਕੱਤਰ ਸਕੂਲ ਸਿੱਖਿਆ ਸੋਨਾਲੀ ਗਿਰੀ ਨੇ ਪਤਵੰਤਿਆਂ ਦਾ ਸਵਾਗਤ ਕਰਦਿਆਂ ਕਿਹਾ, "ਅਸੀਂ ਇਹ ਯਕੀਨੀ ਬਣਾਵਾਂਗੇ ਕਿ ਹਰੇਕ ਵਿਦਿਆਰਥੀ ਅਤੇ ਮਾਪੇ ਸਰਕਾਰੀ ਸਕੂਲਾਂ ਦਾ ਹਿੱਸਾ ਬਣਨ 'ਤੇ ਮਾਣ ਮਹਿਸੂਸ ਕਰਨ। ਪੰਜਾਬ ਨੇ ਨਵੇਂ ਮਾਪਦੰਡ ਸਥਾਪਤ ਕੀਤਾ ਹੈ ਅਤੇ ਮਿਸ਼ਨ ਸਮਰੱਥ ਇਸ ਨੂੰ ਹੋਰ ਬੁਲੰਦੀਆਂ 'ਤੇ ਲੈ ਜਾਵੇਗਾ।" ਇਸ ਮੌਕੇ ਡਾਇਰੈਕਟਰ ਐਸਸੀਈਆਰਟੀ ਕਿਰਨ ਸ਼ਰਮਾ, ਸੈਂਟਰਲ ਸਕੁਏਅਰ ਫਾਊਂਡੇਸ਼ਨ ਦੇ ਸਲਾਹਕਾਰ ਬੋਰਡ ਦੀ ਮੈਂਬਰ ਸ਼ਵੇਤਾ ਸ਼ਰਮਾ ਕੁਕਰੇਜਾ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਭਗਵੰਤ ਮਾਨ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ ਮਿਸ਼ਨ ਸਮਰੱਥ ਤਹਿਤ ਬੱਚਿਆਂ ਨੂੰ ਗ੍ਰੇਡ ਦੀ ਬਜਾਏ ਉਨ੍ਹਾਂ ਦੇ ਸਿੱਖਣ ਦੇ ਪੱਧਰ ਮੁਤਾਬਕ ਸਿੱਖਿਆ ਪ੍ਰਦਾਨ ਕਰਨ ਲਈ ਇੱਕ ਕੇਂਦ੍ਰਿਤ, ਕਲਾਸਰੂਮ-ਸੰਚਾਲਿਤ ਪਹੁੰਚ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਵਿੱਚ ਪਾੜੇ ਦੀ ਪਛਾਣ ਕਰਨ ਲਈ ਨਿਯਮਤ ਮੁਲਾਂਕਣ, ਗਤੀਵਿਧੀ-ਅਧਾਰਤ ਸਿਖਲਾਈ ਅਤੇ ਅਧਿਆਪਕਾਂ ਲਈ ਨਿਰੰਤਰ ਸਲਾਹ ਸ਼ਾਮਲ ਹੈ। 'ਪਰਖ' ਰਾਸ਼ਟਰੀ ਸਰਵੇਖਣ 2024 ਵਿੱਚ ਪੰਜਾਬ ਬਿਹਤਰ ਕਾਰਗੁਜ਼ਾਰੀ ਵਾਲੇ ਸੂਬੇ ਵਜੋਂ ਉਭਰਿਆ ਹੈ, ਇਸ ਲਈ ਪੰਜਾਬ ਸਰਕਾਰ ਨੇ ਹੁਣ ਸਿੱਖਿਆ ਵਿੱਚ ਰਾਸ਼ਟਰੀ ਲੀਡਰਸ਼ਿਪ ਤੋਂ ਵਿਸ਼ਵਵਿਆਪੀ ਉੱਤਮਤਾ ਵੱਲ ਵਧਣ ਲਈ ਮਿਸ਼ਨ ਸਮਰੱਥ 2026-27 ਦੀ ਸ਼ੁਰੂਆਤ ਕੀਤੀ ਹੈ। ਇਸ ਪੜਾਅ ਅਧੀਨ ਸੂਬਾ ਪੱਧਰੀ ਹਾਜ਼ਰੀ ਟਰੈਕਿੰਗ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਮਾਪਿਆਂ ਨੂੰ ਉਨ੍ਹਾਂ ਦੇ ਬੱਚੇ ਦੀ ਹਾਜ਼ਰੀ ਬਾਰੇ ਰੋਜ਼ਾਨਾ ਐਸਐਮਐਸ ਪ੍ਰਾਪਤ ਹੋਣਗੇ, ਜਿਸ ਵਿੱਚ ਹਰ ਗੈਰਹਾਜ਼ਰੀ ਦੀ ਜਾਣਕਾਰੀ ਦਿੱਤੀ ਜਾਵੇਗੀ। ਇਹ ਪ੍ਰਣਾਲੀ ਨਿਯਮਤ ਹਾਜ਼ਰੀ ਨੂੰ ਬਿਹਤਰ ਬਣਾਉਣ, ਸਿੱਖਣ ਦੀ ਨਿਰੰਤਰਤਾ ਨੂੰ ਯਕੀਨੀ ਬਣਾਉਣ, ਕਲਾਸਰੂਮ ਵਿੱਚ ਸ਼ਮੂਲੀਅਤ ਨੂੰ ਵਧਾਉਣ ਅਤੇ ਸਕੂਲਾਂ ਤੇ ਮਾਪਿਆਂ ਦਰਮਿਆਨ ਮਜ਼ਬੂਤ ਜਵਾਬਦੇਹੀ ਬਣਾਉਣ ਲਈ ਤਿਆਰ ਕੀਤੀ ਗਈ ਹੈ ਅਤੇ ਇਹ ਹਾਜ਼ਰੀ ਅਤੇ ਸਿੱਖਣ ਦੇ ਨਤੀਜਿਆਂ ਦਰਮਿਆਨ ਸਬੰਧ ਨੂੰ ਹੋਰ ਮਜ਼ਬੂਤ ਕਰੇਗੀ।

## ਜ਼ਮੀਨੀ ਰੰਜਿਸ਼ ਨੂੰ ਲੈ ਕੇ ਵਿਅਕਤੀ ਦੀ ਕੁੱਟਮਾਰ

ਫਿਰੋਜ਼ਪੁਰ 9 ਅਪ੍ਰੈਲ। ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੇ ਪਿੰਡ ਯਾਰੇ ਸ਼ਾਹ ਵਾਲਾ ਵਿਖੇ ਜ਼ਮੀਨੀ ਰੰਜਿਸ਼ ਨੂੰ ਲੈ ਕੇ ਇਕ ਵਿਅਕਤੀ ਦੇ ਸੱਟਾਂ ਮਾਰਨ ਦੇ ਦੋਸ਼ 'ਚ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਚਮਕੌਰ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਯਾਰੇ ਸ਼ਾਹ ਵਾਲਾ ਨੇ ਦੱਸਿਆ ਕਿ 5 ਅਪ੍ਰੈਲ ਨੂੰ ਸ਼ਾਮ ਕਰੀਬ 7.30 ਵਜੇ ਉਹ ਆਪਣੀ ਹਵੇਲੀ ਤੋਂ ਦੁੱਧ ਡੇਅਰੀ 'ਚ ਪਾਉਣ ਲਈ ਜਾ ਰਿਹਾ ਸੀ ਤਾਂ ਸਾਹਮਣਿਓਂ ਚਮਕੌਰ ਸਿੰਘ ਪੁੱਤਰ ਸਰਵਨ ਸਿੰਘ, ਬਲਵਿੰਦਰ ਸਿੰਘ ਪੁੱਤਰ ਰੌਸ਼ਨ ਸਿੰਘ, ਸਰਵਨ ਸਿੰਘ ਪੁੱਤਰ ਕਸ਼ਮੀਰ ਸਿੰਘ, ਰਣਜੀਤ ਸਿੰਘ ਪੁੱਤਰ ਨਿਰਵੈਰ ਸਿੰਘ ਵਾਸੀਅਨ ਯਾਰੇਸ਼ਾਹ ਵਾਲਾ ਨੇ ਲਲਕਾਰਾ ਮਾਰਿਆ ਕਿ ਫੜ ਲਓ ਅੱਜ ਇਸ ਨੂੰ ਜ਼ਮੀਨ 'ਤੇ ਕਬਜ਼ਾ ਕਰਨ ਦਾ ਮਜ਼ਾ ਚਖਾਉਂਦੇ ਹਾਂ। ਚਮਕੌਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਸਾਰੇ ਮੁਲਜ਼ਮਾਂ ਨੇ ਉਸ ਨੂੰ ਘੇਰਾ ਪਾ ਲਿਆ ਤੇ ਚਮਕੌਰ ਸਿੰਘ ਨੇ ਉਸ ਨੂੰ ਵਾਲਾਂ ਤੋਂ ਫੜ ਕੇ ਉਸ 'ਤੇ ਵਾਰ ਕੀਤਾ। ਚਮਕੌਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਸਾਰੇ ਮੁਲਜ਼ਮਾਂ ਨੇ ਉਸ ਨੂੰ ਸੱਟਾਂ ਮਾਰੀਆਂ ਅਤੇ ਲੋਕ ਇਕੱਠੇ ਹੁੰਦੇ ਵੇਖ ਕੇ ਉਹ ਆਪਣੇ ਹਥਿਆਰਾਂ ਨਾਲ ਸਮੇਤ ਮੌਕੇ ਤੋਂ ਭੱਜ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**PUBLIC NOTICE**

My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

**ਉੱਤਰ ਰੇਲਵੇ**

**ਰੇਲ ਕੋਚ ਨਵੀਨੀਕਰਨ ਕਾਰਖਾਨਾ ਸੋਨੀਪਤ**

**ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਕਾਰਜਸ਼ਾਲਾ ਪ੍ਰਬੰਧਕ ਦਫਤਰ, ਰੇਲ ਕੋਚ ਨਵੀਨੀਕਰਨ ਕਾਰਖਾਨਾ, ਸੋਨੀਪਤ, ਉਤਰ ਰੇਲਵੇ ਹੇਠਾਂ ਲਿਖਤ ਕੰਮ ਦੇ ਲਈ ਈ-ਨਿਵਿਦਾ ਕਰਦੇ ਹਨ।

| | | |
|---|---|---|
| 1 | ਨਿਵਿਦਾ ਨੰਬਰ | 08-RCNK-OPN-FURVB-2026 |
| 2 | ਕੰਮ ਦਾ ਨਾਮ ਅਤੇ ਕੰਮ ਸਥਾਨ | ਆਰਸੀਐਨਕੇ/ਐਸਐਨਪੀ ਵਿਚ ਐਸਐਸ-।। ਦੇ ਦੌਰਾਨ ਵੰਦੇ ਭਾਰਤ ਰੇਕ (08 ਕੋਚ) ਦੇ ਫਰਨੀਸ਼ਿੰਗ ਕੰਮ (ਯਾਂਤਰਿਕ ਅਤੇ ਬਿਜਲੀ) (ਐਜ ਪਰ ਸਕਾਪ ਆਫ ਵਰਕ) |
| 3 | ਅੰਦਾਜਨ ਲਾਗਤ | ਰੁਪਏ 9953259.95 ਜੀਐਸਟੀ @ 18% ਸਮੇਤ |
| 4 | ਬਿਆਨਾ ਰਾਸ਼ੀ | ਰੁ. 199100–00 / –– |
| 5 | ਨਿਵਿਦਾ ਫਾਰਮ ਦਾ ਮੁੱਲ | ਜੀਰੋ |
| 6 | ਕੰਮ ਸਮਾਂ | ਅਵਧੀ ਕੰਮ ਸ਼ੁਰੂ ਹੋਣ ਤੋਂ 06 ਮਹੀਨੇ ਤਕ |
| 7 | ਨਿਵਿਦਾ ਫਾਰਮ ਜਮ੍ਹਾ ਕਰਨ ਦੀ ਅਤੇ ਖੁਲਣ ਦੀ ਮਿਤੀ ਤੇ ਸਮਾਂ | ਮਿਤੀ 23/04/2026 ਨੂੰ 15:00 ਵਜੇ ਤਕ ਖੁਲਣ ਦਾ ਸਮਾਂ 15:15 ਵਜੇ। |
| 8 | ਨਿਵਿਦਾ ਫਾਰਮ ਡਾਊਨਲੋਡ ਕਰਨ ਦੇ ਲਈ ਇੰਟਰਨੈਟ ਸਾਈਟ | ਉਪਰੋਕਤ ਨਿਵਿਦਾ IREPS ਸਾਈਟ 'ਤੇ ਉਪਲਬਧ ਹੈ ਜੋ ਕਿ ਹੈ www.ireps.gov.in |
| 9 | ਜੇਕਰ ਹਿੰਦੀ ਤੇ ਅੰਗ੍ਰੇਜੀ ਦੇ ਨੋਟਿਸ ਵਿਚ ਕੋਈ ਵਿਰੋਧਾਭਾਸ ਹੈ, ਤਾਂ ਅੰਗ੍ਰੇਜੀ ਦਾ ਨੋਟਿਸ ਹੀ ਮਾਨਯ ਹੋਵੇਗਾ। | |

ਪੱਤਰ ਨੰ.08-RCNK-OPN-FURVB-2026 ਤਾਰੀਕ : 08/04/2026 1174/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਅਮਰੀਕਾ ਅਤੇ ਇਰਾਨ ਦੋ ਹਫ਼ਤਿਆਂ ਦੀ ਜੰਗਬੰਦੀ ਲਈ ਸਹਿਮਤ; ਹੋਰਮੁਜ਼ ਜਲਮਾਰਗ ਖੁੱਲ੍ਹੇਗਾ

**ਵਾਸ਼ਿੰਗਟਨ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਦੇਰ ਰਾਤ ਇਰਾਨ 'ਤੇ ਵਿਨਾਸ਼ਕਾਰੀ ਹਮਲੇ ਕਰਨ ਦੀਆਂ ਆਪਣੀਆਂ ਧਮਕੀਆਂ ਵਾਪਸ ਲੈ ਲਈਆਂ ਹਨ। ਅਮਰੀਕਾ ਅਤੇ ਇਰਾਨ ਦੋ ਹਫ਼ਤਿਆਂ ਦੀ ਜੰਗਬੰਦੀ ਲਈ ਸਹਿਮਤ ਹੋ ਗਏ ਹਨ, ਜਿਸ ਵਿੱਚ ਹੋਰਮੁਜ਼ ਦੀ ਜਲਮਾਰਗ ਨੂੰ ਮੁੜ ਖੋਲ੍ਹਣਾ ਵੀ ਸ਼ਾਮਲ ਹੈ। ਟਰੰਪ ਨੇ ਤਹਿਰਾਨ ਨੂੰ ਦਿੱਤੀ ਗਈ ਸਮਾਂ ਸੀਮਾ ਖਤਮ ਹੋਣ ਤੋਂ ਦੋ ਘੰਟੇ ਪਹਿਲਾਂ ਜੰਗ ਨੂੰ ਰੋਕਣ ਦਾ ਫੈਸਲਾ ਕੀਤਾ। ਇਰਾਨ ਦੀ ਸੁਪਰੀਮ ਨੈਸ਼ਨਲ ਸਕਿਉਰਿਟੀ ਕੌਂਸਲ ਨੇ ਜੰਗਬੰਦੀ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਉਹ ਸ਼ੁੱਕਰਵਾਰ ਤੋਂ ਪਾਕਿਸਤਾਨ ਵਿੱਚ ਅਮਰੀਕਾ ਨਾਲ ਗੱਲਬਾਤ ਸ਼ੁਰੂ ਕਰੇਗੀ। ਹਾਲਾਂਕਿ, ਬੁੱਧਵਾਰ ਸਵੇਰੇ ਵੀ ਇਜ਼ਰਾਈਲ, ਇਰਾਨ ਅਤੇ ਖਾੜੀ ਖੇਤਰ ਵਿੱਚ ਹਮਲੇ ਜਾਰੀ ਰਹੇ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਇਸ ਜੰਗਬੰਦੀ ਦਾ ਸਮਰਥਨ ਕਰਦਾ ਹੈ, ਪਰ ਇਹ ਸਮਝੌਤਾ ਲਿਬਨਾਨ ਵਿੱਚ ਹਿਜ਼ਬੁੱਲ੍ਹਾ ਵਿਰੁੱਧ ਲੜਾਈ 'ਤੇ ਲਾਗੂ ਨਹੀਂ ਹੁੰਦਾ। ਇਜ਼ਰਾਈਲ ਨੇ ਸ਼ਰਤ ਰੱਖੀ ਹੈ ਕਿ ਇਰਾਨ ਤੁਰੰਤ ਹੋਰਮੁਜ਼ ਦੀ ਜਲਮਾਰਗ ਖੋਲ੍ਹੇ ਅਤੇ ਹਮਲੇ ਬੰਦ ਕਰੇ।



ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅਨੁਸਾਰ, ਇਸ ਜੰਗਬੰਦੀ ਵਿੱਚ ਇਜ਼ਰਾਈਲ ਅਤੇ ਹਿਜ਼ਬੁੱਲ੍ਹਾ ਵਿਚਕਾਰ ਲੜਾਈ ਰੋਕਣ ਦੀ ਅਪੀਲ ਵੀ ਸ਼ਾਮਲ ਹੈ। ਇਸ ਪ੍ਰਕਿਰਿਆ ਦੌਰਾਨ ਇਰਾਨ ਦੀ 10-ਨੁਕਾਤੀ ਯੋਜਨਾ ਦੇ ਫਾਰਸੀ ਅਤੇ ਅੰਗਰੇਜ਼ੀ ਸੰਸਕਰਣਾਂ ਵਿੱਚ ਫਰਕ ਕਾਰਨ ਕੁਝ ਭੁਲੇਖਾ ਵੀ ਪੈਦਾ ਹੋਇਆ, ਜਿੱਥੇ ਫਾਰਸੀ ਸੰਸਕਰਣ ਵਿੱਚ 'ਪਰਮਾਣੂ ਸੋਧ ਦੀ ਪ੍ਰਵਾਨਗੀ' ਸ਼ਾਮਲ ਸੀ।

ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਜਲਮਾਰਗ ਰਾਹੀਂ ਆਵਾਜਾਈ ਇਰਾਨੀ ਫੌਜੀ ਪ੍ਰਬੰਧਨ ਹੇਠ ਹੋਵੇਗੀ ਅਤੇ ਇਸ ਰਾਹੀਂ ਲੰਘਣ ਵਾਲੇ ਜਹਾਜ਼ਾਂ ਤੋਂ ਇਰਾਨ ਅਤੇ ਓਮਾਨ ਫੀਸ ਵਸੂਲਣਗੇ, ਜਿਸਦੀ ਵਰਤੋਂ ਇਰਾਨ ਮੁੜ ਨਿਰਮਾਣ ਲਈ ਕਰੇਗਾ। ਇਰਾਨ ਨੇ ਜੰਗ ਖਤਮ ਕਰਨ ਲਈ ਖੇਤਰ ਵਿੱਚੋਂ ਅਮਰੀਕੀ ਫੌਜਾਂ ਦੀ ਵਾਪਸੀ, ਪਾਬੰਦੀਆਂ ਹਟਾਉਣ ਅਤੇ ਫ੍ਰੀਜ਼ ਕੀਤੇ ਗਏ ਫੰਡਾਂ ਨੂੰ ਜਾਰੀ ਕਰਨ ਦੀ ਮੰਗ ਕੀਤੀ ਹੈ। ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਫੈਸਲਾ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਨਾਲ ਗੱਲਬਾਤ ਤੋਂ ਬਾਅਦ ਲਿਆ ਹੈ।

ਇਸ ਜੰਗਬੰਦੀ ਦੇ ਐਲਾਨ ਦੇ ਬਾਵਜੂਦ ਤਹਿਰਾਨ ਦੀਆਂ ਸੜਕਾਂ 'ਤੇ ਸਰਕਾਰ ਪੱਖੀ ਪ੍ਰਦਰਸ਼ਨਕਾਰੀਆਂ ਨੇ ਅਮਰੀਕਾ ਅਤੇ ਇਜ਼ਰਾਈਲ ਵਿਰੁੱਧ ਨਾਅਰੇਬਾਜ਼ੀ ਕੀਤੀ। ਜੰਗ ਸ਼ੁਰੂ ਹੋਣ ਤੋਂ ਹੁਣ ਤੱਕ ਇਰਾਨ ਵਿੱਚ 1,900 ਤੋਂ ਵੱਧ ਅਤੇ ਲਿਬਨਾਨ ਵਿੱਚ 1,500 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਦਕਿ ਲੱਖਾਂ ਲੋਕ ਬੇਘਰ ਹੋਏ ਹਨ। ਖਾੜੀ ਦੇਸ਼ਾਂ ਵਿੱਚ ਵੀ ਮਿਜ਼ਾਈਲ ਅਲਰਟ ਜਾਰੀ ਹਨ ਅਤੇ ਅਬੂ ਧਾਬੀ ਵਿੱਚ ਇੱਕ ਗੈਸ ਪਲਾਂਟ ਨੂੰ ਅੱਗ ਲੱਗਣ ਦੀਆਂ ਖ਼ਬਰਾਂ ਹਨ। ਅਮਰੀਕੀ ਫੌਜ ਨੇ ਫਿਲਹਾਲ ਹਮਲਾਵਰ ਕਾਰਵਾਈਆਂ ਰੋਕ ਦਿੱਤੀਆਂ ਹਨ ਪਰ ਰੱਖਿਆਤਮਕ ਕਾਰਵਾਈਆਂ ਜਾਰੀ ਰੱਖਣ ਦੀ ਗੱਲ ਕਹੀ ਹੈ।

ਪੈਰਿਸ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਮੁਤਾਬਿਕ ਅਮਰੀਕਾ ਅਤੇ ਇਰਾਨ ਵਿਚਾਲੇ ਜੰਗਬੰਦੀ ਦੇ ਐਲਾਨ ਤੋਂ ਬਾਅਦ, ਲਗਪਗ 15 ਦੇਸ਼ ਹੋਰਮੁਜ਼ ਜਲ ਮਾਰਗ ਰਾਹੀਂ ਆਵਾਜਾਈ ਨੂੰ ਮੁੜ ਸ਼ੁਰੂ ਕਰਨ ਵਿੱਚ ਮਦਦ ਕਰਨ ਦੀ ਯੋਜਨਾ ਬਣਾ ਰਹੇ ਹਨ। ਦੱਸ ਦੇਈਏ ਕਿ ਦੁਨੀਆ ਦੀ ਤੇਲ ਸਪਲਾਈ ਦਾ ਪੰਜਵਾਂ ਹਿੱਸਾ ਆਮ ਤੌਰ 'ਤੇ ਇਸੇ ਰਸਤੇ ਰਾਹੀਂ ਗੁਜ਼ਰਦਾ ਹੈ। ਬੁੱਧਵਾਰ ਨੂੰ ਆਪਣੇ ਸਲਾਹਕਾਰਾਂ ਅਤੇ ਕੈਬਨਿਟ ਮੈਂਬਰਾਂ ਨਾਲ ਰੱਖਿਆ ਮੁੱਦਿਆਂ 'ਤੇ ਹੋਈ ਮੀਟਿੰਗ ਦੀ ਸ਼ੁਰੂਆਤ ਵਿੱਚ ਮੈਕਰੋਨ ਨੇ ਕਿਹਾ ਕਿ ਫਰਾਂਸ ਦੀ ਅਗਵਾਈ ਹੇਠ ਲਗਪਗ 15 ਦੇਸ਼ ਇਸ ਸਮੇਂ ਲਾਮਬੰਦ ਹਨ ਅਤੇ ਯੋਜਨਾਬੰਦੀ ਵਿੱਚ ਹਿੱਸਾ ਲੈ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਪੂਰੀ ਤਰ੍ਹਾਂ ਰੱਖਿਆਤਮਕ ਮਿਸ਼ਨ ਨੂੰ ਇਰਾਨ ਨਾਲ ਤਾਲਮੇਲ ਕਰਕੇ ਲਾਗੂ ਕੀਤਾ ਜਾਵੇਗਾ ਤਾਂ ਜੋ ਸਮੁੰਦਰੀ ਆਵਾਜਾਈ ਨੂੰ ਮੁੜ ਸੁਚਾਰੂ ਬਣਾਉਣ ਵਿੱਚ ਸਹੂਲਤ ਮਿਲ ਸਕੇ। ਰਾਈਟਰਸ

ਦੁਬਈ ਅਮਰੀਕਾ ਨੇ ਇਜ਼ਰਾਈਲ ਨੂੰ ਭਰੋਸਾ ਦਿੱਤਾ ਹੈ ਕਿ ਉਹ ਆਉਣ ਵਾਲੀਆਂ ਗੱਲਬਾਤਾਂ ਦੌਰਾਨ ਇਰਾਨ ਦੀ ਪ੍ਰਮਾਣੂ ਸਮੱਗਰੀ ਅਤੇ ਮਿਜ਼ਾਈਲ ਖ਼ਤਰੇ ਨੂੰ ਖਤਮ ਕਰਨ ਲਈ ਵਚਨਬੱਧ ਹੈ। ਇਹ ਜਾਣਕਾਰੀ ਇਜ਼ਰਾਈਲ ਦੇ ਇੱਕ ਸੀਨੀਅਰ ਅਧਿਕਾਰੀ ਵੱਲੋਂ ਦਿੱਤੀ ਗਈ ਹੈ। ਟਰੰਪ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਇਜ਼ਰਾਈਲ ਨੂੰ ਦੱਸਿਆ ਕਿ ਅਗਲੇ ਦੋ ਹਫ਼ਤਿਆਂ ਵਿੱਚ ਹੋਣ ਵਾਲੀ ਗੱਲਬਾਤ ਦੌਰਾਨ ਅਮਰੀਕਾ ਪ੍ਰਮਾਣੂ ਸਮੱਗਰੀ ਨੂੰ ਹਟਾਉਣ, ਯੂਰੇਨੀਅਮ ਸੰਵਰਧਨ ਨੂੰ ਰੋਕਣ, ਬੈਲਿਸਟਿਕ ਮਿਜ਼ਾਈਲਾਂ ਦੇ ਖ਼ਤਰੇ ਨੂੰ ਖਤਮ ਕਰਨ ਅਤੇ ਹੋਰ ਕਈ ਮੁੱਦਿਆਂ 'ਤੇ ਸਖ਼ਤੀ ਨਾਲ ਜ਼ੋਰ ਦੇਵੇਗਾ। ਇਸ ਅਧਿਕਾਰੀ ਨੇ, ਜਿਸ ਨੇ ਗੁਪਤ ਡਿਪਲੋਮੈਟਿਕ ਗੱਲਬਾਤ ਦਾ ਹਵਾਲਾ ਦਿੰਦੇ ਹੋਏ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਗੱਲ ਕੀਤੀ, ਇਹਨਾਂ ਸ਼ਰਤਾਂ ਨੂੰ ਇਜ਼ਰਾਈਲ ਅਤੇ ਅਮਰੀਕਾ ਦੇ ਸਾਂਝੇ ਟੀਚੇ ਦੱਸਿਆ ਹੈ। ਏਪੀ

ਭਾਰਤ ਨੇ ਬੁੱਧਵਾਰ ਨੂੰ ਅਮਰੀਕਾ ਅਤੇ ਇਰਾਨ ਵਿਚਾਲੇ ਹੋਈ ਜੰਗਬੰਦੀ ਦਾ ਸਵਾਗਤ ਕੀਤਾ। ਭਾਰਤ ਨੇ ਉਮੀਦ ਜਤਾਈ ਕਿ ਇਹ ਕਦਮ ਪੱਛਮੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਕਰੇਗਾ। ਇਸ ਦੇ ਨਾਲ ਹੀ ਭਾਰਤ ਨੇ ਦੋਵਾਂ ਦੇਸ਼ਾਂ ਵਿਚਾਲੇ ਲਗਾਤਾਰ ਗੱਲਬਾਤ ਅਤੇ ਕੂਟਨੀਤਕ ਰਿਸ਼ਤਿਆਂ ਨੂੰ ਬਣਾਏ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

# ਅਸੀਂ ਤੈਅ ਕਰ ਸਕਦੇ ਹਾਂ ਕਿ ਧਰਮ ਵਿੱਚ ਅੰਧਵਿਸ਼ਵਾਸ ਕੀ ਹੈ: ਸੁਪਰੀਮ ਕੋਰਟ

**ਨਵੀਂ ਦਿੱਲੀ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਟਿੱਪਣੀ ਕੀਤੀ ਕਿ ਉਸ ਕੋਲ ਇਹ ਤੈਅ ਕਰਨ ਦਾ ਅਧਿਕਾਰ ਅਤੇ ਅਧਿਕਾਰ ਖੇਤਰ ਹੈ ਕਿ ਕਿਸੇ ਧਰਮ ਵਿੱਚ ਅੰਧਵਿਸ਼ਵਾਸੀ ਪ੍ਰਥਾ ਕੀ ਹੈ। ਇਹ ਟਿੱਪਣੀ ਕੇਂਦਰ ਦੀ ਉਸ ਦਲੀਲ ਦੇ ਜਵਾਬ ਵਿੱਚ ਆਈ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਇੱਕ ਧਰਮ ਨਿਰਪੱਖ ਅਦਾਲਤ ਇਸ ਮੁੱਦੇ ਦਾ ਫੈਸਲਾ ਨਹੀਂ ਕਰ ਸਕਦੀ ਕਿਉਂਕਿ ਜੱਜ ਕਾਨੂੰਨ ਦੇ ਖੇਤਰ ਵਿੱਚ ਮਾਹਰ ਹੁੰਦੇ ਹਨ, ਧਰਮ ਵਿੱਚ ਨਹੀਂ। ਭਾਰਤ ਦੇ ਮੁੱਖ ਜੱਜ ਸੂਰਿਆ ਕਾਂਤ ਦੀ ਅਗਵਾਈ ਵਾਲਾ ਨੌਂ ਜੱਜਾਂ ਦਾ ਸੰਵਿਧਾਨਕ ਬੈਂਚ ਧਾਰਮਿਕ ਸਥਾਨਾਂ 'ਤੇ ਔਰਤਾਂ ਨਾਲ ਹੁੰਦੇ ਵਿਤਕਰੇ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ ਕਰ ਰਿਹਾ ਹੈ, ਜਿਸ ਵਿੱਚ ਕੇਰਲ ਦਾ ਸਬਰੀਮਾਲਾ ਮੰਦਰ ਅਤੇ ਵੱਖ-ਵੱਖ ਧਰਮਾਂ ਵੱਲੋਂ ਮਾਨੀ ਜਾਣ ਵਾਲੀ ਧਾਰਮਿਕ ਆਜ਼ਾਦੀ ਦਾ ਦਾਇਰਾ ਅਤੇ ਸੀਮਾ ਸ਼ਾਮਲ ਹੈ।

ਸ਼ੁਰੂਆਤ ਵਿੱਚ, ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸਵਾਲ ਕੀਤਾ ਕਿ ਅਦਾਲਤ ਇਹ ਕਿਵੇਂ ਤੈਅ ਕਰਦੀ ਹੈ ਕਿ ਅੰਧਵਿਸ਼ਵਾਸੀ ਪ੍ਰਥਾ ਕੀ ਹੈ।

ਉਨ੍ਹਾਂ ਕਿਹਾ, ਜੇ ਇਹ ਮੰਨ ਵੀ ਲਿਆ ਜਾਵੇ ਕਿ ਕੋਈ ਅੰਧਵਿਸ਼ਵਾਸੀ ਪ੍ਰਥਾ ਮੌਜੂਦ ਹੈ, ਤਾਂ ਇਹ ਤੈਅ ਕਰਨਾ ਅਦਾਲਤ ਦਾ ਕੰਮ ਨਹੀਂ ਹੈ ਕਿ ਇਹ ਅੰਧਵਿਸ਼ਵਾਸ ਹੈ। ਸੰਵਿਧਾਨ ਦੀ ਧਾਰਾ 25(2)(ਬੀ) ਦੇ ਤਹਿਤ, ਇਹ ਵਿਧਾਨਪਾਲਿਕਾ ਦਾ ਕੰਮ ਹੈ ਕਿ ਉਹ ਦਖਲ ਦੇਵੇ ਅਤੇ ਸੁਧਾਰ ਕਾਨੂੰਨ ਬਣਾਵੇ।



ਮਹਿਤਾ ਨੇ ਬੈਂਚ ਨੂੰ ਦੱਸਿਆ, ਵਿਧਾਨਪਾਲਿਕਾ ਕਹਿ ਸਕਦੀ ਹੈ ਕਿ ਕੋਈ ਖਾਸ ਪ੍ਰਥਾ ਅੰਧਵਿਸ਼ਵਾਸ ਹੈ ਅਤੇ ਇਸ ਵਿੱਚ ਸੁਧਾਰ ਦੀ ਲੋੜ ਹੈ। ਕਾਲੇ ਜਾਦੂ ਅਤੇ ਅਜਿਹੀਆਂ ਹੋਰ ਪ੍ਰਥਾਵਾਂ ਦੀ ਰੋਕਥਾਮ ਲਈ ਕਈ ਅਜਿਹੇ ਕਾਨੂੰਨ ਮੌਜੂਦ ਹਨ। ਇਸ ਬੈਂਚ ਵਿੱਚ ਜਸਟਿਸ ਬੀ.ਵੀ. ਨਾਗਰਤਨਾ, ਐਮ.ਐਮ. ਸੁੰਦਰੇਸ਼, ਅਹਿਸਾਨੁਦੀਨ ਅਮਾਨੁੱਲਾ, ਅਰਵਿੰਦ ਕੁਮਾਰ, ਆਗਸਟੀਨ ਜਾਰਜ ਮਸੀਹ, ਪ੍ਰਸੰਨਾ ਬੀ. ਵਰਾਲੇ, ਆਰ. ਮਹਾਦੇਵਨ ਅਤੇ ਜੋਇਮਾਲਿਆ ਬਾਗਚੀ ਵੀ ਸ਼ਾਮਲ ਸਨ।

ਮਹਿਤਾ ਦੀ ਦਲੀਲ ਦਾ ਜਵਾਬ ਦਿੰਦੇ ਹੋਏ ਜਸਟਿਸ ਅਮਾਨੁੱਲਾ ਨੇ ਕਿਹਾ ਕਿ ਇਹ ਬਿਆਨ ਬਹੁਤ ਸਰਲ ਹੈ, ਕਿਉਂਕਿ ਅਦਾਲਤ ਕੋਲ ਇਹ ਮੰਨਣ ਦਾ ਅਧਿਕਾਰ ਅਤੇ ਅਧਿਕਾਰ ਖੇਤਰ ਹੈ ਕਿ ਕੋਈ ਚੀਜ਼ ਅੰਧਵਿਸ਼ਵਾਸ ਹੈ ਜਾਂ ਨਹੀਂ।

ਉਨ੍ਹਾਂ ਕਿਹਾ, ਇਸ ਤੋਂ ਬਾਅਦ ਕੀ ਹੋਵੇਗਾ, ਉਹ ਵਿਧਾਨਪਾਲਿਕਾ ਦੇ ਨਜਿੱਠਣ ਲਈ ਹੈ। ਪਰ, ਅਦਾਲਤ ਵਿੱਚ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਵਿਧਾਨਪਾਲਿਕਾ ਜੋ ਵੀ ਫੈਸਲਾ ਲੈਂਦੀ ਹੈ ਉਹ ਆਖਰੀ ਸ਼ਬਦ ਹੈ। ਅਜਿਹਾ ਨਹੀਂ ਹੋ ਸਕਦਾ।

ਮਹਿਤਾ ਨੇ ਕਿਹਾ ਕਿ ਇੱਕ ਧਰਮ ਨਿਰਪੱਖ ਅਦਾਲਤ ਇਹ ਫੈਸਲਾ ਨਹੀਂ ਕਰ ਸਕਦੀ ਕਿ ਕੋਈ ਧਾਰਮਿਕ ਪ੍ਰਥਾ ਸਿਰਫ਼ ਅੰਧਵਿਸ਼ਵਾਸ ਹੈ, ਕਿਉਂਕਿ ਅਦਾਲਤ ਕੋਲ ਅਜਿਹੀ ਵਿਦਵਾਨ ਯੋਗਤਾ ਨਹੀਂ ਹੋ ਸਕਦੀ। ਉਨ੍ਹਾਂ ਕਿਹਾ, ਤੁਸੀਂ ਕਾਨੂੰਨ ਦੇ ਖੇਤਰ ਵਿੱਚ ਮਾਹਰ ਹੋ, ਧਰਮ ਵਿੱਚ ਨਹੀਂ।

ਜਸਟਿਸ ਬਾਗਚੀ ਨੇ ਮਹਿਤਾ ਨੂੰ ਪੁੱਛਿਆ, ਤੁਹਾਡੀ ਦਲੀਲ ਇਹ ਹੈ ਕਿ ਇਸ ਨੂੰ ਰੋਕਣ ਲਈ ਕਾਨੂੰਨ ਬਣਾਉਣਾ ਵਿਧਾਨਪਾਲਿਕਾ ਦਾ ਕੰਮ ਹੈ। ਮੰਨ ਲਓ ਕਿ ਸੰਵਿਧਾਨ ਦੀ ਧਾਰਾ 32 ਦੇ ਤਹਿਤ ਅਦਾਲਤ ਤੱਕ ਪਹੁੰਚ ਕੀਤੀ ਜਾਂਦੀ ਹੈ ਕਿ ਜਾਦੂ-ਟੂਣੇ ਦੀ ਧਾਰਮਿਕ ਪ੍ਰਥਾ ਮੌਜੂਦ ਹੈ, ਅਤੇ ਵਿਧਾਨਪਾਲਿਕਾ ਚੁੱਪ ਹੈ। ਕੀ ਅਦਾਲਤ ਸਿਹਤ, ਨੈਤਿਕਤਾ ਅਤੇ ਜਨਤਕ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹੀ ਪ੍ਰਥਾ ਨੂੰ ਰੋਕਣ ਲਈ ਨਿਰਦੇਸ਼ ਦੇਣ ਲਈ ਡਾਕਟਰਿਨ ਆਫ ਅਨਔਕੂਪਾਈਡ ਫੀਲਡ ਦੀ ਵਰਤੋਂ ਨਹੀਂ ਕਰ ਸਕਦੀ?

## ਰਵਿੰਦਰ ਸਿੰਘ ਖੁਰਾਨਾ ਦੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਲ

**ਨਵੀਂ ਦਿੱਲੀ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸ੍ਰ. ਰਵਿੰਦਰ ਸਿੰਘ ਖੁਰਾਨਾ ਦੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਪਰਿਵਾਰ ਵਿੱਚ ਸ਼ਾਮਲ ਹੋਣ 'ਤੇ ਉਨ੍ਹਾਂ ਦਾ ਦਿਲੋਂ ਸਵਾਗਤ ਕੀਤਾ।

ਸ੍ਰ. ਕਾਲਕਾ ਜੀ ਨੇ ਕਿਹਾ ਕਿ ਸ੍ਰ. ਖੁਰਾਨਾ ਵਰਗੀਆਂ ਸਮਰਪਿਤ, ਸੰਘਰਸ਼ਸ਼ੀਲ ਅਤੇ ਪੰਥਕ ਸੋਚ ਵਾਲੀਆਂ ਸ਼ਖ਼ਸੀਅਤਾਂ ਦੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨਾਲ ਜੁੜਨ ਨਾਲ ਸੰਸਥਾ ਦੀ ਤਾਕਤ ਵਿੱਚ ਵਾਧਾ ਹੁੰਦਾ ਹੈ ਅਤੇ ਸੰਗਤ ਦੀ ਨਿਸ਼ਕਾਮ ਸੇਵਾ ਦੇ ਉਦੇਸ਼ ਨੂੰ ਹੋਰ ਮਜ਼ਬੂਤੀ ਮਿਲਦੀ ਹੈ। ਉਨ੍ਹਾਂ ਨੇ ਭਰੋਸਾ ਜਤਾਇਆ ਕਿ ਸ੍ਰ. ਖੁਰਾਨਾ ਦੇ ਤਜਰਬੇ, ਸਮਾਜਿਕ ਜੁੜਾਅ ਅਤੇ ਸੇਵਾਭਾਵ ਨਾਲ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੀਆਂ ਗਤੀਵਿਧੀਆਂ ਨੂੰ ਨਵੀਂ ਦਿਸ਼ਾ ਅਤੇ ਤਾਕਤ ਮਿਲੇਗੀ।



ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਸਦਾ ਤੋਂ ਹੀ ਪੰਥ ਅਤੇ ਸੰਗਤ ਦੀ ਨਿਸ਼ਕਾਮ ਸੇਵਾ, ਸਿੱਖ ਸੰਸਥਾਵਾਂ ਦੀ ਮਜ਼ਬੂਤੀ ਅਤੇ ਕੌਮੀ ਏਕਤਾ ਦੇ ਮਹਾਨ ਉਦੇਸ਼ਾਂ ਲਈ ਵਚਨਬੱਧ ਰਹੀ ਹੈ, ਅਤੇ ਇਸ ਪਵਿੱਤਰ ਮਿਸ਼ਨ ਨੂੰ ਅੱਗੇ ਵਧਾਉਣ ਲਈ ਸਾਰੇ ਸਮਰਪਿਤ ਸਾਥੀਆਂ ਦਾ ਸਵਾਗਤ ਹੈ।

## ਆਰ.ਬੀ.ਆਈ. ਨੇ ਵਿਆਜ ਦਰਾਂ ਵਿੱਚ ਨਹੀਂ ਕੀਤਾ ਕੋਈ ਬਦਲਾਅ

**ਮੁੰਬਈ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਰਿਜ਼ਰਵ ਬੈਂਕ ਨੇ ਬੁੱਧਵਾਰ ਨੂੰ ਉਮੀਦ ਅਨੁਸਾਰ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਹੈ। ਇਹ ਫੈਸਲਾ ਅਮਰੀਕਾ-ਇਜ਼ਰਾਈਲ ਦੀ ਇਰਾਨ ਵਿਰੁੱਧ ਛੇ ਹਫ਼ਤਿਆਂ ਦੀ ਲੜਾਈ ਤੋਂ ਬਾਅਦ ਹੋਈ ਜੰਗਬੰਦੀ ਅਤੇ ਦੁਨੀਆ ਭਰ ਦੇ ਹਾਲਾਤ ਸੁਧਰਨ ਦੀ ਉਮੀਦ ਨੂੰ ਦੇਖਦੇ ਹੋਏ ਲਿਆ ਗਿਆ ਹੈ। ਪਿਛਲੇ ਮਹੀਨੇ ਸਰਕਾਰ ਵੱਲੋਂ ਆਰ ਬੀ ਆਈ ਲਈ ਮਹਿੰਗਾਈ ਦਾ ਨਵਾਂ ਟੀਚਾ ਐਲਾਨੇ ਜਾਣ ਤੋਂ ਬਾਅਦ ਇਹ ਪਹਿਲੀ ਮੁਦਰਾ ਨੀਤੀ ਸਮੀਖਿਆ ਹੈ। ਸਰਕਾਰ ਨੇ ਆਰ ਬੀ ਆਈ ਨੂੰ ਮਾਰਚ 2031 ਤੱਕ ਅਗਲੇ ਪੰਜ ਸਾਲਾਂ ਲਈ ਪ੍ਰਚੂਨ ਮਹਿੰਗਾਈ ਨੂੰ 4 ਫੀਸਦੀ (2 ਫੀਸਦੀ ਉੱਪਰ ਜਾਂ ਹੇਠਾਂ ਦੀ ਛੋਟ ਦੇ ਨਾਲ) 'ਤੇ ਰੱਖਣ ਲਈ ਕਿਹਾ ਹੈ।

ਇਸ ਵਿੱਤੀ ਸਾਲ ਦੀ ਪਹਿਲੀ ਮੁਦਰਾ ਨੀਤੀ ਦਾ ਐਲਾਨ ਕਰਦੇ ਹੋਏ ਆਰ.ਬੀ.ਆਈ ਦੇ ਗਵਰਨਰ ਸੰਜੇ ਮਲਹੋਤਰਾ ਨੇ ਦੱਸਿਆ ਕਿ ਮੁਦਰਾ ਨੀਤੀ ਕਮੇਟੀ ਨੇ ਸਾਰਿਆਂ ਦੀ ਸਹਿਮਤੀ ਨਾਲ ਰੈਪੋ ਰੇਟ ਨੂੰ 5.25 ਫੀਸਦੀ 'ਤੇ ਹੀ ਰੱਖਣ ਦਾ ਫੈਸਲਾ ਕੀਤਾ ਹੈ।

ਵਿਆਜ ਦਰਾਂ ਵਿੱਚ ਕਟੌਤੀ ਨਾ ਕਰਨ ਦਾ ਇਹ ਫੈਸਲਾ ਖਪਤਕਾਰ ਮੁੱਲ ਸੂਚਕ ਅੰਕ (CPI) 'ਤੇ ਆਧਾਰਿਤ ਪ੍ਰਚੂਨ ਮਹਿੰਗਾਈ ਕਾਰਨ ਲਿਆ ਗਿਆ ਹੈ, ਜੋ ਫਰਵਰੀ ਵਿੱਚ 3.21 ਫੀਸਦੀ ਰਹੀ ਸੀ ਅਤੇ ਆਰ ਬੀ ਆਈ ਦੇ 4 ਫੀਸਦੀ ਦੇ ਤੈਅ ਕੀਤੇ ਹੋਏ ਟੀਚੇ ਦੇ ਨੇੜੇ ਪਹੁੰਚ ਗਈ ਸੀ।

ਇਹ ਨੀਤੀਗਤ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਪੱਛਮੀ ਏਸ਼ੀਆ ਵਿੱਚ ਡੇਢ ਮਹੀਨੇ ਤੱਕ ਚੱਲੀ ਲੜਾਈ ਕਾਰਨ ਤੇਲ ਦੀ ਸਪਲਾਈ ਵਿੱਚ ਦਿੱਕਤ ਆਈ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਧ ਗਈਆਂ।

## 2029 ਦੀਆਂ ਚੋਣਾਂ ਤੱਕ 33 ਫ਼ੀਸਦੀ ਮਹਿਲਾ ਰਾਖਵਾਂਕਰਨ ਲਾਗੂ ਕਰਨ ਲਈ ਕਾਨੂੰਨਾਂ 'ਚ ਸੋਧਾਂ ਕਰਨ ਦੀ ਤਿਆਰੀ

**ਨਵੀਂ ਦਿੱਲੀ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਕੈਬਨਿਟ ਨੇ ਮੌਜੂਦਾ ਕਾਨੂੰਨਾਂ ਵਿੱਚ ਸੋਧਾਂ ਨੂੰ ਮਨਜ਼ੂਰੀ ਦੇਣ ਲਈ ਤਿਆਰ ਖਿੱਚ ਲਈ ਹੈ ਤਾਂ ਜੋ ਲੰਮੇ ਸਮੇਂ ਤੋਂ ਲਟਕ ਰਹੇ 33 ਫੀਸਦੀ ਮਹਿਲਾ ਰਾਖਵੇਂਕਰਨ ਨੂੰ 2029 ਦੀਆਂ ਲੋਕ ਸਭਾ ਚੋਣਾਂ ਤੱਕ ਲਾਗੂ ਕੀਤਾ ਜਾ ਸਕੇ।

ਇਸ ਉਦੇਸ਼ ਲਈ ਦੋ ਬਿੱਲਾਂ ਨੂੰ ਮਨਜ਼ੂਰੀ ਮਿਲਣ ਦੀ ਉਮੀਦ ਹੈ। ਪਹਿਲਾ ਬਿੱਲ 2023 ਦੇ 'ਨਾਰੀ ਸ਼ਕਤੀ ਵੰਦਨ ਕਾਨੂੰਨ' ਵਿੱਚ ਬਦਲਾਅ ਕਰਨ ਲਈ ਹੈ। ਮੌਜੂਦਾ ਕਾਨੂੰਨ ਮੁਤਾਬਕ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਉਦੋਂ ਹੀ ਰਾਖਵੀਆਂ ਹੋ ਸਕਦੀਆਂ ਹਨ, ਜਦੋਂ 2026 ਦੀ ਮਰਦਮਸ਼ੁਮਾਰੀ ਤੋਂ ਬਾਅਦ ਸੀਟਾਂ ਦੀ ਨਵੀਂ ਹੱਦਬੰਦੀ ਦਾ ਕੰਮ ਪੂਰਾ ਹੋ ਜਾਵੇਗਾ।



ਦੂਜੇ ਬਿੱਲ ਰਾਹੀਂ ਸੰਵਿਧਾਨ ਦੀ 84ਵੀਂ ਸੋਧ ਵਿੱਚ ਬਦਲਾਅ ਕਰਨ ਦੀ ਲੋੜ ਪਵੇਗੀ, ਜੋ ਭਾਰਤ ਵਿੱਚ 2026 ਤੱਕ ਸੀਟਾਂ ਦੀ ਹੱਦਬੰਦੀ ਦੀ ਪ੍ਰਕਿਰਿਆ 'ਤੇ ਰੋਕ ਲਗਾਉਂਦੀ ਹੈ। ਹੁਣ ਹੱਦਬੰਦੀ ਦੇ ਕੰਮ ਨੂੰ ਜਲਦੀ ਸ਼ੁਰੂ ਕਰਨ ਲਈ ਸਰਕਾਰ ਨੂੰ ਇਸ ਰੋਕ ਨੂੰ ਖਤਮ ਕਰਨਾ ਹੋਵੇਗਾ।

ਸਰਕਾਰ ਦੀ ਯੋਜਨਾ ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਸੀਟਾਂ ਦੀ ਗਿਣਤੀ 50 ਫੀਸਦੀ ਵਧਾਉਣ ਅਤੇ ਇਨ੍ਹਾਂ ਸਦਨਾਂ ਦੇ ਵਧੇ ਹੋਏ ਮੈਂਬਰਾਂ ਦੀ ਗਿਣਤੀ ਦੇ ਆਧਾਰ 'ਤੇ ਔਰਤਾਂ ਨੂੰ ਰਾਖਵਾਂਕਰਨ ਦੇਣ ਦੀ ਹੈ। ਮਹਿਲਾ ਰਾਖਵਾਂਕਰਨ ਬਿੱਲ 1990 ਦੇ ਦਹਾਕੇ ਤੋਂ ਲਟਕ ਰਿਹਾ ਸੀ। ਸਾਲ 2023 ਵਿੱਚ ਨਵੇਂ ਸੰਸਦ ਭਵਨ ਵਿੱਚ ਸੰਸਦ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਜਾਣ ਵਾਲਾ ਇਹ ਪਹਿਲਾ ਵਿਧਾਨਿਕ ਬਿੱਲ ਸੀ।

## ਇੱਕ 'ਪਿਤਾ' ਲਈ ਵੱਡੀ ਰਾਹਤ: 'ਮੁੱਖ ਮੰਤਰੀ ਸਿਹਤ ਯੋਜਨਾ' ਹੇਠ ਚਾਰ ਮਹੀਨੇ ਦੀ ਦਿਲਜੋਤ ਨੂੰ 2.77 ਲੱਖ ਰੁਪਏ ਦਾ ਇਲਾਜ ਕਵਰ ਮਿਲਿਆ

**ਚੰਡੀਗੜ੍ਹ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਸੀ ਕਿ ਇਲਾਜ ਬਾਰੇ ਸੋਚੋ, ਨਾ ਕਿ ਬਿੱਲ ਬਾਰੇ। ਸਰਕਾਰ ਤੁਹਾਡੇ ਇਲਾਜ ਦਾ ਖ਼ਰਚਾ ਚੁੱਕੇਗੀ। ਅਬੋਹਰ ਵਿੱਚ ਰਸ਼ਪ੍ਰੀਤ ਕੌਰ ਅਤੇ ਭਰਤ ਕੁਮਾਰ ਦੇ ਘਰ ਜੰਮੀ ਚਾਰ ਮਹੀਨੇ ਦੀ ਦਿਲਜੋਤ ਵਰਗੇ ਪਰਿਵਾਰਾਂ ਲਈ ਇਹ ਸ਼ਬਦ ਬਹੁਤ ਮਾਇਨੇ ਰੱਖਦੇ ਹਨ। ਦਿਲਜੋਤ ਨੂੰ ਗੰਭੀਰ ਸੰਕਰਮਣ ਅਤੇ ਵੈਂਟ੍ਰਿਕਿਊਲਰ ਸੈਪਟਲ ਡਿਫੈਕਟ (ਦਿਲ ਵਿੱਚ ਛੇਦ) ਦੀ ਬੀਮਾਰੀ ਪਾਈ ਗਈ, ਜੋ ਜਨਮ ਤੋਂ ਪਹਿਲਾਂ ਹੀ ਵਿਕਸਿਤ ਹੋ ਜਾਂਦੀ ਹੈ। ਉਸਦੇ ਮਾਪੇ ਉਸਨੂੰ ਇਲਾਜ ਲਈ ਬਠਿੰਡਾ ਲੈ ਗਏ, ਉਨ੍ਹਾਂ ਦਾ ਇੱਕੋ ਮਕਸਦ ਸੀ—ਉਸਦੀ ਜ਼ਿੰਦਗੀ ਬਚਾਉਣਾ। ਗੰਭੀਰ ਇਲਾਜ ਦਾ ਖਰਚਾ ਬਹੁਤ ਵੱਧ ਸੀ, ਪਰ ਮੁੱਖ ਮੰਤਰੀ ਸਿਹਤ ਯੋਜਨਾ ਉਨ੍ਹਾਂ ਲਈ ਵਰਦਾਨ ਬਣ ਕੇ ਆਈ। ਦਿਲਜੋਤ ਨੂੰ ਵਿਸ਼ੇਸ਼ ਚਿਕਿਤਸਕ ਦੇਖਭਾਲ ਮਿਲੀ, ਜਿਸ ਵਿੱਚ 24 ਘੰਟੇ ਨਿਗਰਾਨੀ ਸ਼ਾਮਲ ਸੀ, ਅਤੇ ਉਸਦੇ ਪਰਿਵਾਰ ਨੂੰ ਇੱਕ ਦਿਨ ਵੀ ਪੈਸਿਆਂ ਦੀ ਚਿੰਤਾ ਨਹੀਂ ਕਰਨੀ ਪਈ।

ਭਰਤ ਕੁਮਾਰ, ਜੋ ਅਬੋਹਰ ਵਿੱਚ ਇੱਕ ਛੋਟਾ ਸੈਲੂਨ ਚਲਾਉਂਦੇ ਹਨ, ਨੇ ਕਿਹਾ ਕਿ ਉਸਨੂੰ ਡਾਕਟਰਾਂ ਵੱਲੋਂ ਇਹ ਦੱਸਿਆ ਗਿਆ ਸੀ ਕਿ ਉਨ੍ਹਾਂ ਦੀ ਧੀ ਦੇ ਦਿਲ ਵਿੱਚ ਛੇਦ ਹੈ। ਉਨ੍ਹਾਂ ਦੀ ਬੱਚੀ ਦਾ ਇਲਾਜ ਦੋ ਵੱਖ-ਵੱਖ ਹਸਪਤਾਲਾਂ ਵਿੱਚ ਹੋਇਆ ਅਤੇ ਸਿਹਤ ਕਾਰਡ ਹੇਠ 2.77 ਲੱਖ ਰੁਪਏ ਦਾ ਸਾਰਾ ਖਰਚਾ ਕਵਰ ਹੋ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਹ ਯੋਜਨਾ ਯਕੀਨੀ ਬਣਾਉਂਦੀ ਹੈ ਕਿ ਕਿਸੇ ਵੀ ਪਰਿਵਾਰ ਨੂੰ ਸਿਹਤ ਅਤੇ ਆਰਥਿਕ ਮੁਸ਼ਕਲਾਂ ਵਿੱਚੋਂ ਕਿਸੇ ਇੱਕ ਦੀ ਚੋਣ ਨਾ ਕਰਨੀ ਪਵੇ। ਇਸ ਯੋਜਨਾ ਹੇਠ ਹਰ ਮਾਂ ਅਤੇ ਨਵਜਾਤ ਬੱਚੇ ਨੂੰ ਸਾਲਾਨਾ 10 ਲੱਖ ਤੱਕ ਦਾ ਕੈਸ਼ਲੈੱਸ ਇਲਾਜ ਮਿਲ ਸਕਦਾ ਹੈ—ਚਾਹੇ ਸਰਕਾਰੀ ਹਸਪਤਾਲ ਹੋਵੇ ਜਾਂ ਸੂਚੀਬੱਧ ਨਿੱਜੀ ਹਸਪਤਾਲ—ਅਤੇ ਇਹ ਸਹੂਲਤ ਬੱਚੇ ਦੇ ਜਨਮ ਦੇ ਪਹਿਲੇ ਘੰਟਿਆਂ ਤੋਂ ਹੀ ਉਪਲਬਧ ਹੁੰਦੀ ਹੈ।



ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਬਲਬੀਰ ਸਿੰਘ ਨੇ ਕਿਹਾ ਕਿ ਅਸੀਂ ਪਿੰਡਾਂ ਵਿੱਚ ਪ੍ਰੋਗਰਾਮ ਚਲਾ ਰਹੇ ਹਾਂ ਤਾਂ ਜੋ ਪਰਿਵਾਰ ਸਮੇਂ 'ਤੇ ਜਾਂਚ ਕਰਵਾਉਣ ਅਤੇ ਇਲਾਜ ਵਿੱਚ ਦੇਰੀ ਨਾ ਕਰਨ। ਪਿਛਲੇ ਤਿੰਨ ਮਹੀਨਿਆਂ ਵਿੱਚ ਹੀ 6,000 ਤੋਂ ਵੱਧ ਨਵਜਾਤ ਬੱਚਿਆਂ ਦਾ ਇਲਾਜ ਇਸ ਯੋਜਨਾ ਹੇਠ ਕੀਤਾ ਗਿਆ ਹੈ, ਜੋ ਨਵਜੰਮੇ ਬੱਚਿਆਂ ਨੂੰ ਸਮੇਂ ਸਿਰ ਚਿਕਿਤਸਕ ਸੇਵਾ ਦੇਣ ਵਿੱਚ ਯੋਜਨਾ ਦੀ ਵਧ ਰਹੀ ਪਹੁੰਚ ਨੂੰ ਦਰਸਾਉਂਦਾ ਹੈ। ਇਹ ਯੋਜਨਾ ਜਨਮ ਦੇ ਸਮੇਂ ਘੱਟ ਵਜ਼ਨ, ਸਮੇਂ ਤੋਂ ਪਹਿਲਾਂ ਜਨਮ, ਸੰਕਰਮਣ ਅਤੇ ਹੋਰ ਨਵਜਾਤ ਜਟਿਲਤਾਵਾਂ ਦੇ ਇਲਾਜ ਵਿੱਚ ਮਦਦ ਕਰਦੀ ਹੈ ਅਤੇ ਮਾਂ ਦੀ ਸਿਹਤ ਸੰਭਾਲ ਅਤੇ ਜਣੇਪੇ ਤੋਂ ਬਾਅਦ ਦੀਆਂ ਸਿਹਤ ਸੇਵਾਵਾਂ ਨੂੰ ਵੀ ਮਜ਼ਬੂਤ ਬਣਾਉਂਦੀ ਹੈ।

ਦਿਲਜੋਤ ਦਾ ਕੇਸ ਇਕੱਲਾ ਨਹੀਂ ਹੈ। ਸਾਰੇ ਪੰਜਾਬ ਵਿੱਚ ਹੁਣ ਪਰਿਵਾਰ ਨਵਜਾਤ ਬੱਚਿਆਂ ਨੂੰ ਸ਼ੁਰੂਆਤੀ ਦਿਨਾਂ ਵਿੱਚ ਹੀ ਇਲਾਜ ਲਈ ਹਸਪਤਾਲ ਲੈ ਕੇ ਆ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਇਲਾਜ ਦਾ ਖਰਚਾ ਉਨ੍ਹਾਂ ਨੂੰ ਨਹੀਂ ਝੱਲਣਾ ਪਵੇਗਾ। ਬਠਿੰਡਾ ਦੇ ਅੱਗਰਵਾਲ ਹਸਪਤਾਲ ਵਿੱਚ ਇੱਕ ਨਵਜਾਤ, ਜਿਸ ਨੂੰ ਗੰਭੀਰ ਪੀਲੀਆ ਅਤੇ ਸਾਂਹ ਲੈਣ ਵਿੱਚ ਦਿੱਕਤ ਸੀ, ਦਾ ਲਗਭਗ 1 ਲੱਖ ਰੁਪਏ ਦਾ ਇਲਾਜ ਪੂਰੀ ਤਰ੍ਹਾਂ ਇਸ ਯੋਜਨਾ ਹੇਠ ਕਵਰ ਕੀਤਾ ਗਿਆ।

## ਅਮਰੀਕੀ ਅਦਾਲਤ ਵੱਲੋਂ ਅਡਾਨੀ ਨੂੰ ਰਾਹਤ; ਫਰਾਡ ਕੇਸ ਰੱਦ ਕਰਵਾਉਣ ਲਈ ਸੁਣਵਾਈ ਦੀ ਮੰਗ ਪ੍ਰਵਾਨ

**ਨਿਊਯਾਰਕ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਅਮਰੀਕੀ ਜੱਜ ਨੇ ਭਾਰਤੀ ਅਰਬਪਤੀ ਗੌਤਮ ਅਡਾਨੀ ਦੀ ਉਸ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ, ਜਿਸ ਵਿੱਚ ਉਨ੍ਹਾਂ ਨੇ ਅਮਰੀਕੀ ਪ੍ਰਤੀਭੂਤੀ ਅਤੇ ਐਕਸਚੇਂਜ ਕਮਿਸ਼ਨ ਵੱਲੋਂ ਦਰਜ ਕੀਤੇ ਗਏ ਧੋਖਾਧੜੀ ਦੇ ਕੇਸ ਨੂੰ ਖਾਰਜ ਕਰਨ ਲਈ ਸੁਣਵਾਈ ਦੀ ਮੰਗ ਕੀਤੀ ਸੀ। ਨਿਊਯਾਰਕ ਦੀ ਈਸਟਰਨ ਡਿਸਟ੍ਰਿਕਟ ਅਦਾਲਤ ਨੇ ਆਪਣੇ ਹੁਕਮ ਵਿੱਚ ਦੋਵਾਂ ਧਿਰਾਂ ਨੂੰ ਪ੍ਰੀ-ਮੋਸ਼ਨ ਕਾਨਫਰੰਸ ਤੈਅ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਡਾਨੀ ਅਤੇ ਉਨ੍ਹਾਂ ਦੇ ਭਤੀਜੇ ਸਾਗਰ ਅਡਾਨੀ ਦੇ ਵਕੀਲਾਂ ਵੱਲੋਂ ਦਾਇਰ ਕੀਤੀ ਗਈ ਇਸ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਕੇਸ ਵਿੱਚ ਅਮਰੀਕੀ ਅਦਾਲਤ ਕੋਲ ਲੋੜੀਂਦਾ ਅਧਿਕਾਰ ਖੇਤਰ ਨਹੀਂ ਹੈ ਅਤੇ ਇਹ ਕੇਸ ਕਈ ਕਾਨੂੰਨੀ ਅਧਾਰਾਂ 'ਤੇ ਟਿਕਣਯੋਗ ਨਹੀਂ ਹੈ।



ਅਡਾਨੀ ਦੇ ਕਾਨੂੰਨੀ ਮਾਹਰਾਂ ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਕਥਿਤ ਰਿਸ਼ਵਤਖੋਰੀ ਦੀ ਯੋਜਨਾ ਦਾ ਸਮਰਥਨ ਕਰਨ ਵਾਲਾ ਕੋਈ ਵੀ ਭਰੋਸੇਯੋਗ ਸਬੂਤ ਮੌਜੂਦ ਨਹੀਂ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ SEC ਜਿਨ੍ਹਾਂ ਬਿਆਨਾਂ ਨੂੰ ਗੁੰਮਰਾਹਕੁੰਨ ਦੱਸ ਰਿਹਾ ਹੈ, ਉਹ ਸਿਰਫ਼ ਆਮ ਕਾਰਪੋਰੇਟ ਆਸ਼ਾਵਾਦ (Puffery) ਹਨ, ਜਿਨ੍ਹਾਂ ਨੂੰ ਨਿਵੇਸ਼ਕਾਂ ਲਈ ਗਰੰਟੀ ਵਜੋਂ ਨਹੀਂ ਦੇਖਿਆ ਜਾ ਸਕਦਾ। ਵਕੀਲਾਂ ਅਨੁਸਾਰ ਸ਼ਿਕਾਇਤ ਵਿੱਚ ਅਜਿਹਾ ਕੋਈ ਵੀ ਸਬੂਤ ਨਹੀਂ ਦਿੱਤਾ ਗਿਆ ਕਿ ਗੌਤਮ ਅਡਾਨੀ ਨੇ ਕਿਸੇ ਗਲਤ ਦਸਤਾਵੇਜ਼ ਨੂੰ ਤਿਆਰ ਕਰਨ ਜਾਂ ਉਸ ਨੂੰ ਮਨਜ਼ੂਰੀ ਦੇਣ ਵਿੱਚ ਸਿੱਧੀ ਭੂਮਿਕਾ ਨਿਭਾਈ ਹੋਵੇ।

ਬਚਾਅ ਪੱਖ ਨੇ ਇਹ ਵੀ ਪੱਖ ਰੱਖਿਆ ਕਿ ਇਸ ਮਾਮਲੇ ਵਿੱਚ ਨਿਵੇਸ਼ਕਾਂ ਨੂੰ ਕਿਸੇ ਵੀ ਤਰ੍ਹਾਂ ਦਾ ਵਿੱਤੀ ਨੁਕਸਾਨ ਨਹੀਂ ਹੋਇਆ ਹੈ। ਸਾਰੇ ਬਾਂਡ ਮੈਚਿਓਰ ਹੋ ਚੁੱਕੇ ਹਨ ਅਤੇ ਅਡਾਨੀ ਗ੍ਰੀਨ ਨੇ 2024 ਵਿੱਚ ਨਿਵੇਸ਼ਕਾਂ ਨੂੰ ਸਾਰਾ ਮੂਲ ਅਤੇ ਵਿਆਜ ਸਮੇਂ ਸਿਰ ਵਾਪਸ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਹ ਲੈਣ-ਦੇਣ ਅਤੇ ਕਥਿਤ ਘਟਨਾਵਾਂ ਪੂਰੀ ਤਰ੍ਹਾਂ ਭਾਰਤ ਵਿੱਚ ਹੋਈਆਂ ਸਨ ਅਤੇ ਇਸ ਵਿੱਚ ਕੋਈ ਵੀ ਅਮਰੀਕੀ ਕੰਪਨੀ ਜਾਂ ਗਾਹਕ ਸਿੱਧੇ ਤੌਰ 'ਤੇ ਸ਼ਾਮਲ ਨਹੀਂ ਸੀ, ਜਿਸ ਕਾਰਨ ਇਹ ਮਾਮਲਾ ਅਮਰੀਕੀ ਪ੍ਰਤੀਭੂਤੀ ਕਾਨੂੰਨਾਂ ਦੀ ਪਹੁੰਚ ਤੋਂ ਬਾਹਰ ਹੈ।

## ਵਾਰਡ ਨੰਬਰ 70 ਦੇ ਰਾਮ ਐਵੀਨਿਊ ਵਿੱਚ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾਉਣ ਦੇ ਕੰਮ ਦੀ ਸ਼ੁਰੂਆਤ



**ਅੰਮ੍ਰਿਤਸਰ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 70 ਦੇ ਇਲਾਕਾ ਰਾਮ ਐਵੀਨਿਊ ਵਿੱਚ ਰਹਿੰਦੇ ਲੋਕਾਂ ਨੂੰ ਸਾਫ਼ ਅਤੇ ਸੁਚੱਜੀ ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਵੱਲੋਂ ਨਵੀਆਂ ਪਾਣੀ ਦੀਆਂ ਪਾਈਪਾਂ ਪਾਉਣ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਇਲਾਕਾ ਨਿਵਾਸੀਆਂ ਅਤੇ ਪਾਰਟੀ ਆਗੂਆਂ ਵੱਲੋਂ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇਲਾਕੇ ਵਿੱਚ ਕਾਫ਼ੀ ਸਮੇਂ ਤੋਂ ਪਾਣੀ ਆ ਰਹੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਂ ਪਾਈਪ ਲਾਈਨ ਪਾਈ ਜਾ ਰਹੀ ਹੈ, ਜਿਸ ਨਾਲ ਘਰ-ਘਰ ਸਾਫ਼ ਪਾਣੀ ਦੀ ਨਿਰੰਤਰ ਸਪਲਾਈ ਯਕੀਨੀ ਬਣੇਗੀ।

## ਜਗਰਾਉਂ 'ਚ ਨਕਲੀ ਖਾਦ ਬਣਾਉਣ ਵਾਲੀ ਯੂਨਿਟ 'ਰਾਫਾ ਬਾਇਓਟੈਕ' 'ਤੇ ਛਾਪਾ, ਇਕ ਗ੍ਰਿਫ਼ਤਾਰ



**ਲੁਧਿਆਣਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਵਿਭਾਗ ਅਤੇ ਪੁਲਿਸ ਦੀ ਸਾਂਝੀ ਕਾਰਵਾਈ ਦੌਰਾਨ ਜਗਰਾਉਂ ਵਿੱਚ ਨਕਲੀ ਖਾਦ ਬਣਾਉਣ ਵਾਲੀ ਯੂਨਿਟ 'ਰਾਫਾ ਬਾਇਓਟੈਕ' 'ਤੇ ਛਾਪਾ ਮਾਰ ਕੇ ਮਨੋਜ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ। ਮੌਕੇ 'ਤੇ ਜ਼ਿੰਕ ਸਲਫੇਟ ਅਤੇ ਮੈਗਨੀਜ਼ ਸਲਫੇਟ ਦੇ ਨਕਲੀ ਪੈਕਟ ਵੱਡੀ ਮਾਤਰਾ ਵਿੱਚ ਬਰਾਮਦ ਹੋਏ, ਜੋ ਵੱਖ-ਵੱਖ ਬਰਾਂਡਿਡ ਕੰਪਨੀਆਂ ਦੇ ਨਾਮ 'ਤੇ ਤਿਆਰ ਕੀਤੇ ਗਏ ਸਨ। ਦੋਸ਼ੀ ਕੋਲ ਖਾਦ ਬਣਾਉਣ ਜਾਂ ਵੇਚਣ ਲਈ ਕੋਈ ਲਾਇਸੈਂਸ ਨਹੀਂ ਮਿਲਿਆ।

ਖੇਤੀਬਾੜੀ ਵਿਭਾਗ ਵੱਲੋਂ ਸੈਂਪਲ ਲੈ ਕੇ ਪੁਲਿਸ ਨੂੰ ਕਾਰਵਾਈ ਲਈ ਕਿਹਾ ਗਿਆ, ਜਿਸ 'ਤੇ ਖਾਦ ਕੰਟਰੋਲ ਆਰਡਰ 1985 ਅਤੇ ਜ਼ਰੂਰੀ ਵਸਤਾਂ ਐਕਟ 1955 ਤਹਿਤ ਐਫ.ਆਈ.ਆਰ ਦਰਜ ਕੀਤੀ ਗਈ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਕਿਸਾਨਾਂ ਨਾਲ ਧੋਖਾਧੜੀ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ 'ਚ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਉੱਚ-ਮਿਆਰੀ ਖੇਤੀ ਇਨਪੁੱਟ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ।

## ਨੌਜਵਾਨਾਂ ਨੂੰ ਸਬੂਤ ਤੋਂ ਬਿਨਾਂ ਗ੍ਰਿਫ਼ਤਾਰ ਕਰਨ 'ਤੇ ਪੰਜਾਬ ਪੁਲੀਸ ਨੇ ਲਗਾਈ ਰੋਕ

### 17-ਨੁਕਾਤੀ ਸਰਕੂਲਰ ਜਾਰੀ: ਮੀਡੀਆ ਵਿੱਚ ਨਾਮ ਨਸ਼ਰ ਕਰਨ, ਪੜ੍ਹਾਈ, ਡਿਜੀਟਲ ਉਪਕਰਨਾਂ ਅਤੇ ਪਹਿਲੀ ਵਾਰ ਸ਼ੱਕ ਦੇ ਘੇਰੇ ਵਿੱਚ ਆਏ ਨੌਜਵਾਨਾਂ ਦੇ ਕਰੀਅਰ ਨੂੰ ਬਚਾਉਣ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 'ਬਸਤੀਵਾਦੀ ਦੌਰ ਦੀ ਪੁਲੀਸਿੰਗ' ਅਤੇ ਸਿਰਫ਼ ਗੈਰ-ਪ੍ਰਮਾਣਿਤ 'ਗੁਪਤ ਸੂਚਨਾ' ਦੇ ਆਧਾਰ 'ਤੇ ਨੌਜਵਾਨਾਂ ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਦਰਜ ਕਰਨ ਲਈ ਲਾਈ ਗਈ ਫਟਕਾਰ ਤੋਂ ਬਾਅਦ ਪੰਜਾਬ ਪੁਲੀਸ ਨੇ ਨਿਰਦੇਸ਼ ਦਿੱਤੇ ਹਨ ਕਿ ਸਾਫ਼-ਸੁਥਰੇ ਪਿਛੋਕੜ ਵਾਲੇ ਨੌਜਵਾਨਾਂ ਵਿਰੁੱਧ ਜ਼ਬਰਦਸਤੀ ਕਾਰਵਾਈ ਕੇਵਲ ਸਪੱਸ਼ਟ ਅਤੇ ਨਿਰਪੱਖ ਸਬੂਤਾਂ ਦੇ ਆਧਾਰ 'ਤੇ ਹੀ ਕੀਤੀ ਜਾਵੇਗੀ।

ਪੁਲੀਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਆਮ ਤੌਰ 'ਤੇ ਉਨ੍ਹਾਂ ਦੀ ਪਛਾਣ ਮੀਡੀਆ ਵਿੱਚ ਨਸ਼ਰ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜਦੋਂ ਤੱਕ ਬਹੁਤ ਜ਼ਰੂਰੀ ਨਾ ਹੋਵੇ, ਉਨ੍ਹਾਂ ਦੇ ਵਿੱਦਿਅਕ ਅਦਾਰਿਆਂ ਅਤੇ ਰੁਜ਼ਗਾਰਦਾਤਾਵਾਂ ਨੂੰ ਵੀ ਜਾਂਚ ਬਾਰੇ ਸੂਚਿਤ ਨਹੀਂ ਕੀਤਾ ਜਾਵੇਗਾ। 3 ਅਪਰੈਲ ਦੀ ਤਰੀਕ ਵਾਲਾ ਇਹ ਸਰਕੂਲ ਇੱਕ ਅਪਰਾਧਿਕ ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਹਮਣੇ ਰੱਖਿਆ ਗਿਆ। ਜਿਸ ਵਿੱਚ ਫੀਲਡ ਅਫਸਰਾਂ ਲਈ 17 ਵਿਆਪਕ ਸੰਚਾਲਨ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਇੱਕ ਅਜਿਹਾ ਪ੍ਰੋਟੋਕੋਲ ਬਣਾਇਆ ਜਾ ਸਕੇ ਜਿਸ ਨਾਲ ਜਾਂਚ ਦੀ ਪ੍ਰਕਿਰਿਆ ਪਹਿਲੀ ਵਾਰ ਸ਼ੱਕ ਦੇ ਘੇਰੇ ਵਿੱਚ ਆਏ ਨੌਜਵਾਨਾਂ ਲਈ ਖੁਦ ਇੱਕ ਸਜ਼ਾ ਨਾ ਬਣ ਜਾਵੇ।

ਇਨ੍ਹਾਂ 17 ਹੁਕਮਾਂ ਵਿੱਚ ਸਪੱਸ਼ਟ ਸੁਰੱਖਿਆ ਉਪਾਅ ਹਨ,ਅਜਿਹੇ ਵਿਅਕਤੀਆਂ ਦੀ ਪਛਾਣ ਮੀਡੀਆ ਨੂੰ ਉਦੋਂ ਤੱਕ ਨਹੀਂ ਦੱਸੀ ਜਾਵੇਗੀ ਜਦੋਂ ਤੱਕ ਕਾਨੂੰਨੀ ਤੌਰ 'ਤੇ ਜ਼ਰੂਰੀ ਨਾ ਹੋਵੇ, ਅਤੇ ਵਿਦਿਅਕ ਅਦਾਰਿਆਂ ਜਾਂ ਮਾਲਕਾਂ ਨੂੰ ਉਦੋਂ ਤੱਕ ਸੂਚਿਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਾਨੂੰਨ ਦੁਆਰਾ ਜਾਂ ਅਦਾਲਤ ਦੇ ਵਿਸ਼ੇਸ਼ ਨਿਰਦੇਸ਼ਾਂ ਤਹਿਤ ਲੋੜੀਂਦਾ ਨਾ ਹੋਵੇ।

ਇਹ ਸਰਕੂਲਰ ਉਨ੍ਹਾਂ ਦੇ ਡਿਜੀਟਲ ਅਤੇ ਅਕਾਦਮਿਕ ਜੀਵਨ ਦੀ ਸੁਰੱਖਿਆ ਲਈ ਅਹਿਮ ਹੈ ਕਿਉਂਕਿ ਇਸ ਵਿੱਚ ਕਿਹਾ ਗਿਆ ਹੈ ਕਿ ਨਿੱਜੀ ਇਲੈਕਟ੍ਰਾਨਿਕ ਉਪਕਰਨਾਂ ਦੀ ਜ਼ਬਤੀ ਕੇਵਲ ਲੋੜੀਂਦਾ ਡੇਟਾ ਕੱਢਣ ਤੱਕ ਹੀ ਸੀਮਤ ਹੋਵੇਗੀ, ਅਤੇ ਇਹ ਨਿਰਦੇਸ਼ ਦਿੱਤਾ ਗਿਆ ਹੈ ਕਿ ਅਕਾਦਮਿਕ ਜਾਂ ਪੇਸ਼ੇਵਰ ਗਤੀਵਿਧੀਆਂ ਵਿੱਚ ਵਿਘਨ ਤੋਂ ਬਚਣ ਲਈ ਇਹ ਉਪਕਰਨ ਤੁਰੰਤ ਵਾਪਸ ਕੀਤੇ ਜਾਣ। ਇਸ ਵਿੱਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਅਕਾਦਮਿਕ ਨਿਰੰਤਰਤਾ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ ਅਤੇ ਜਾਂਚ ਅਧਿਕਾਰੀ (IO) ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੜ੍ਹਾਈ ਵਿੱਚ ਬੇਲੋੜੀ ਰੁਕਾਵਟ ਨਾ ਆਵੇ।

ਇਸ ਤੋਂ ਇਲਾਵਾ, ਪੁਲੀਸ ਸਟੇਸ਼ਨਾਂ ਵਿੱਚ ਪੇਸ਼ੀਆਂ ਵਾਜਬ ਅੰਤਰਾਲਾਂ 'ਤੇ ਤੈਅ ਕੀਤੀਆਂ ਜਾਣਗੀਆਂ, ਤਾਂ ਜੋ ਕਲਾਸਾਂ, ਪ੍ਰੀਖਿਆਵਾਂ ਅਤੇ ਸ਼ੁਰੂਆਤੀ ਕਰੀਅਰ 'ਤੇ ਪੈਣ ਵਾਲੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਿਆ ਜਾ ਸਕੇ। ਸਰਕੂਲਰ ਵਿੱਚ ਕਿਹਾ ਗਿਆ ਹੈ, ਅਜਿਹੇ ਵਿਅਕਤੀ ਵਿਰੁੱਧ ਲੱਗੇ ਦੋਸ਼ਾਂ ਦੀ ਪ੍ਰਕਿਰਤੀ ਅਤੇ ਗੰਭੀਰਤਾ ਦਾ ਪਤਾ ਲਗਾਉਣ ਲਈ ਹਿਰਾਸਤੀ ਪੁੱਛਗਿੱਛ ਦੀ ਲੋੜ ਹੁੰਦੀ ਹੈ। ਜੇ ਅਜਿਹਾ ਵਿਅਕਤੀ ਜਾਂਚ ਵਿੱਚ ਸਹਿਯੋਗ ਕਰਦਾ ਹੈ ਅਤੇ ਸਬੂਤ ਦਸਤਾਵੇਜ਼ੀ ਰੂਪ ਵਿੱਚ ਮੌਜੂਦ ਹਨ, ਤਾਂ ਹਿਰਾਸਤੀ ਪੁੱਛਗਿੱਛ ਬੇਲੋੜੀ ਸਮਝੀ ਜਾ ਸਕਦੀ ਹੈ। ਹਿਰਾਸਤੀ ਪੁੱਛਗਿੱਛ ਦੀ ਲੋੜ ਨੂੰ ਸਾਬਤ ਕਰਨ ਵਾਲੇ ਕਾਰਨ ਦਰਜ ਕੀਤੇ ਜਾਣੇ ਚਾਹੀਦੇ ਹਨ। ਸਰਕੂਲਰ ਨਿਰਦੇਸ਼ ਦਿੰਦਾ ਹੈ ਕਿ ਜ਼ਬਰਦਸਤੀ ਕਾਰਵਾਈ ਕੇਵਲ ਰਿਕਾਰਡ 'ਤੇ ਉਪਲਬਧ ਸਪੱਸ਼ਟ ਅਤੇ ਨਿਰਪੱਖ ਸਬੂਤਾਂ ਦੇ ਆਧਾਰ 'ਤੇ ਅਤੇ ਅਰਨੇਸ਼ ਕੁਮਾਰ ਬਨਾਮ ਸਟੇਟ ਆਫ ਬਿਹਾਰ ਦੇ ਕੇਸ ਵਿੱਚ ਤੈਅ ਕੀਤੇ ਗਏ ਸਿਧਾਂਤਾਂ ਦੇ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ। ਸੁਪਰੀਮ ਕੋਰਟ ਦਾ ਹਵਾਲਾ ਦਿੱਤਾ ਗਿਆ ਫੈਸਲਾ ਇਹ ਕਹਿੰਦਾ ਹੈ ਕਿ ਪੁਲੀਸ ਸਿਰਫ਼ ਇਸ ਲਈ ਗ੍ਰਿਫ਼ਤਾਰ ਨਹੀਂ ਕਰ ਸਕਦੀ ਕਿਉਂਕਿ ਕੋਈ ਅਪਰਾਧ ਸੰਗੀਨ ਹੈ।

ਇਹ ਇਹ ਵੀ ਲਾਜ਼ਮੀ ਕਰਦਾ ਹੈ ਕਿ ਜਾਂਚ ਅਧਿਕਾਰੀ ਨੂੰ ਕਿਸੇ ਵੀ ਗ੍ਰਿਫ਼ਤਾਰੀ ਦੀ ਲੋੜ ਦੇ ਕਾਰਨ ਦਰਜ ਕਰਕੇ ਉਸ ਨੂੰ ਸਹੀ ਠਹਿਰਾਉਣਾ ਚਾਹੀਦਾ ਹੈ ਅਤੇ ਕਾਨੂੰਨੀ ਨੋਟਿਸ ਪ੍ਰਕਿਰਿਆ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਵਿੱਚ ਨੋਟ ਕੀਤਾ ਗਿਆ ਹੈ ਕਿ ਜੇ ਕੋਈ ਵਿਅਕਤੀ ਪੇਸ਼ ਹੋਣ ਦੇ ਨੋਟਿਸ ਦੀ ਪਾਲਣਾ ਕਰਦਾ ਹੈ, ਤਾਂ ਗ੍ਰਿਫ਼ਤਾਰੀ ਆਮ ਤੌਰ 'ਤੇ ਬੇਲੋੜੀ ਸਮਝੀ ਜਾਂਦੀ ਹੈ।

# ਰਿਆੜਕੀ ਪਬਲਿਕ ਸਕੂਲ ਵਿਖੇ ਅਰਦਾਸ ਦਿਵਸ ਵਜੋਂ ਸੈਸ਼ਨ ਦਾ ਆਗਾਜ਼

**ਸ੍ਰੀ ਹਰਗੋਬਿੰਦਪੁਰ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੀ ਮਾਣਮੱਤੀ ਅਤੇ ਸਿਰਮੌਰ ਸੰਸਥਾ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ, ਤੁਗਲਵਾਲਾ ਨੇ ਅੱਜ ਡਾਕਟਰ ਐੱਮ. ਐੱਸ. ਰੰਧਾਵਾ ਆਡੀਟੋਰੀਅਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿੱਚ ਨਵੇਂ ਅਕਾਦਮਿਕ ਸੈਸ਼ਨ 2026-27 ਦੀ ਸ਼ੁਰੂਆਤ ਤੂ ਠਾਕੁਰੁ ਤੁਮ ਪਹਿ ਅਰਦਾਸਿ ਦੇ ਮਹਾਂਵਾਕ ਦੀ ਰੌਸ਼ਨੀ ਵਿੱਚ ਅਰਦਾਸ ਦਿਵਸ ਵਜੋਂ ਮਨਾ ਕੇ ਕੀਤੀ। ਇਹ ਸਮਾਗਮ ਉਸ ਵੇਲੇ ਹੋਰ ਵੀ ਵਿਸ਼ੇਸ਼ ਹੋ ਗਿਆ ਜਦੋਂ ਇਸ ਦੇ ਨਾਲ-ਨਾਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਵੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ — ਦੋਵੇਂ ਪਾਵਨ ਦਿਹਾੜੇ ਇੱਕੋ ਦਿਨ ਵਿੱਚ ਸਮਰਪਿਤ ਕਰਕੇ ਰਿਆੜਕੀ ਪਰਿਵਾਰ ਨੇ ਆਪਣੀ ਵਿਰਾਸਤੀ ਭਾਵਨਾ ਦਾ ਸ਼ਾਨਦਾਰ ਪ੍ਰਗਟਾਵਾ ਕੀਤਾ।ਸਮਾਗਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਰਹੀ ਕਿ ਤਿਆਰੀ ਤੋਂ ਲੈ ਕੇ ਸੰਚਾਲਨ ਤੱਕ ਦੀ ਸਾਰੀ ਜ਼ਿੰਮੇਵਾਰੀ ਸਵੈ-ਉਤਸ਼ਾਹ ਨਾਲ ਵਿਦਿਆਰਥੀਆਂ ਨੇ ਆਪਣੇ ਮੋਢਿਆਂ ਤੇ ਚੁੱਕੀ। ਆਡੀਟੋਰੀਅਮ ਨੂੰ ਫੁੱਲਾਂ ਅਤੇ ਰੰਗ-ਬਿਰੰਗੀਆਂ ਸਜਾਵਟਾਂ ਨਾਲ ਅਜਿਹਾ ਸ਼ਿੰਗਾਰਿਆ ਗਿਆ ਕਿ ਸਾਰਾ ਵਾਤਾਵਰਨ ਕਿਸੇ ਦੈਵੀ ਦਰਬਾਰ ਦਾ ਅਹਿਸਾਸ ਕਰਵਾਉਣ ਲੱਗਾ। ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦੀ ਪਾਵਨ ਸੇਵਾ ਅਦਾ ਕੀਤੀ ਅਤੇ ਸੰਪੂਰਨ ਸੇਵਾ-ਸੰਭਾਲ ਦੇ ਸਾਰੇ ਕਾਰਜ ਪੂਰੀ ਸ਼ਰਧਾ ਅਤੇ ਨਿਮਰਤਾ ਨਾਲ ਸੰਪੰਨ ਕੀਤੇ।

ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ ਗੁਰੂ ਤੇਗ ਬਹਾਦਰ ਸਿਮਰਿਐ ਦੇ ਪਾਵਨ ਸ਼ਬਦ ਨਾਲ ਕੀਤੀ ਗਈ, ਜਿਸ ਤੋਂ ਬਾਅਦ ਸੁਖਮਨੀ ਸਾਹਿਬ, ਜਪੁਜੀ ਸਾਹਿਬ ਅਤੇ ਚੌਪਈ ਸਾਹਿਬ ਦਾ ਪਾਵਨ ਜਾਪ ਕੀਤਾ ਗਿਆ। ਇਸ ਤੋਂ ਬਾਅਦ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਗੁਰਸਹਿਜ ਸਿੰਘ ਦੀ ਅਗਵਾਈ ਵਿੱਚ ਕੀਰਤਨੀ ਜਥੇ ਅਤੇ ਲੜਕੀਆਂ ਦੇ ਜਥੇ ਦੀ ਮੁਖੀ ਅਵਰੀਤ ਕੌਰ ਨੇ ਮਿਲ ਕੇ ਅਜਿਹਾ ਰਸ ਭਿੰਨਾ ਅਨੰਦਮਈ ਕੀਰਤਨ ਗਾਇਨ ਕੀਤਾ ਕਿ ਸਮੁੱਚਾ ਆਡੀਟੋਰੀਅਮ ਧੁਰ ਕੀ ਬਾਣੀ ਦੀਆਂ ਸੁਰੀਲੀਆਂ ਤਰੰਗਾਂ ਵਿੱਚ ਡੁੱਬ ਗਿਆ। ਵਿਦਿਆਰਥੀਆਂ ਵੱਲੋਂ ਅਰਦਾਸ ਦੀ ਮਹੱਤਤਾ ਨਾਲ ਸੰਬੰਧਿਤ ਪ੍ਰਭਾਵਸ਼ਾਲੀ ਲੈਕਚਰ ਵੀ ਪੇਸ਼ ਕੀਤੇ ਗਏ।

ਸੰਸਥਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਅਕਾਲ ਪੁਰਖ ਅੱਗੇ ਸੰਸਥਾ ਦੀ ਚੜ੍ਹਦੀ ਕਲਾ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਤਿੰਨ ਅਮਰ ਸਿਧਾਂਤਾਂ — ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ — ਤੇ ਪਹਿਰਾ ਦਿੰਦੇ ਹੋਏ ਆਉਣ ਵਾਲੇ ਸੈਸ਼ਨ ਵਿੱਚ ਸਕਾਰਾਤਮਕ ਪੁਲਾਂਘਾਂ ਪੁੱਟਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।ਇਸ ਮੌਕੇ ਹਰ ਵਿਦਿਆਰਥੀ ਨੇ ਨਵੇਂ ਸੈਸ਼ਨ ਦੀ ਸ਼ੁਰੂਆਤ ਤੇ ਆਪਣੇ ਮਿੱਥੇ ਨਿਸ਼ਾਨਿਆਂ ਅਤੇ ਸੁਪਨਿਆਂ ਨੂੰ ਲਿਖਤੀ ਰੂਪ ਦਿੱਤਾ ਤਾਂ ਜੋ ਸਾਰਾ ਸਾਲ ਉਹਨਾਂ ਦੀ ਪ੍ਰਾਪਤੀ ਪ੍ਰਤੀ ਜਾਗਰੂਕ ਰਹਿ ਸਕਣ।

# ਵਿਰੋਧੀ ਧਿਰ ਦਾ ਇੱਕੋ ਇੱਕ ਏਜੰਡਾ, ਵੋਟ ਲਓ ਅਤੇ ਸ਼ੋਸ਼ਣ ਕਰੋ : ਨਾਇਬ ਸਿੰਘ ਸੈਣੀ

**➢ ਜੀਂਦ ਨੂੰ ਲੰਬੇ ਸਮੇਂ ਤੱਕ ਵਿਰੋਧੀ ਧਿਰ ਨੇ ਨਜ਼ਰਅੰਦਾਜ਼ ਕੀਤਾ, ਸਿਰਫ਼ ਵੋਟਾਂ ਦੀ ਫ਼ਸਲ ਵੱਢੀ ਗਈ ➢ ਮੁੱਖ ਮੰਤਰੀ ਨੇ ਜੀਂਦ ਵਿੱਚ ਧੰਨਵਾਦ ਅਤੇ ਵਿਕਾਸ ਰੈਲੀ ਨੂੰ ਸੰਬੋਧਨ ਕੀਤਾ ➢ 253 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖਿਆ**

ਚੰਡੀਗੜ੍ਹ, 9 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਇੱਕੋ ਇੱਕ ਏਜੰਡਾ ਹੈ, ਵੋਟ ਲਓ ਅਤੇ ਸ਼ੋਸ਼ਣ ਕਰੋ। ਇਸ ਖੇਤਰ ਦੇ ਲੋਕਾਂ ਨਾਲ ਉਨ੍ਹਾਂ ਨੇ ਹਮੇਸ਼ਾ ਝੂਠੇ ਵਾਅਦੇ ਕੀਤੇ ਅਤੇ ਵਿਕਾਸ ਦੀ ਬਜਾਏ ਇੱਥੇ ਪਛੜੇਪਨ ਨੂੰ ਰੱਖਿਆ। ਮੁੱਖ ਮੰਤਰੀ ਐਤਵਾਰ ਨੂੰ ਜੀਂਦ ਵਿੱਚ ਆਯੋਜਿਤ ਧੰਨਵਾਦ ਅਤੇ ਵਿਕਾਸ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਰੈਲੀ ਦੇ ਕਨਵੀਨਰ ਹਰਿਆਣਾ ਦੇ ਡਿਪਟੀ ਸਪੀਕਰ ਡਾ. ਕ੍ਰਿਸ਼ਨ ਕੁਮਾਰ ਮਿੱਢਾ ਨੇ ਜੀਂਦ ਪਹੁੰਚਣ 'ਤੇ ਮੁੱਖ ਮੰਤਰੀ ਦਾ ਨਿੱਘਾ ਸਵਾਗਤ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੇ 253 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖਿਆ।

ਰੈਲੀ ਵਿੱਚ ਮੌਜੂਦ ਭਾਰੀ ਭੀੜ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜੀਂਦ ਦੀ ਇਹ ਧਰਤੀ ਮਿਹਨਤ ਅਤੇ ਪ੍ਰਗਤੀ ਦਾ ਸੰਗਮ ਹੈ। ਇਹ ਹਰਿਆਣਾ ਦੀ ਉਹ ਧੜਕਣ ਹੈ, ਜਿੱਥੇ ਜਦੋਂ ਕਿਸਾਨ ਦਾ ਪਸੀਨਾ ਮਿੱਟੀ ਵਿੱਚ ਮਿਲਦਾ ਹੈ, ਤਾਂ ਦੇਸ਼ ਦੇ ਅੰਨ ਭੰਡਾਰ ਭਰ ਜਾਂਦੇ ਹਨ। ਮੈਂ ਇਸ ਵੀਰ ਭੂਮੀ 'ਤੇ ਆਯੋਜਿਤ ਇਸ ਧੰਨਵਾਦ ਅਤੇ ਵਿਕਾਸ ਰੈਲੀ ਵਿੱਚ ਆਏ ਸਾਰੇ ਬਜ਼ੁਰਗਾਂ, ਮਾਤਾਵਾਂ-ਭੈਣਾਂ ਅਤੇ ਨੌਜਵਾਨ ਸਾਥੀਆਂ ਦਾ ਤਹਿ ਦਿਲੋਂ ਸਵਾਗਤ ਕਰਦਾ ਹਾਂ। ਮੁੱਖ ਮੰਤਰੀ ਨੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਜੀਂਦ ਨੂੰ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕੀਤਾ ਗਿਆ। ਝੂਠੇ ਵਾਅਦੇ ਕਰਕੇ ਤੁਹਾਡੀਆਂ ਵੋਟਾਂ ਦੀ ਫ਼ਸਲ ਤਾਂ ਦੋ-ਦੋ, ਤਿੰਨ-ਤਿੰਨ ਪੀੜ੍ਹੀਆਂ ਤੱਕ ਵੱਢੀ ਗਈ, ਪਰ ਵਿਕਾਸ ਦੇ ਨਾਂ 'ਤੇ ਕੁਝ ਨਹੀਂ ਕੀਤਾ ਗਿਆ। ਪਰਿਵਾਰਵਾਦ ਦੀ ਦਲਦਲ ਵਿੱਚ ਫਸੇ ਲੋਕ ਤੁਹਾਡੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਗੰਭੀਰ ਨਹੀਂ ਰਹੇ। ਉਨ੍ਹਾਂ ਨੇ ਸਿਰਫ਼ ਆਪਣੇ ਬੱਚਿਆਂ ਦਾ ਭਵਿੱਖ ਹੀ ਸੁਰੱਖਿਅਤ ਕੀਤਾ ਹੈ, ਪਰ ਅਸੀਂ ਇਸ ਖੇਤਰ ਦਾ ਹੱਕ ਸੂਦ ਸਮੇਤ ਮੋੜਨ ਦਾ ਕੰਮ ਕੀਤਾ ਹੈ।

ਉਨ੍ਹਾਂ ਕਿਹਾ ਕਿ ਜਨਤਾ ਨੇ ਸਾਨੂੰ ਲਗਾਤਾਰ ਤੀਜੀ ਵਾਰ ਸੇਵਾ ਦਾ ਮੌਕਾ ਦਿੱਤਾ ਹੈ, ਉਹ ਸਾਡੇ ਲਈ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੈ। ਇਹ ਜਨਾਦੇਸ਼ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਸਾਨੂੰ ਹੋਰ ਵੱਧ ਸਮਰਪਣ ਨਾਲ ਕੰਮ ਕਰਨਾ ਹੈ ਅਤੇ ਹਰ ਉਸ ਵਾਅਦੇ ਨੂੰ ਪੂਰਾ ਕਰਨਾ ਹੈ, ਜੋ ਅਸੀਂ ਤੁਹਾਡੇ ਨਾਲ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਆਪਣੇ ਸੰਕਲਪ-ਪੱਤਰ ਦੇ 217 ਵਿੱਚੋਂ




60 ਵਾਅਦਿਆਂ ਨੂੰ ਡੇਢ ਸਾਲ ਵਿੱਚ ਹੀ ਪੂਰਾ ਕਰ ਦਿਖਾਇਆ ਹੈ। ਇੰਨਾ ਹੀ ਨਹੀਂ, 157 ਵਾਅਦਿਆਂ 'ਤੇ ਕੰਮ ਚੱਲ ਰਿਹਾ ਹੈ। ਵਿਧਾਨ ਸਭਾ ਚੋਣ ਪ੍ਰਚਾਰ ਦਾ ਆਗਾਜ਼ ਵੀ ਉਨ੍ਹਾਂ ਨੇ ਜੀਂਦ ਦੀ ਧਰਤੀ ਤੋਂ ਹੀ ਕੀਤਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 'ਵਿਕਸਿਤ ਭਾਰਤ 2047' ਦਾ ਜੋ ਵਿਜ਼ਨ ਦੇਸ਼ ਵਾਸੀਆਂ ਦੇ ਸਾਹਮਣੇ ਰੱਖਿਆ ਹੈ, ਉਹ ਸਿਰਫ਼ ਇੱਕ ਟੀਚਾ ਨਹੀਂ, ਸਗੋਂ ਇੱਕ ਜਨ ਅੰਦੋਲਨ ਹੈ। ਇਸ ਵਿੱਚ ਹਰ ਨਾਗਰਿਕ ਦੀ ਭਾਗੀਦਾਰੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ 'ਰਾਸ਼ਟਰ ਪ੍ਰਥਮ' ਦੀ ਨੀਤੀ 'ਤੇ ਚੱਲਦਿਆਂ ਹਰ ਸੰਕਟ ਵਿੱਚ ਭਾਰਤੀਆਂ ਦੇ ਨਾਲ ਖੜ੍ਹੀ ਹੈ। ਚਾਹੇ ਕੋਰੋਨਾ ਕਾਲ ਹੋਵੇ, ਜਾਂ ਫਿਰ ਅਫਗਾਨਿਸਤਾਨ ਸੰਕਟ, ਹਮੇਸ਼ਾ ਪ੍ਰਧਾਨ ਮੰਤਰੀ ਦੇਸ਼ ਦੀ ਜਨਤਾ ਦੇ ਨਾਲ ਖੜ੍ਹੇ ਨਜ਼ਰ ਆਏ ਹਨ। ਹਾਲ ਹੀ ਵਿੱਚ ਜੋ ਵਿਸ਼ਵਵਿਆਪੀ ਹਾਲਾਤ ਬਣੇ ਹਨ, ਉਸ ਵਿੱਚ ਭਾਵੇਂ ਵਿਸ਼ਵ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੋਵੇ, ਪਰ ਪ੍ਰਧਾਨ ਮੰਤਰੀ ਨੇ ਪੈਟਰੋਲੀਅਮ ਪਦਾਰਥਾਂ 'ਤੇ ਐਕਸਾਈਜ਼ ਡਿਊਟੀ ਘਟਾ ਕੇ ਜਨਤਾ ਨੂੰ ਵੱਡੀ ਰਾਹਤ ਦਿੱਤੀ ਹੈ। ਹਰਿਆਣਾ ਸਰਕਾਰ ਆਮ ਲੋਕਾਂ ਨੂੰ ਤੇਲ ਅਤੇ ਗੈਸ ਮੁਹੱਈਆ ਕਰਵਾ ਰਹੀ ਹੈ। ਨਾਲ ਹੀ ਸਰਕਾਰ ਨੇ ਕਾਲਾਬਾਜ਼ਾਰੀ ਰੋਕਣ ਲਈ ਸਖ਼ਤ ਕਦਮ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਨਾਨ-ਸਟਾਪ ਡਬਲ ਇੰਜਣ ਸਰਕਾਰ ਨੇ 'ਸਭਕਾ ਸਾਥ, ਸਭਕਾ ਵਿਕਾਸ, ਸਭਕਾ ਵਿਸ਼ਵਾਸ ਅਤੇ ਸਭਕਾ ਪ੍ਰਯਾਸ' ਦੇ ਮੰਤਰ ਨੂੰ ਜ਼ਮੀਨ 'ਤੇ ਉਤਾਰ ਕੇ ਦਿਖਾਇਆ ਹੈ। ਸਰਕਾਰ ਨੇ ਹਰ ਖੇਤਰ ਅਤੇ ਹਰ ਵਰਗ ਦੇ ਕਲਿਆਣ ਲਈ ਯੋਜਨਾਵਾਂ ਬਣਾਈਆਂ ਹਨ ਅਤੇ ਉਨ੍ਹਾਂ ਨੂੰ ਪਾਰਦਰਸ਼ਤਾ ਨਾਲ ਲਾਗੂ ਕੀਤਾ ਹੈ। ਇਸ ਹਲਕੇ ਵਿੱਚ ਵਿਕਾਸ ਕਾਰਜਾਂ 'ਤੇ ਪਿਛਲੇ ਸਾਢੇ 11 ਸਾਲਾਂ ਵਿੱਚ 2 ਹਜ਼ਾਰ 217 ਕਰੋੜ 61 ਲੱਖ ਰੁਪਏ ਖਰਚ ਕੀਤੇ ਗਏ ਹਨ। ਜਦਕਿ, ਕਾਂਗਰਸ ਦੇ 10 ਸਾਲਾਂ ਦੇ ਸ਼ਾਸਨਕਾਲ ਵਿੱਚ ਸਿਰਫ਼ 380 ਕਰੋੜ 97 ਲੱਖ ਰੁਪਏ ਖਰਚ ਕੀਤੇ ਗਏ ਸਨ। ਮੁੱਖ ਮੰਤਰੀ ਨੇ ਇਸ ਦੌਰਾਨ ਜੀਂਦ ਦੇ ਕਈ ਵੱਡੇ ਪ੍ਰੋਜੈਕਟਾਂ ਦਾ ਵੀ ਮੰਚ ਤੋਂ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਇੱਕ ਸਾਲ ਵਿੱਚ 36 ਹਜ਼ਾਰ ਨੌਜਵਾਨਾਂ ਨੂੰ ਬਿਨਾਂ ਪਰਚੀ-ਖਰਚੀ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਨੂੰ ਮਿਲਾ ਕੇ ਪਿਛਲੇ ਸਾਢੇ 11 ਸਾਲਾਂ ਵਿੱਚ 1 ਲੱਖ 80 ਹਜ਼ਾਰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਜ਼ਿਲ੍ਹਾ ਜੀਂਦ ਦੇ ਲਗਭਗ 15 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ ਹਨ, ਅਤੇ ਇਸ ਸਮੇਂ ਵੀ ਹਰਿਆਣਾ ਵਿੱਚ 13500 ਨਵੀਆਂ ਨੌਕਰੀਆਂ ਦੀ ਭਰਤੀ ਪ੍ਰਕਿਰਿਆ ਜਾਰੀ ਹੈ।

ਉਨ੍ਹਾਂ ਕਿਹਾ ਕਿ ਜੀਂਦ ਵਿੱਚ ਵਿਕਾਸ ਨੂੰ ਰਫ਼ਤਾਰ ਦੇਣ ਲਈ ਸਰਕਾਰ ਲਗਾਤਾਰ ਕੰਮ ਕਰ ਰਹੀ ਹੈ। ਇਸ ਦੇ ਤਹਿਤ ਸੂਬਾ ਸਰਕਾਰ ਨੇ ਪਾਂਡੂ ਪਿੰਡਾਰਾ ਪਿੰਡ ਦੇ ਨੇੜੇ 32 ਕਰੋੜ 21 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਬੱਸ ਅੱਡੇ ਦਾ ਨਿਰਮਾਣ ਕਰਵਾਇਆ, ਪੁਰਾਣੀਆਂ ਪ੍ਰਵਾਨਿਤ ਕਾਲੋਨੀਆਂ ਵਿੱਚ ਪੀਣ ਵਾਲੇ ਪਾਣੀ-ਸੀਵਰੇਜ ਵਰਗੀਆਂ ਬੁਨਿਆਦੀ ਸਹੂਲਤਾਂ 'ਤੇ 32 ਕਰੋੜ 86 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ। ਮੁੱਖ ਮੰਤਰੀ ਨੇ ਕਿਹਾ ਕਿ ਜੀਂਦ ਵਿੱਚ ਸਿਵਲ ਹਸਪਤਾਲ ਦੀ 200 ਬੈੱਡਾਂ ਦੀ ਵਾਧੂ ਇਮਾਰਤ ਦਾ ਨਿਰਮਾਣ 16 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਗਿਆ। ਨਾਲ ਹੀ ਜੀਂਦ-ਪਾਣੀਪਤ ਰੇਲਵੇ ਲਾਈਨ 'ਤੇ ਆਰ.ਯੂ.ਬੀ. ਦਾ ਨਿਰਮਾਣ 18 ਕਰੋੜ 95 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਗਿਆ। ਉਥੇ ਹੀ, 13 ਕਰੋੜ 82 ਲੱਖ ਰੁਪਏ ਦੀ ਰਾਸ਼ੀ ਨਾਲ 10 ਐਮ.ਐਲ.ਡੀ. ਦਾ ਐਸ.ਟੀ.ਪੀ. ਵੀ ਸਥਾਪਿਤ ਕੀਤਾ ਗਿਆ। ਜੀਂਦ-ਭਿਵਾਨੀ ਰੋਡ ਤੋਂ ਜੀਂਦ-ਹਾਂਸੀ ਰੋਡ ਤੱਕ ਬਾਈਪਾਸ ਦਾ ਨਿਰਮਾਣ 12 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਜੀਂਦ ਦੇ ਸੈਕਟਰ-9 ਵਿੱਚ 132 ਕੇਵੀ ਸਬ-ਸਟੇਸ਼ਨ ਦੀ ਸਥਾਪਨਾ 12 ਕਰੋੜ 39 ਲੱਖ ਰੁਪਏ ਦੀ ਲਾਗਤ ਨਾਲ ਕੀਤੀ ਗਈ। ਚੌਧਰੀ ਰਣਬੀਰ ਸਿੰਘ ਯੂਨੀਵਰਸਿਟੀ ਵਿੱਚ ਛੱਤਰਪਤੀ ਸ਼ਿਵਾਜੀ ਹੋਸਟਲ ਦਾ ਨਿਰਮਾਣ 11 ਕਰੋੜ 75 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਗਿਆ। ਜੀਂਦ ਦੇ ਸੈਕਟਰ 9 ਵਿੱਚ 5 ਕਰੋੜ 85 ਲੱਖ ਰੁਪਏ ਦੀ ਲਾਗਤ ਨਾਲ ਜਿਮਖਾਨਾ ਕਲੱਬ ਬਣਾਇਆ ਗਿਆ। ਇਸੇ ਤਰ੍ਹਾਂ ਉਨ੍ਹਾਂ ਜੀਂਦ ਜ਼ਿਲ੍ਹੇ ਵਿੱਚ ਸਰਕਾਰ ਵੱਲੋਂ ਕੀਤੇ ਗਏ ਹੋਰ ਵਿਕਾਸ ਕਾਰਜਾਂ ਦਾ ਵੀ ਵੇਰਵਾ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਵਿੱਚ 10 ਨਵੇਂ ਆਈ.ਐਮ.ਟੀ. ਸਥਾਪਿਤ ਕਰ ਰਹੀ ਹੈ। ਜਿਨ੍ਹਾਂ ਵਿੱਚੋਂ ਇੱਕ ਆਈ.ਐਮ.ਟੀ. ਜੀਂਦ ਵਿੱਚ ਸਥਾਪਿਤ ਹੋਵੇਗੀ। ਇਸ ਦੀ ਜ਼ਮੀਨ ਦੇ ਪ੍ਰਬੰਧ ਲਈ ਈ-ਭੂਮੀ ਪੋਰਟਲ 'ਤੇ ਕਿਸਾਨਾਂ ਤੋਂ ਪ੍ਰਸਤਾਵ ਮੰਗੇ ਗਏ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਅੰਤੋਦਿਆ ਦਾ ਵਿਜ਼ਨ ਲੈ ਕੇ ਕੰਮ ਕਰ ਰਹੀ ਹੈ, ਇਸ ਦੇ ਤਹਿਤ ਸਰਕਾਰ ਦੀ ਕੋਸ਼ਿਸ਼ ਹੈ ਕਿ ਹਰ ਵਿਅਕਤੀ ਦੇ ਸਿਰ 'ਤੇ ਛੱਤ ਹੋਵੇ। ਇਸ ਦੇ ਲਈ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੇ ਤੀਜੇ ਕਾਰਜਕਾਲ ਵਿੱਚ ਵੀ ਸੂਬੇ ਦੇ ਸਰਬਪੱਖੀ ਵਿਕਾਸ ਅਤੇ ਹਰ ਵਰਗ ਦੇ ਹਿੱਤਾਂ ਦੀ ਸੁਰੱਖਿਆ ਲਈ ਕਈ ਠੋਸ ਕਦਮ ਚੁੱਕੇ ਹਨ। ਭੈਣਾਂ-ਬੇਟੀਆਂ ਨੂੰ ਆਰਥਿਕ ਅਤੇ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਲਈ 'ਦੀਨਦਿਆਲ ਲਾਡੋ ਲਕਸ਼ਮੀ ਯੋਜਨਾ' ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਦੇ ਤਹਿਤ 2100 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਹੁਣ ਤੱਕ 9 ਲੱਖ 56 ਹਜ਼ਾਰ ਭੈਣਾਂ-ਬੇਟੀਆਂ ਨੂੰ 834 ਕਰੋੜ ਰੁਪਏ ਦਿੱਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਗਰੀਬ ਔਰਤਾਂ ਨੂੰ ਆਪਣੀ ਰਸੋਈ ਚਲਾਉਣ ਲਈ ਹਰ ਮਹੀਨੇ ਸਿਰਫ਼ 500 ਰੁਪਏ ਵਿੱਚ ਗੈਸ ਸਿਲੰਡਰ ਦਿੱਤਾ ਜਾ ਰਿਹਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਸਾਨ ਹਿੱਤ ਵਿੱਚ ਲਏ ਗਏ ਫੈਸਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿਸਾਨ ਹਿੱਤ ਸਰਕਾਰ ਦੀਆਂ ਨੀਤੀਆਂ ਦੇ ਕੇਂਦਰ ਵਿੱਚ ਹਨ। ਅੱਜ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ 'ਤੇ ਕੀਤੀ ਜਾ ਰਹੀ ਹੈ। ਹੁਣ ਤੱਕ 12 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ ਫ਼ਸਲ ਖਰੀਦ ਦੇ 1 ਲੱਖ 64 ਹਜ਼ਾਰ ਕਰੋੜ ਰੁਪਏ ਪਾਏ ਜਾ ਚੁੱਕੇ ਹਨ। ਇਸ ਸਮੇਂ ਹਾੜ੍ਹੀ ਦੀਆਂ ਫ਼ਸਲਾਂ ਦੀ ਖਰੀਦ ਦਾ ਸੀਜ਼ਨ ਚੱਲ ਰਿਹਾ ਹੈ। ਅਸੀਂ ਇਸ ਦੇ ਦਾਣੇ-ਦਾਣੇ ਦੀ ਖਰੀਦ ਲਈ ਵਿਆਪਕ ਪ੍ਰਬੰਧ ਕੀਤੇ ਹਨ। ਉਨ੍ਹਾਂ ਨੇ ਫ਼ਸਲ ਦੇ ਨੁਕਸਾਨ ਬਾਰੇ ਬੋਲਦਿਆਂ ਕਿਹਾ ਕਿ ਸਰਕਾਰ ਨੇ ਇਸ ਦੇ ਲਈ ਪਿਛਲੇ ਸਾਢੇ 11 ਸਾਲਾਂ ਵਿੱਚ ਕਿਸਾਨਾਂ ਨੂੰ ਮੁਆਵਜ਼ੇ ਅਤੇ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦੇ ਤਹਿਤ 16 ਹਜ਼ਾਰ 160 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਹੈ। ਜਦਕਿ ਕਾਂਗਰਸ ਸਰਕਾਰ ਦੇ 10 ਸਾਲਾਂ ਦੇ ਸ਼ਾਸਨਕਾਲ ਵਿੱਚ 1 ਹਜ਼ਾਰ 138 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਗਈ ਸੀ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਬਾਗਬਾਨੀ ਫ਼ਸਲਾਂ ਨੂੰ ਕੁਦਰਤੀ ਆਫ਼ਤਾਂ ਕਾਰਨ ਹੋਣ ਵਾਲੇ ਨੁਕਸਾਨ ਲਈ ਕਿਸਾਨਾਂ ਨੂੰ ਰਾਹਤ ਦਿੱਤੀ ਹੈ। ਇਸ ਦੇ ਲਈ 'ਮੁੱਖ ਮੰਤਰੀ ਬਾਗਬਾਨੀ ਬੀਮਾ ਯੋਜਨਾ' ਵਿੱਚ 46 ਬਾਗਬਾਨੀ ਫ਼ਸਲਾਂ ਸ਼ਾਮਲ ਕੀਤੀਆਂ ਗਈਆਂ ਹਨ। ਹੁਣ ਤੱਕ ਕੁੱਲ 157 ਕਿਸਾਨਾਂ ਨੂੰ 1 ਕਰੋੜ 40 ਲੱਖ 21 ਹਜ਼ਾਰ ਰੁਪਏ ਦਿੱਤੇ ਗਏ ਹਨ। 'ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ' ਦੇ ਤਹਿਤ ਲਗਭਗ 20 ਲੱਖ 18 ਹਜ਼ਾਰ ਕਿਸਾਨਾਂ ਨੂੰ 22 ਕਿਸ਼ਤਾਂ ਵਿੱਚ 7 ਹਜ਼ਾਰ 562 ਕਰੋੜ ਰੁਪਏ ਦੀ ਰਾਸ਼ੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਪਾਈ ਜਾ ਚੁੱਕੀ ਹੈ। ਸਰਕਾਰ ਨੇ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਚਲੇ ਆ ਰਹੇ ਆਬਿਆਨੇ ਨੂੰ ਜੜ੍ਹ ਤੋਂ ਖਤਮ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਸਰਕਾਰ ਆਪਣੇ ਤੀਜੇ ਕਾਰਜਕਾਲ ਵਿੱਚ ਵੀ ਲੋਕ ਭਲਾਈ ਦੇ ਕੰਮ ਤੇਜ਼ੀ ਨਾਲ ਕਰ ਰਹੀ ਹੈ। ਅਸੀਂ ਰਾਜਨੀਤੀ ਤੋਂ ਉੱਪਰ ਉੱਠ ਕੇ ਵਿਕਾਸ ਦੀ ਰਾਜਨੀਤੀ ਕਰਦੇ ਹਾਂ। ਸਾਡਾ ਟੀਚਾ ਸਿਰਫ਼ ਚੋਣਾਂ ਜਿੱਤਣਾ ਨਹੀਂ, ਸਗੋਂ ਜਨਤਾ ਦਾ ਵਿਸ਼ਵਾਸ ਜਿੱਤਣਾ ਹੈ।

ਧੰਨਵਾਦ ਅਤੇ ਵਿਕਾਸ ਰੈਲੀ ਨੂੰ ਸੰਬੋਧਨ ਕਰਦਿਆਂ ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਯੋਜਨਾਵਾਂ ਕਾਰਨ ਅੱਜ ਦੇਸ਼ ਅਤੇ ਸੂਬੇ ਵਿੱਚ ਬੇਮਿਸਾਲ ਵਿਕਾਸ ਹੋ ਰਿਹਾ ਹੈ। ਜੋ ਕੰਮ ਪਹਿਲਾਂ ਸਾਲਾਂ ਤੱਕ ਲਟਕਦੇ ਰਹਿੰਦੇ ਸਨ, ਉਹ ਅੱਜ ਤੇਜ਼ੀ ਨਾਲ ਪੂਰੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਜਿਸ ਸਮਾਨਤਾ ਅਤੇ ਅਧਿਕਾਰ ਅਧਾਰਿਤ ਸਮਾਜ ਦਾ ਸੁਪਨਾ ਦੇਖਿਆ ਸੀ, ਉਸ ਨੂੰ ਸਾਕਾਰ ਕਰਨ ਦਾ ਕੰਮ ਮੌਜੂਦਾ ਕੇਂਦਰ ਅਤੇ ਸੂਬਾ ਸਰਕਾਰ ਨੇ ਕੀਤਾ ਹੈ। ਪਿਛਲੀਆਂ ਸਰਕਾਰਾਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਨਾਂ ਦੀ ਸਿਰਫ਼ ਵਰਤੋਂ ਹੀ ਕੀਤੀ ਹੈ, ਪਰ ਉਨ੍ਹਾਂ ਦੇ ਵਿਚਾਰਾਂ ਨੂੰ ਸਹੀ ਰੂਪ ਵਿੱਚ ਲਾਗੂ ਨਹੀਂ ਕੀਤਾ। ਮੌਜੂਦਾ ਸਰਕਾਰ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਧਰਾਤਲ 'ਤੇ ਉਤਾਰਦੇ ਹੋਏ ਉਨ੍ਹਾਂ ਨੂੰ ਸਨਮਾਨ ਦਿੱਤਾ ਹੈ। ਸਰਕਾਰ ਵੱਲੋਂ ਲੋੜਵੰਦ ਕਿਸਾਨ, ਮਜ਼ਦੂਰ ਸਮੇਤ ਹਰ ਵਰਗ ਦੇ ਕਲਿਆਣ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਪਿੰਡਾਂ ਵਿੱਚ ਸੜਕ, ਪਾਣੀ, ਬਿਜਲੀ ਅਤੇ ਰਿਹਾਇਸ਼ ਵਰਗੀਆਂ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਪੰਚਾਇਤਾਂ ਅਤੇ ਲੋੜਵੰਦ ਪਰਿਵਾਰਾਂ ਲਈ ਵੀ ਵੱਡੇ ਫੈਸਲੇ ਲਏ ਗਏ ਹਨ, ਯੋਗ ਪਰਿਵਾਰਾਂ ਨੂੰ ਪਲਾਟ ਮੁਹੱਈਆ ਕਰਵਾਏ ਜਾ ਰਹੇ ਹਨ, ਜਿਸ ਨਾਲ ਹਜ਼ਾਰਾਂ ਪਰਿਵਾਰ ਲਾਭ ਉਠਾ ਰਹੇ ਹਨ।

ਰੈਲੀ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਿਕਾਸ ਦੇ ਖੇਤਰ ਵਿੱਚ ਬੇਮਿਸਾਲ ਕੰਮ ਕੀਤੇ ਹਨ। ਸਿਰਫ਼ ਘੋਸ਼ਣਾਵਾਂ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਕੰਮ ਕਰਕੇ ਜਨਤਾ ਨੂੰ ਉਸ ਦਾ ਲਾਭ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਸਰਕਾਰ ਨੇ ਹਰ ਵਰਗ ਦੇ ਕਲਿਆਣ ਲਈ ਨਿਰੰਤਰ ਕੰਮ ਕੀਤਾ ਹੈ। ਸੜਕ, ਸਿੰਚਾਈ, ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਇਤਿਹਾਸਕ ਪ੍ਰਾਪਤੀਆਂ ਹਾਸਲ ਕੀਤੀਆਂ ਗਈਆਂ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਜਨਤਾ ਦੇ ਸਹਿਯੋਗ ਅਤੇ ਵਿਸ਼ਵਾਸ ਸਦਕਾ ਹੀ ਰਾਜ ਸਰਕਾਰ ਸਰਬ ਜਨ ਕਲਿਆਣ ਦੇ ਸੰਕਲਪ ਨੂੰ ਸਿੱਧੀ ਤੱਕ ਪਹੁੰਚਾਉਣ ਦਾ ਸਾਰਥਕ ਯਤਨ ਕਰ ਰਹੀ ਹੈ।

ਉਨ੍ਹਾਂ ਨੇ ਹਾਜ਼ਰ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਕਾਸ ਦੀ ਇਸ ਗਤੀ ਨੂੰ ਬਣਾਈ ਰੱਖਣ ਲਈ ਸਰਕਾਰ ਦਾ ਸਾਥ ਦਿਓ ਅਤੇ ਸੂਬੇ ਨੂੰ ਹੋਰ ਮਜ਼ਬੂਤ ਬਣਾਓ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਮਜ਼ਬੂਤ ਸਰਕਾਰ ਹੈ, ਜੋ ਹਰ ਫੈਸਲਾ ਜਨਤਾ ਦੇ ਹਿੱਤ ਵਿੱਚ ਲੈਂਦੀ ਹੈ। ਵਿਰੋਧੀ ਧਿਰ ਕੋਲ ਕੋਈ ਠੋਸ ਮੁੱਦਾ ਨਹੀਂ ਹੈ, ਇਸ ਲਈ ਉਹ ਸਿਰਫ਼ ਭਰਮ ਫੈਲਾਉਣ ਦਾ ਕੰਮ ਕਰ ਰਹੇ ਹਨ।

# ਜੀਂਦ ਵਿੱਚ ਮੁੱਖ ਮੰਤਰੀ ਨੇ 253 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ




ਚੰਡੀਗੜ੍ਹ, 9 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜੀਂਦ ਵਿੱਚ ਆਯੋਜਿਤ ਧੰਨਵਾਦ ਅਤੇ ਵਿਕਾਸ ਰੈਲੀ ਵਿੱਚ 253 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ ਹੈ। ਮੁੱਖ ਮੰਤਰੀ ਨੇ 140 ਕਰੋੜ 87 ਲੱਖ 8 ਹਜ਼ਾਰ ਰੁਪਏ ਦੀ ਲਾਗਤ ਵਾਲੇ 12 ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ 112 ਕਰੋੜ 14 ਲੱਖ 10 ਹਜ਼ਾਰ ਰੁਪਏ ਦੀ ਲਾਗਤ ਵਾਲੇ 3 ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜਿਨ੍ਹਾਂ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਹੈ, ਉਨ੍ਹਾਂ ਵਿੱਚ ਸਿੰਚਾਈ ਅਤੇ ਜਲ ਸਰੋਤ ਵਿਭਾਗ ਵੱਲੋਂ 16 ਕਰੋੜ 28 ਲੱਖ 30 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਾਈ ਗਈ ਜੀਂਦ ਡਿਸਟ੍ਰੀਬਿਊਟਰੀ ਨੰਬਰ-4 ਦੇ ਪੁਨਰ ਨਿਰਮਾਣ ਦਾ ਕੰਮ ਸ਼ਾਮਲ ਹੈ। ਇਸ ਤੋਂ ਇਲਾਵਾ 39 ਕਰੋੜ 49 ਲੱਖ 80 ਹਜ਼ਾਰ ਰੁਪਏ ਦੀ ਲਾਗਤ ਨਾਲ ਪਿੰਡ ਪੱਧਰ 'ਤੇ ਆਧੁਨਿਕ ਸੂਖਮ ਸਿੰਚਾਈ ਪ੍ਰਣਾਲੀ, ਸੌਰ ਊਰਜਾ ਅਧਾਰਤ ਸਿੰਚਾਈ ਵਿਵਸਥਾ ਅਤੇ ਇੰਟਲ ਖੁਰਦ ਪਿੰਡ ਵਿੱਚ ਜਲ ਭੰਡਾਰਨ ਲਈ ਬੈਲੇਂਸਿੰਗ ਰਿਜ਼ਰਵਾਇਰ ਨਿਰਮਾਣ ਕਾਰਜ ਵੀ ਸ਼ਾਮਲ ਹੈ।ਉੱਥੇ ਹੀ, ਮੁੱਖ ਮੰਤਰੀ ਨੇ ਜੀਂਦ ਸਥਿਤ ਚੌਧਰੀ ਰਣਬੀਰ ਸਿੰਘ ਯੂਨੀਵਰਸਿਟੀ ਵਿੱਚ ਡਾ. ਭੀਮ ਰਾਓ ਅੰਬੇਡਕਰ ਲਾਇਬ੍ਰੇਰੀ ਬਿਲਡਿੰਗ ਦਾ ਵੀ ਉਦਘਾਟਨ ਕੀਤਾ, ਜਿਸ 'ਤੇ 56 ਕਰੋੜ 36 ਲੱਖ ਰੁਪਏ ਖਰਚ ਹੋਏ ਹਨ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ 12 ਪ੍ਰੋਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ। ਜਿਨ੍ਹਾਂ ਵਿੱਚ ਹਰਿਆਣਾ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ ਵੱਲੋਂ 3 ਕਰੋੜ 18 ਲੱਖ 81 ਹਜ਼ਾਰ ਰੁਪਏ ਦੀ ਲਾਗਤ ਨਾਲ ਪਿੰਡ ਮਨੋਹਰਪੁਰ ਵਿੱਚ ਬਣਾਏ ਜਾਣ ਵਾਲੇ ਪਰਚੇਜ਼ ਸੈਂਟਰ, ਲੋਕ ਨਿਰਮਾਣ ਵਿਭਾਗ (PWD B&R) ਵੱਲੋਂ ਅਫਸਰ ਕਲੋਨੀ ਵਿੱਚ 16 ਕਰੋੜ 61 ਲੱਖ 4 ਹਜ਼ਾਰ ਰੁਪਏ ਦੀ ਲਾਗਤ ਨਾਲ ਮਾਲ ਅਧਿਕਾਰੀਆਂ ਲਈ ਬਣਾਏ ਜਾਣ ਵਾਲੇ 56 ਰਿਹਾਇਸ਼ੀ ਭਵਨ, 3 ਕਰੋੜ 14 ਲੱਖ 62 ਹਜ਼ਾਰ ਰੁਪਏ ਦੀ ਲਾਗਤ ਨਾਲ ਦਾਲਮਵਾਲਾ-ਜੀਵਨਪੁਰ-ਨਗੂਰਾ ਮਾਰਗ ਅਤੇ ਦਰੀਆਵਾਲਾ ਤੋਂ ਬਰਸੌਲਾ ਮਾਰਗ ਦੀ ਵਿਸ਼ੇਸ਼ ਮੁਰੰਮਤ ਅਤੇ ਜੀਂਦ-ਹਾਂਸੀ ਮਾਰਗ ਤੋਂ ਜੀਂਦ-ਭਿਵਾਨੀ ਮਾਰਗ ਤੱਕ ਬਾਈਪਾਸ (RD 5.375 ਤੋਂ 5.567, ਮਾਰਗ ਪਛਾਣ ਸੰਖਿਆ 10121) ਦਾ ਚੌੜਾ ਕਰਨ ਅਤੇ ਮਜ਼ਬੂਤੀਕਰਨ ਦਾ ਕੰਮ ਵੀ ਸ਼ਾਮਲ ਹੈ।

ਮੁੱਖ ਮੰਤਰੀ ਨੇ ਪਿੰਡ ਨਿਰਜਨ ਐਪਰੋਚ ਮਾਰਗ ਦਾ ਚੌੜਾ ਕਰਨ ਅਤੇ ਮਜ਼ਬੂਤੀਕਰਨ ਅਤੇ ਜੀਂਦ-ਸਫੀਦੋਂ ਤੋਂ ਹੈਬਤਪੁਰ-ਖੋਖਰੀ-ਬੋਹਤਵਾਲਾ-ਦਾਲਮਵਾਲਾ ਹੁੰਦੇ ਹੋਏ ਕੰਡੇਲਾ ਮਾਰਗ (ਪਰਸ਼ੂਰਾਮ ਚੌਕ ਤੋਂ ਬਾਈਪਾਸ ਤੱਕ) ਦਾ ਚੌੜਾ ਕਰਨ ਅਤੇ ਮਜ਼ਬੂਤੀਕਰਨ ਦਾ ਨੀਂਹ ਪੱਥਰ ਵੀ ਰੱਖਿਆ। ਇਸ 'ਤੇ 4 ਕਰੋੜ 56 ਲੱਖ 90 ਹਜ਼ਾਰ ਰੁਪਏ ਦੀ ਲਾਗਤ ਆਵੇਗੀ। ਨਾਲ ਹੀ, ਉਨ੍ਹਾਂ ਨੇ CRIF ਯੋਜਨਾ ਦੇ ਅਧੀਨ ਪਾਣੀਪਤ ਤੋਂ ਸਫੀਦੋਂ (ਰਾਜ ਮਾਰਗ-11) ਅਤੇ ਸਫੀਦੋਂ ਤੋਂ ਜੀਂਦ (ਰਾਜ ਮਾਰਗ-14) ਮਾਰਗ ਦਾ ਫੋਰ-ਲੇਨਿੰਗ, ਚੌੜਾ ਕਰਨ ਅਤੇ ਮਜ਼ਬੂਤੀਕਰਨ ਦਾ ਨੀਂਹ ਪੱਥਰ ਵੀ ਰੱਖਿਆ। ਇਸ 'ਤੇ 56 ਕਰੋੜ 61 ਲੱਖ 4 ਹਜ਼ਾਰ ਰੁਪਏ ਖਰਚ ਹੋਣਗੇ।

ਉਨ੍ਹਾਂ ਨੇ ਜ਼ਿਲ੍ਹਾ ਸੈਨਿਕ ਅਤੇ ਅਰਧ ਸੈਨਿਕ ਭਲਾਈ ਵਿਭਾਗ ਵੱਲੋਂ 9 ਕਰੋੜ 98 ਲੱਖ 40 ਹਜ਼ਾਰ ਰੁਪਏ ਦੀ ਲਾਗਤ ਨਾਲ ਏਕੀਕ੍ਰਿਤ ਸੈਨਿਕ ਸਦਨ ਦੇ ਨਿਰਮਾਣ ਕਾਰਜ ਦਾ ਵੀ ਨੀਂਹ ਪੱਥਰ ਰੱਖਿਆ।

ਇਸ ਦੇ ਨਾਲ ਹੀ, ਸਿਹਤ ਵਿਭਾਗ ਦੇ ਅਧੀਨ ਪਿੰਡ ਕੰਡੇਲਾ ਵਿੱਚ 9 ਕਰੋੜ 90 ਲੱਖ 83 ਹਜ਼ਾਰ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਹੈਲਥ ਸੈਂਟਰ ਦਾ ਨਿਰਮਾਣ ਕਾਰਜ, ਜਲ ਨਿਕਾਸੀ ਪ੍ਰਣਾਲੀ ਨੂੰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਣਾਉਣ ਦੀ ਦਿਸ਼ਾ ਵਿੱਚ ਸਿੰਚਾਈ ਅਤੇ ਜਲ ਸਰੋਤ ਵਿਭਾਗ ਦੀ 1 ਕਰੋੜ 9 ਲੱਖ 19 ਹਜ਼ਾਰ ਰੁਪਏ ਦੀ ਲਾਗਤ ਨਾਲ ਮਨੋਹਰਪੁਰ ਡਰੇਨ ਖੁਦਾਈ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ।

ਮੁੱਖ ਮੰਤਰੀ ਨੇ 35 ਕਰੋੜ 76 ਲੱਖ 25 ਹਜ਼ਾਰ ਦੀ ਲਾਗਤ ਨਾਲ ਪਬਲਿਕ ਹੈਲਥ ਇੰਜੀਨੀਅਰਿੰਗ ਵਿਭਾਗ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ ਹੈ।ਇਨ੍ਹਾਂ ਵਿੱਚ ਜਲਾਲਪੁਰਾ ਕਲਾਂ, ਇੰਟਲ ਕਲਾਂ ਅਤੇ ਇੰਟਲ ਖੁਰਦ ਵਿੱਚ 3 ਨਹਿਰ ਅਧਾਰਤ ਪ੍ਰੋਜੈਕਟਾਂ ਦਾ ਨਿਰਮਾਣ ਕਾਰਜ ਅਤੇ 2 ਮੌਜੂਦਾ ਕੰਮਾਂ ਦਾ ਵਿਸਤਾਰ ਸ਼ਾਮਲ ਹੈ। ਇਸ ਤਹਿਤ ਸੰਗਤਪੁਰਾ, ਜਾਜਵਾਨ ਅਤੇ ਢਾਂਡਾ ਖੇੜੀ ਪਿੰਡਾਂ ਨੂੰ ਕਾਮਨ ਪੰਪਿੰਗ ਸਟੇਸ਼ਨ ਰਾਹੀਂ ਪਾਣੀ ਦੀ ਸਪਲਾਈ ਅਤੇ ਡੀ.ਆਈ. ਪਾਈਪਲਾਈਨ ਵਿਛਾਉਣ ਦੇ ਕੰਮ ਹੋਣਗੇ।

# ਮੁੱਖ ਮੰਤਰੀ ਨੇ ਜੀਂਦ ਵਿਧਾਨ ਸਭਾ ਲਈ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੀ ਦਿੱਤੀ ਸੌਗਾਤ

ਚੰਡੀਗੜ੍ਹ, 9 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜੀਂਦ ਵਿਧਾਨ ਸਭਾ ਖੇਤਰ ਵਿੱਚ ਸਿਹਤ, ਸਿੱਖਿਆ, ਆਵਾਜਾਈ, ਸੜਕ ਸਮੇਤ ਬੁਨਿਆਦੀ ਸਹੂਲਤਾਂ ਦੇ ਵਿਸਤਾਰ ਲਈ ਕਈ ਅਹਿਮ ਐਲਾਨ ਕੀਤੇ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਜੀਂਦ ਵਿਧਾਨ ਸਭਾ ਖੇਤਰ ਦੇ ਪੇਂਡੂ ਖੇਤਰ ਦੇ ਵਿਕਾਸ ਲਈ 5 ਕਰੋੜ ਰੁਪਏ ਦੀ ਵਾਧੂ ਗ੍ਰਾਂਟ ਦੇਣ ਦਾ ਵੀ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੀਂਦ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

ਮੁੱਖ ਮੰਤਰੀ ਐਤਵਾਰ ਨੂੰ ਜੀਂਦ ਵਿੱਚ ਧੰਨਵਾਦ ਅਤੇ ਵਿਕਾਸ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਸਿਵਲ ਹਸਪਤਾਲ ਤੋਂ ਪਾਂਡੂ ਪਿੰਡਾਰਾ ਗੋਹਾਨਾ ਰੋਡ ਦਾ 4.5 ਕਰੋੜ ਰੁਪਏ ਦੀ ਲਾਗਤ ਨਾਲ ਡਿਵਾਈਡਰ ਬਣਾਇਆ ਜਾਵੇਗਾ। ਠੰਡੀ ਹਲਵਾਈ ਦੀ ਦੁਕਾਨ ਤੋਂ ਵਾਇਆ ਰਾਮਰਾਏ ਗੇਟ ਤੋਂ ਝਾਂਜ ਗੇਟ ਰਾਹੀਂ ਰੁਪਿਆ ਚੌਕ ਤੱਕ ਮਾਡਲ ਸੜਕ ਬਣਾਉਣ ਅਤੇ ਰਾਣੀ ਤਾਲਾਬ 'ਤੇ ਆਡੀਟੋਰੀਅਮ ਤੇ ਪਾਰਕਿੰਗ ਲਈ 60 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਫਾਇਰ ਸਟੇਸ਼ਨ ਦੇ ਦਫ਼ਤਰ ਨੂੰ ਪੁਰਾਣੇ ਬੱਸ ਸਟੈਂਡ ਦੀ ਥਾਂ 'ਤੇ ਤਬਦੀਲ ਕਰਨ ਅਤੇ ਪਾਲਿਕਾ ਬਾਜ਼ਾਰ ਨੂੰ ਸਮਾਰਟ ਬਾਜ਼ਾਰ ਵਜੋਂ ਵਿਕਸਤ ਕਰਨ ਦੀ ਵੀ ਪ੍ਰਵਾਨਗੀ ਦਿੱਤੀ।

ਇਸੇ ਤਰ੍ਹਾਂ ਜੀਂਦ ਸ਼ਹਿਰ ਦੀਆਂ ਸੜਕਾਂ 'ਤੇ ਆਧੁਨਿਕ ਖੰਭੇ ਅਤੇ ਲਾਈਟਾਂ ਲਗਾਈਆਂ ਜਾਣਗੀਆਂ। ਪੁਰਾਣੇ ਬੱਸ ਸਟੈਂਡ ਦੀ ਜ਼ਮੀਨ ਸਬੰਧਤ ਵਿਭਾਗ ਨੂੰ ਤਬਦੀਲ ਹੋਣ 'ਤੇ ਉੱਥੇ ਕਮਿਊਨਿਟੀ ਸੈਂਟਰ ਉਸਾਰਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਮੀਟ ਮਾਰਕੀਟ ਨੂੰ ਸ਼ਹਿਰ ਤੋਂ ਬਾਹਰ ਤਬਦੀਲ ਕੀਤਾ ਜਾਵੇਗਾ, ਜਿਸ 'ਤੇ 5 ਕਰੋੜ ਰੁਪਏ ਖਰਚ ਹੋਣਗੇ। ਵਾਰਡ ਨੰਬਰ-30 ਵਿੱਚ ਜ਼ਮੀਨ ਉਪਲਬਧ ਹੋਣ 'ਤੇ ਪਾਰਕ ਬਣਾਉਣ, ਜੁਲਾਨੀ ਵਿੱਚ ਪਸ਼ੂ ਹਸਪਤਾਲ ਬਣਾਉਣ ਅਤੇ ਅਮਰਹੇੜੀ ਵਿੱਚ ਪਸ਼ੂ ਹਸਪਤਾਲ ਦੀ ਨਵੀਂ ਇਮਾਰਤ ਬਣਾਉਣ ਦਾ ਵੀ ਐਲਾਨ ਕੀਤਾ।

ਮੁੱਖ ਮੰਤਰੀ ਨੇ ਹੈਬਤਪੁਰ ਨੂੰ 'ਮ੍ਹਾਰਾ ਗਾਂਵ ਜਗਮਗ ਗਾਂਵ' ਯੋਜਨਾ ਨਾਲ ਜੋੜਨ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਸ਼ਿਵ ਚੌਕ ਵਾਇਆ ਪੰਜਾਬੀ ਬਾਜ਼ਾਰ ਸਿਟੀ ਥਾਣਾ ਖੇਤਰ ਤੱਕ ਬਿਜਲੀ ਦੀਆਂ ਲਾਈਨਾਂ ਨੂੰ 5



ਕਰੋੜ ਦੀ ਲਾਗਤ ਨਾਲ ਅੰਡਰਗਰਾਊਂਡ ਕਰਵਾਉਣ ਅਤੇ ਪਿੰਡ ਜੁਲਾਨੀ ਦੇ ਖੇਤਾਂ ਦੀਆਂ ਬਿਜਲੀ ਦੀਆਂ ਤਾਰਾਂ ਨੂੰ ਠੀਕ ਕਰਵਾਉਣ ਦਾ ਭਰੋਸਾ ਦਿੱਤਾ। ਪੈਰਾਮੈਡੀਕਲ ਕਾਲਜ ਨੂੰ ਜਨਰਲ ਹਸਪਤਾਲ ਕੰਪਲੈਕਸ ਦੀ ਖਾਲੀ ਜ਼ਮੀਨ ਵਿੱਚ ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪਿੰਡ ਅਹੀਰਕਾ ਵਿੱਚ ਉਪ-ਸਿਹਤ ਕੇਂਦਰ ਬਣਾਇਆ ਜਾਵੇਗਾ ਅਤੇ ਜੀਂਦ ਦੇ ਸਿਵਲ ਹਸਪਤਾਲ ਵਿੱਚ ਮੁਰਦਾਘਰ ਦਾ ਮੁੜ ਨਿਰਮਾਣ ਕੀਤਾ ਜਾਵੇਗਾ। ਸਰਕਾਰੀ ਕਾਲਜ ਵਿੱਚ ਆਰਟ ਬਲਾਕ ਬਣਾਇਆ ਜਾਵੇਗਾ। ਸਫੀਦੋਂ ਰੋਡ 'ਤੇ 5 ਕਰੋੜ ਦੀ ਲਾਗਤ ਨਾਲ ਐਚ.ਐਸ.ਵੀ.ਪੀ (HSVP) ਦਫ਼ਤਰ ਦੀ ਇਮਾਰਤ ਉਸਾਰੀ ਜਾਵੇਗੀ।

ਓਮ ਸ਼ਾਂਤੀ, ਬ੍ਰਾਹਮਣ, ਧਾਨਕ ਆਦਿ ਸਮਾਜਿਕ ਸੰਸਥਾਵਾਂ ਤੋਂ ਐਚ.ਐਸ.ਵੀ.ਪੀ ਵਿੱਚ ਸੈਕਟਰ ਅਲਾਟਮੈਂਟ ਲਈ ਅਰਜ਼ੀਆਂ ਮਿਲਣ ਤੋਂ ਬਾਅਦ ਨਿਯਮਾਂ ਅਨੁਸਾਰ ਪਲਾਟ ਦਿੱਤੇ ਜਾਣਗੇ। ਉਨ੍ਹਾਂ ਹਾਂਸੀ ਬ੍ਰਾਂਚ 'ਤੇ ਪੁਲ ਦੀ ਉਸਾਰੀ ਅਤੇ ਆਰ.ਡੀ 1650 ਤੋਂ ਆਰ.ਡੀ 17900 ਟੇਲ ਤੱਕ ਮੁੜ ਨਿਰਮਾਣ ਕਰਵਾਉਣ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਐਲਾਨ ਕਰਦਿਆਂ ਕਿਹਾ ਕਿ ਨਹਿਰ ਕਾਲੋਨੀ ਦਾ ਪੁਨਰ ਨਿਰਮਾਣ ਕਰਵਾਇਆ ਜਾਵੇਗਾ, ਜਿਸ 'ਤੇ 10 ਕਰੋੜ ਰੁਪਏ ਦੀ ਲਾਗਤ ਆਵੇਗੀ। ਖੇੜੀ ਤਲੋੜਾ ਵਿੱਚ ਖੇਤਾਂ ਦੇ ਰਸਤੇ ਲਈ ਪੁਲ ਬਣਾਇਆ ਜਾਵੇਗਾ ਅਤੇ ਇੱਕਸ ਪਿੰਡ ਵਿੱਚ ਤਾਲਾਬ ਦਾ ਸੁਧਾਰ ਕੀਤਾ ਜਾਵੇਗਾ। ਪਿੰਡ ਬਰਸੌਲਾ ਵਿੱਚ ਵੰਸ਼ ਮੂਲਕ ਤੀਰਥ ਦਾ ਉੱਧਾਰ ਕਰਵਾਉਣ ਅਤੇ ਪਾਂਡੂ ਪਿੰਡਾਰਾ ਤੀਰਥ ਦੇ ਸੁੰਦਰੀਕਰਨ ਲਈ 2 ਕਰੋੜ ਰੁਪਏ ਦੇਣ ਦਾ ਵੀ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਜੀਂਦ ਰਿੰਗ ਰੋਡ ਦੀ ਉਸਾਰੀ ਲਈ ©819 ਨੂੰ ਪੱਤਰ ਲਿਖਿਆ ਜਾਵੇਗਾ ਅਤੇ ਨਵੀਆਂ ਪ੍ਰਵਾਨਿਤ ਕਾਲੋਨੀਆਂ ਵਿੱਚ ਸੀਵਰੇਜ ਲਾਈਨ ਤੇ A MLD STP ਪਲਾਂਟ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਜੀਂਦ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ 5 ਨਵੇਂ ਟਿਊਬਵੈੱਲ ਲਗਾਏ ਜਾਣਗੇ। ਪਿੰਡ ਕੈਰਖੇੜੀ ਅਤੇ ਅਹੀਰਕਾ ਵਿੱਚ ਨਹਿਰੀ ਪਾਣੀ ਲਈ ਨਵੀਂ ਪਾਈਪ ਲਾਈਨ ਵਿਛਾਉਣ ਦਾ ਵੀ ਉਨ੍ਹਾਂ ਐਲਾਨ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਖੇਤਰ ਦੇ ਮਾਰਕੀਟਿੰਗ ਬੋਰਡ ਦੀਆਂ 15.85 ਕਿਲੋਮੀਟਰ ਲੰਬਾਈ ਦੀਆਂ 6 ਸੜਕਾਂ ਨੂੰ 5 ਕਰੋੜ 35 ਲੱਖ ਰੁਪਏ ਦੀ ਲਾਗਤ ਨਾਲ ਚੌੜਾ ਕੀਤਾ ਜਾਵੇਗਾ ਅਤੇ ਦੇਵੀ ਲਾਲ ਚੌਕ ਤੋਂ ਰੋਹਤਕ ਰੋਡ ਬਾਈਪਾਸ ਤੱਕ ਫੋਰਲੇਨ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਦਾਲਮਵਾਲਾ ਹੋਟਲ ਤੋਂ HSVP ਵੈਸਟਰਨ ਯਮੁਨਾ ਕੈਨਾਲ ਤੱਕ ਅਤੇ ਪੈਰਾਡਾਈਜ਼ ਹੋਟਲ ਤੋਂ ਸੋਮਨਾਥ ਮੰਦਰ ਰਾਹੀਂ ਵੈਸਟਰਨ ਯਮੁਨਾ ਕੈਨਾਲ ਰੋਡ ਨੂੰ ਚੌੜਾ ਕੀਤਾ ਜਾਵੇਗਾ। ਜੀਂਦ ਵਿੱਚ ਆਈ.ਐਮ.ਟੀ (IMT) ਸੰਸਥਾ ਬਣਾਉਣ ਲਈ ਈ-ਭੂਮੀ ਪੋਰਟਲ 'ਤੇ ਜ਼ਮੀਨ ਉਪਲਬਧ ਹੋਣ 'ਤੇ ਕੰਮ ਕੀਤਾ ਜਾਵੇਗਾ, ਨਾਲ ਹੀ ਮਾਰਕੀਟਿੰਗ ਬੋਰਡ ਦੀਆਂ 67.42 ਕਿਲੋਮੀਟਰ ਲੰਬੀਆਂ 25 ਸੜਕਾਂ ਨੂੰ ਡੀ.ਐਲ.ਪੀ (DLP) ਰਾਹੀਂ ਠੀਕ ਕਰਵਾਇਆ ਜਾਵੇਗਾ। ਇਸੇ ਤਰ੍ਹਾਂ 20.68 ਕਿਲੋਮੀਟਰ ਲੰਬਾਈ ਦੀਆਂ 8 ਸੜਕਾਂ ਦੀ ਮੁਰੰਮਤ ਲਈ 4.63 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਪੀ.ਡਬਲਯੂ.ਡੀ (PWD) ਦੀਆਂ 70.13 ਕਿਲੋਮੀਟਰ ਲੰਬਾਈ ਦੀਆਂ 25 ਸੜਕਾਂ ਜੋ ਕਿ ਡੀ.ਐਲ.ਪੀ ਮਿਆਦ ਵਿੱਚ ਹਨ, ਉਨ੍ਹਾਂ ਨੂੰ ਸਬੰਧਤ ਏਜੰਸੀ ਰਾਹੀਂ ਠੀਕ ਕਰਵਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ 18.30 ਕਿਲੋਮੀਟਰ ਲੰਬਾਈ ਦੀਆਂ 5 ਸੜਕਾਂ ਦੀ ਵਿਸ਼ੇਸ਼ ਮੁਰੰਮਤ ਵੀ ਕਰਵਾਈ ਜਾਵੇਗੀ, ਜਿਸ 'ਤੇ 11 ਕਰੋੜ ਰੁਪਏ ਖਰਚ ਆਉਣਗੇ।

# ਡਾਇਲਸਿਸ ਤੋਂ ਲੈ ਕੇ ਕੈਂਸਰ ਦੇ ਇਲਾਜ ਤੱਕ, ਭਗਵੰਤ ਮਾਨ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਨੇ 2 ਲੱਖ ਪਰਿਵਾਰਾਂ ਨੂੰ ਆਰਥਿਕ ਬਰਬਾਦੀ ਤੋਂ ਬਚਾਇਆ: ਡਾ. ਬਲਬੀਰ ਸਿੰਘ

ਚੰਡੀਗੜ੍ਹ, 9 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਮੁੱਖ ਮੰਤਰੀ ਸਿਹਤ ਯੋਜਨਾ' ਪੰਜਾਬ ਵਿੱਚ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਨਵਾਂ ਰੂਪ ਦੇ ਕੇ ਇਹ ਯਕੀਨੀ ਬਣਾ ਰਹੀ ਹੈ ਕਿ ਹੁਣ ਇਲਾਜ ਕਿਸੇ ਪਰਿਵਾਰ ਦੀ ਵਿੱਤੀ ਸਮਰੱਥਾ ਤੱਕ ਮਹਿਦੂਦ ਨਾ ਰਹੇ ਸਗੋਂ ਹਰੇਕ ਤੱਕ ਪਹੁੰਚੇ । ਨਵਜੰਮੇ ਬੱਚਿਆਂ ਦੀ ਗੰਭੀਰ ਦੇਖਭਾਲ ਤੋਂ ਲੈ ਕੇ ਗੁੰਝਲਦਾਰ ਸਰਜਰੀਆਂ ਅਤੇ ਜੀਵਨ ਭਰ ਚੱਲਣ ਵਾਲੇ ਪੁਰਾਣੇ ਗੰਭੀਰ ਰੋਗਾਂ ਦੇ ਇਲਾਜ ਤੱਕ, ਇਹ ਸਕੀਮ ਪੰਜਾਬ ਭਰ ਦੇ ਲੱਖਾਂ ਪਰਿਵਾਰਾਂ ਨੂੰ ਸਮੇਂ ਸਿਰ, ਨਕਦ ਰਹਿਤ ਡਾਕਟਰੀ ਸਹਾਇਤਾ ਪ੍ਰਦਾਨ ਕਰ ਰਹੀ ਹੈ।

ਜਦੋਂ ਏਮਜ਼ ਬਠਿੰਡਾ ਵਿਖੇ 1.5 ਕਿੱਲੋ ਤੋਂ ਵੀ ਘੱਟ ਭਾਰ ਵਾਲੇ ਅਤੇ ਸਮੇਂ ਤੋਂ ਪਹਿਲਾਂ ਪੈਦਾ ਹੋਏ ਬੱਚੇ ਨੂੰ ਬਚਾਉਣ ਲਈ ਮਕੈਨੀਕਲ ਵੈਂਟੀਲੇਸ਼ਨ ਦੀ ਲੋੜ ਸੀ, ਤਾਂ ਉਸਦੇ ਮਾਪਿਆਂ ਦੀ ਸਿਰਫ਼ ਇੱਕ ਹੀ ਜ਼ਿੰਮੇਵਾਰੀ ਸੀ-ਉਸਦੇ ਨਾਲ ਰਹਿਣਾ। ਇਸ ਇਲਾਜ ਦਾ 4.35 ਲੱਖ ਰੁਪਏ ਦਾ ਖਰਚਾ ਪੂਰੀ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਉਠਾਇਆ ਗਿਆ। ਪੂਰੇ ਪੰਜਾਬ ਵਿੱਚ, 2 ਲੱਖ ਤੋਂ ਵੱਧ ਪਰਿਵਾਰਾਂ ਨੇ ਅਜਿਹੀ ਹੀ ਰਾਹਤ ਮਹਿਸੂਸ ਕੀਤੀ ਹੈ, ਜਿੱਥੇ ਬਗ਼ੈਰ ਕਿਸੇ ਕਰਜ਼ੇ, ਗਹਿਣੇ ਗਿਰਵੀ ਰੱਖਣ ਜਾਂ ਵਿੱਤੀ ਮਦਦ ਲਈ ਹਾੜੇ ਕੱਢੇ ਬਿਨਾਂ ਤੁਰੰਤ ਇਲਾਜ ਸ਼ੁਰੂ ਹੋਇਆ।

ਇਸ ਸਕੀਮ ਨੇ 900 ਤੋਂ ਵੱਧ ਸੂਚੀਬੱਧ ਸਰਕਾਰੀ ਅਤੇ ਨਿਜੀ ਹਸਪਤਾਲਾਂ ਦੇ ਨੈੱਟਵਰਕ ਰਾਹੀਂ 40,000 ਤੋਂ ਵੱਧ ਸਰਜੀਕਲ ਪ੍ਰਕਿਰਿਆਵਾਂ ਸਮੇਤ 2 ਲੱਖ ਤੋਂ ਵੱਧ ਇਲਾਜਾਂ ਲਈ 300 ਕਰੋੜ ਰੁਪਏ ਤੋਂ ਵੱਧ ਦੀ ਨਕਦ ਰਹਿਤ ਸਿਹਤ ਸੇਵਾ ਪ੍ਰਦਾਨ ਕੀਤੀ ਹੈ। ਇਹਨਾਂ ਵਿੱਚੋਂ ਹਰੇਕ ਅੰਕੜਾ ਇੱਕ ਅਜਿਹੇ ਪਰਿਵਾਰ ਨਾਲ ਸਬੰਧਤ ਹੈ ਜਿਸ ਨੂੰ ਸਿਹਤ ਅਤੇ ਵਿੱਤੀ ਬਚਾਅ ਵਿੱਚੋਂ ਕਿਸੇ ਇੱਕ ਨੂੰ ਚੁਣਨ ਦੀ ਲੋੜ ਨਹੀਂ ਪਈ।

ਸਭ ਤੋਂ ਵੱਧ ਪ੍ਰਾਪਤ ਕੀਤੇ ਜਾਣ ਵਾਲੇ ਇਲਾਜਾਂ ਵਿੱਚ ਡਾਇਲਸਿਸ, ਦਿਲ ਦੀਆਂ ਬਿਮਾਰੀਆਂ ਦੇ ਇਲਾਜ, ਆਰਥੋਪੀਡਿਕ ਸਰਜਰੀਆਂ, ਕੈਂਸਰ ਦੀ ਦੇਖਭਾਲ, ਅਤੇ ਸ਼ੂਗਰ ਨਾਲ ਸਬੰਧਤ ਪੇਚੀਦਗੀਆਂ ਤੇ ਸਾਹ ਦੀਆਂ ਬਿਮਾਰੀਆਂ ਦੇ ਇਲਾਜ ਸ਼ਾਮਲ ਹਨ, ਜੋ ਇਸ ਸਕੀਮ ਦੇ ਵਿਆਪਕ ਕਲੀਨਿਕਲ ਘੇਰੇ ਨੂੰ ਦਰਸਾਉਂਦੇ ਹਨ।

ਇੱਕ ਕੇਸ ਵਿੱਚ, ਨਵਦੀਪ ਖ਼ਾਨ, ਜਿਸ ਨੂੰ ਗੁਇਲੇਨ-ਬੈਰੇ ਸਿੰਡਰੋਮ , ਜੋ ਇੱਕ ਦੁਰਲੱਭ ਨਿਊਰੋਲੌਜੀਕਲ ਸਥਿਤੀ ਹੈ,ਜਿਸ ਵਿੱਚ ਇਮਿਊਨ ਸਿਸਟਮ ਦਿਮਾਗ ਦੀਆਂ ਨਸਾਂ 'ਤੇ ਹਮਲਾ ਕਰਦਾ ਹੈ ਅਤੇ ਜਿਸ ਨਾਲ ਅਚਾਨਕ ਅਧਰੰਗ ਹੋ ਜਾਂਦਾ ਹੈ, ਦਾ ਪਤਾ ਲੱਗਿਆ ਸੀ, ਨੇ ਬਠਿੰਡਾ ਦੇ ਇੱਕ ਹਸਪਤਾਲ ਵਿੱਚ ਬਿਨਾਂ ਕੋਈ ਭੁਗਤਾਨ ਕੀਤੇ 4.6 ਲੱਖ ਰੁਪਏ ਦਾ ਇਲਾਜ ਕਰਵਾਇਆ। ਉਸਦਾ ਕੇਸ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਇਹ ਸਕੀਮ ਸਿਰਫ਼ ਰੋਜ਼ਾਨਾ ਦੀਆਂ ਪ੍ਰਕਿਰਿਆਵਾਂ ਤੱਕ ਸੀਮਤ ਨਹੀਂ ਹੈ ਬਲਕਿ ਗੰਭੀਰ ਅਤੇ ਅਚਾਨਕ ਆਉਣ ਵਾਲੀਆਂ ਡਾਕਟਰੀ ਐਮਰਜੰਸੀਆਂ ਤੱਕ ਫੈਲੀ ਹੋਈ ਹੈ।

ਗੁਰਦਿਆਂ ਦੀ ਪੁਰਾਣੀ ਬਿਮਾਰੀ ਇੱਕ ਨਿਰੰਤਰ ਚੁਣੌਤੀ ਹੈ, ਜਿਸ ਵਿੱਚ ਜੀਵਨ ਭਰ ਹਰ ਹਫ਼ਤੇ ਕਈ ਵਾਰ ਡਾਇਲਸਿਸ ਦੀ ਲੋੜ ਹੁੰਦੀ ਹੈ। ਇਸ ਸਕੀਮ ਦੇ ਤਹਿਤ, ਪੂਰੇ ਪੰਜਾਬ ਵਿੱਚ 68,000 ਤੋਂ ਵੱਧ ਗੁਰਦਾ ਰੋਗੀਆਂ ਨੂੰ ਨਿਰੰਤਰ ਡਾਇਲਸਿਸ ਇਲਾਜ ਰਾਹੀਂ ਸਹਾਰਾ ਦਿੱਤਾ ਜਾ ਰਿਹਾ ਹੈ, ਜਿਸ 'ਤੇ 14 ਕਰੋੜ ਰੁਪਏ ਤੋਂ ਵੱਧ ਦਾ ਖ਼ਰਚਾ ਆਇਆ ਹੈ। ਅਜਿਹੀ ਸਹਾਇਤਾ ਤੋਂ ਬਿਨਾਂ, ਕਮਜ਼ੋਰ ਆਰਥਿਕਤਾ ਵਾਲੇ ਪਰਿਵਾਰਾਂ ਨੂੰ ਮਹਿੰਗੇ ਇਲਾਜ ਕਰਾਉਣਾ ਬਹੁਤ ਔਖਾ ਹੈ, ਤੇ ਸਕੀਮ ਵਾਰਦਾਨ ਸਾਬਿਤ ਹੋ ਰਹੀ ਹੈ ।

ਸਕੀਮ ਅਧੀਨ ਕੈਂਸਰ ਦੀ ਦੇਖਭਾਲ ਵੀ ਵਿਆਪਕ ਰਹੀ ਹੈ, ਜਿਸ ਵਿੱਚ ਕੀਮੋਥੈਰੇਪੀ, ਰੇਡੀਏਸ਼ਨ ਅਤੇ ਸਰਜੀਕਲ ਓਨਕੋਲੋਜੀ ਸਮੇਤ 14,000 ਤੋਂ ਵੱਧ ਇਲਾਜ 35 ਕਰੋੜ ਰੁਪਏ ਤੋਂ ਵੱਧ ਦੀ ਕੁੱਲ ਲਾਗਤ ਨਾਲ ਪ੍ਰਦਾਨ ਕੀਤੇ ਗਏ ਹਨ, ਜੋ ਇਹ ਯਕੀਨੀ ਬਣਾਉਂਦੇ ਹਨ ਕਿ ਮਰੀਜ਼ਾਂ ਨੂੰ ਇਲਾਜ ਦੇ ਸਾਰੇ ਪੜਾਵਾਂ ਵਿੱਚ ਨਿਰਵਿਘਨ ਦੇਖਭਾਲ ਮਿਲੇ।

ਇਸੇ ਤਰ੍ਹਾਂ, ਦਿਲ ਦੀਆਂ ਬਿਮਾਰੀਆਂ ਵਿੱਚ ਉੱਨਤ ਇਲਾਜ ਨੂੰ ਪਹੁੰਚਯੋਗ ਬਣਾਇਆ ਗਿਆ ਹੈ। ਪੀ ਜੀ ਆਈ ਐਮ ਈ ਆਰ ਚੰਡੀਗੜ੍ਹ ਵਿਖੇ ਟ੍ਰਾਈਕਸਪਿਡ ਵਾਲਵ ਦੀ ਮੁਰੰਮਤ ਦੇ ਨਾਲ ਇੱਕ ਬਹੁਤ ਹੀ ਗੁੰਝਲਦਾਰ 'ਡਬਲ-ਸਵਿੱਚ ਕਾਰਡੀਅਕ ਆਪ੍ਰੇਸ਼ਨ', ਜੋ ਕਿ ਭਾਰਤ ਵਿੱਚ ਦਿਲ ਦੀਆਂ ਸਰਜਰੀਆਂ ਵਿੱਚੋਂ ਸਭ ਤੋਂ ਵੱਧ ਤਕਨੀਕੀ ਤੌਰ 'ਤੇ ਮੁਸ਼ਕਲ ਸਰਜਰੀ ਹੈ, ਨੂੰ 4.41 ਲੱਖ ਰੁਪਏ ਵਿੱਚ ਪੂਰੀ ਤਰ੍ਹਾਂ ਕਵਰ ਕੀਤਾ ਗਿਆ । ਨਿਜੀ ਖੇਤਰ ਵਿੱਚ, ਅਜਿਹੀਆਂ ਪ੍ਰਕਿਰਿਆਵਾਂ ਦੀ ਕੀਮਤ ਆਮ ਤੌਰ 'ਤੇ 5 ਲੱਖ ਤੋਂ 8 ਲੱਖ ਰੁਪਏ ਦੇ ਵਿਚਕਾਰ ਹੁੰਦੀ ਹੈ। ਕੁੱਲ ਮਿਲਾ ਕੇ, ਇਸ ਸਕੀਮ ਅਧੀਨ ਐਂਜੀਓਪਲਾਸਟੀ ਅਤੇ ਸਥਾਈ ਪੇਸਮੇਕਰ ਇਮਪਲਾਂਟੇਸ਼ਨ ਸਮੇਤ 5,700 ਤੋਂ ਵੱਧ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਕਵਰ ਕੀਤੇ ਗਏ ਹਨ, ਜਿਸ ਵਿੱਚ ਦਿਲ ਦੇ ਇਲਾਜ ਦਾ ਕੁੱਲ ਖਰਚਾ 47 ਕਰੋੜ ਰੁਪਏ ਤੋਂ ਵੱਧ ਹੈ।

ਇਸ 'ਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਡਾਇਲਸਿਸ, ਦਿਲ ਦੀ ਬਿਮਾਰੀ, ਕੈਂਸਰ, ਇਹ ਅਜਿਹੀਆਂ ਸਥਿਤੀਆਂ ਨਹੀਂ ਹਨ ਜਿਨ੍ਹਾਂ ਵਿਚ ਉਡੀਕ ਦੀ ਗੁਜਾਇਸ਼ ਨਹੀਂ ਹੁੰਦੀ । ਪਿਛਲੇ ਮਹੀਨਿਆਂ ਵਿੱਚ ਹੀ, ਇਸ ਸਕੀਮ ਨੇ ਗੁਰਦਾ ਰੋਗੀਆਂ ਲਈ 68,000 ਤੋਂ ਵੱਧ ਡਾਇਲਸਿਸ ਸੈਸ਼ਨਾਂ ਲਈ ਫੰਡ ਦਿੱਤੇ ਹਨ। ਇਹ ਸਿਰਫ਼ ਇਕ ਅੰਕੜਾ ਨਹੀਂ ਹੈ। ਇਹ ਉਹ 68,000 ਪਰਿਵਾਰ ਹਨ ਜੋ ਬਿਨਾਂ ਕਿਸੇ ਡਰ ਦੇ ਸੌਂ ਸਕੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਇਲਾਜ ਡਾਕਟਰੀ ਲੋੜ ਅਨੁਸਾਰ ਹੋਵੇ, ਨਾ ਕਿ ਪਰਿਵਾਰ ਦੇ ਬੈਂਕ ਬੈਲੇਂਸ ਅਨੁਸਾਰ। ਇਸ ਸਕੀਮ ਦੇ ਪ੍ਰਭਾਵ ਦਾ ਇੱਕ ਮਹੱਤਵਪੂਰਨ ਸੂਚਕ ਗੈਰ-ਸਰਜੀਕਲ ਅਤੇ ਫਾਲੋ-ਅਪ ਦੇਖਭਾਲ ਦੀ ਵਧਦੀ ਗਿਣਤੀ ਹੈ। ਮਰੀਜ਼ ਸਿਰਫ਼ ਐਮਰਜੈਂਸੀ ਦੌਰਾਨ ਹੀ ਇਲਾਜ ਲਈ ਨਹੀਂ ਆ ਰਹੇ ਬਲਕਿ ਸਮੇਂ ਦੇ ਨਾਲ ਇਲਾਜ ਜਾਰੀ ਰੱਖ ਰਹੇ ਹਨ। ਇਹ ਇੱਕ ਵਿਵਹਾਰਕ ਤਬਦੀਲੀ ਨੂੰ ਦਰਸਾਉਂਦਾ ਹੈ, ਜਿੱਥੇ ਲੋਕ ਵਿੱਤੀ ਰੁਕਾਵਟਾਂ ਕਾਰਨ ਦੇਰੀ ਕਰਨ ਦੀ ਬਜਾਏ ਜਲਦੀ ਇਲਾਜ ਦੀ ਮੰਗ ਕਰ ਰਹੇ ਹਨ। ਇਹ ਤਬਦੀਲੀ ਸਕੀਮ ਦੇ ਸਭ ਤੋਂ ਸਾਰਥਕ ਨਤੀਜਿਆਂ ਵਿੱਚੋਂ ਇੱਕ ਹੈ।

ਭਗਵੰਤ ਮਾਨ ਸਰਕਾਰ ਲੋਕਾਂ ਨੂੰ ਨਿਰਧਾਰਤ ਕੇਂਦਰਾਂ ਅਤੇ ਜ਼ਮੀਨੀ ਪੱਧਰ 'ਤੇ ਲਗਾਏ ਜਾ ਰਹੇ ਕੈਂਪਾਂ ਰਾਹੀਂ ਸਿਹਤ ਕਾਰਡ ਲਈ ਰਜਿਸਟਰ ਕਰਨ ਲਈ ਉਤਸ਼ਾਹਿਤ ਕਰ ਰਹੀ ਹੈ, ਤਾਂ ਜੋ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਨਕਦ ਰਹਿਤ ਇਲਾਜ ਤੱਕ ਵਿਆਪਕ ਪਹੁੰਚ ਬਣਾਈ ਜਾ ਸਕੇ।

## ਸਰਕਾਰ ਤੇਲ ਅਤੇ ਗੈਸ ਦੀ ਸਪਲਾਈ ਲਈ ਚੌਕਸ

ਜੀਂਦ, 9 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਾਤਾ ਜੈਅੰਤੀ ਦੇਵੀ ਦੀ ਪਾਵਨ ਨਗਰੀ ਵਿੱਚ ਆਉਣ ਨਾਲ ਉਨ੍ਹਾਂ ਨੂੰ ਬਹੁਤ ਹੀ ਮਾਣ ਮਹਿਸੂਸ ਹੋ ਰਿਹਾ ਹੈ। ਜੀਂਦ ਦੀ ਇਹ ਭੂਮੀ ਮਿਹਨਤ ਅਤੇ ਤਰੱਕੀ ਦਾ ਸੰਗਮ ਰਹੀ ਹੈ। ਮੁੱਖ ਮੰਤਰੀ ਅੱਜ ਇੱਥੇ ਏਕਲਵਯ ਸਟੇਡੀਅਮ ਸਾਹਮਣੇ ਕੀਤੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਭਾਜਪਾ ਸਰਕਾਰ ਜੀਂਦ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੇਗੀ। ਸਰਕਾਰ ਤੇਲ ਅਤੇ ਗੈਸ ਦੀ ਸਪਲਾਈ ਬਹਾਲ ਰੱਖਣ ਲਈ ਚੌਕਸੀ ਵਰਤ ਰਹੀ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਜੀਂਦ ਵਿਧਾਨ ਸਭਾ ਹਲਕੇ ਲਈ 253 ਕਰੋੜ ਰੁਪਏ ਦੀਆਂ 15 ਯੋਜਨਾਵਾਂ ਦੇ ਉਦਘਾਟਨ ਅਤੇ ਨੀਂਹ-ਪੱਥਰ ਰੱਖੇ। ਇਨ੍ਹਾਂ ਵਿੱਚ 1.12 ਅਰਬ ਦੀ ਲਾਗਤ ਵਾਲੇ 3 ਪ੍ਰਾਜੈਕਟਾਂ ਦੇ ਉਦਘਾਟਨ ਅਤੇ 1.40 ਅਰਬ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ 12 ਪ੍ਰਾਜੈਕਟਾਂ ਦੇ ਨੀਂਹ-ਪੱਥਰ ਰੱਖੇ। ਹੁਣ ਤੱਕ ਜੀਂਦ ਦੇ ਵਿਕਾਸ ਲਈ ਐਲਾਨੀਆਂ 125 ਯੋਜਨਾਵਾਂ ਵਿੱਚੋਂ 103 ਦਾ ਕੰਮ ਪੂਰਾ ਹੋ ਚੁੱਕਿਆ ਹੈ, ਬਾਕੀ ਵਿਕਾਸ ਕਾਰਜਾਂ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਜੀਂਦ ਵਿਧਾਨ ਸਭਾ ਹਲਕੇ ਦੇ ਵਿਕਾਸ ਕੰਮਾਂ ਲਈ 11 ਸਾਲਾਂ ਵਿੱਚ 2217 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ ਅਤੇ 15 ਹਜ਼ਾਰ ਨੌਜਵਾਨਾਂ ਨੂੰ ਨੌਕਰੀ ਦਿੱਤੀ ਗਈ ਹੈ। ਉਨ੍ਹਾਂ ਹੋਰ ਵਿਕਾਸ ਕੰਮਾਂ ਦਾ ਐਲਾਨ ਕਰਦੇ ਹੋਏ ਕਿਹਾ ਕਿ ਬਜਟ 2026-27 ਤਹਿਤ 21 ਖੇਡ ਸਟੇਡੀਅਮ ਬਣਾਏ ਜਾਣਗੇ। ਇਨ੍ਹਾਂ ਵਿੱਚ ਜੀਂਦ ਦਾ ਸਟੇਡੀਅਮ ਵੀ ਸ਼ਾਮਲ ਹੈ। ਸੂਬੇ ਵਿੱਚ 10 ਨਵੇਂ ਆਈ ਐਮ ਟੀ ਬਣਾਉਣ, ਜੀਂਦ ਵਿੱਚ ਮਾਡਲ ਸੜਕ ਅਤੇ ਰਾਣੀ ਤਲਾਬ ਦੇ ਨਜ਼ਦੀਕ ਪਾਰਕ ਬਣਾਇਆ ਜਾਵੇਗਾ। ਇਸ ਉੱਤੇ 60 ਕਰੋੜ ਰੁਪਏ ਦੀ ਲਾਗਤ ਆਵੇਗੀ। ਸ਼ਹਿਰ ਦੀ ਸੜਕਾਂ ਉੱਤੇ ਲਾਈਟਾਂ, ਸਰਕਾਰੀ ਕਾਲਜ ਵਿੱਚ ਆਰਟ ਬਲਾਕ ਦਾ ਨਿਰਮਾਣ, ਮਾਰਕੀਟ ਬੋਰਡ ਦੀ ਛੇ ਸੜਕਾਂ ਨੂੰ ਚੌੜਾ ਅਤੇ ਮੁਰੰਮਤ, ਪੀ ਡਬਲਿਊ ਡੀ ਦੀ 25 ਸੜਕਾਂ ਦਾ ਰੱਖ-ਰਖਾਅ ਅਤੇ 25 ਕਿਲੋਮੀਟਰ ਦੇ ਖੇਤਾਂ ਵਿੱਚ ਜਾਣ ਵਾਲੇ ਕੱਚੇ ਰਸਤੇ ਪੱਕੇ ਕਰਵਾਏ ਜਾਣਗੇ।

# ਬਾਇਓਗੈਸ ਪਲਾਂਟ ਬੰਦ ਕਰਨ ਦੀ ਮੰਗ

ਜੀਂਦ, 9 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਦੇ ਗੋਹਾਨਾ ਰੋਡ 'ਤੇ ਰਿਹਾਇਸ਼ੀ ਇਲਾਕੇ ਵਿੱਚ ਲਗਾਏ ਗਏ ਨਵੇਂ ਬਾਇਓਗੈਸ ਪਲਾਂਟ ਦਾ ਵਿਰੋਧ ਸ਼ੁਰੂ ਹੋ ਗਿਆ ਹੈ ਅਤੇ ਸਥਾਨਕ ਲੋਕਾਂ ਨੇ ਪਲਾਂਟ ਨੂੰ ਬੰਦ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਵੱਡੀ ਗਿਣਤੀ ਲੋਕਾਂ ਦਾ ਵਫ਼ਦ ਅੱਜ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਮਿਲਿਆ ਅਤੇ ਲੋਕਾਂ ਦੀ ਸਿਹਤ 'ਤੇ ਪਲਾਂਟ ਦੇ ਮਾੜੇ ਪ੍ਰਭਾਵ ਬਾਰੇ ਦੱਸਿਆ। ਵਫ਼ਦ ਨੇ



ਕਿਹਾ ਕਿ ਜੇ ਸਰਕਾਰ ਨੇ ਇਸ ਪਲਾਂਟ ਨੂੰ 10 ਦਿਨਾਂ ਵਿੱਚ ਬੰਦ ਨਾ ਕਰਵਾਇਆ ਤਾਂ ਅੰਦੋਲਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਅੰਦੋਲਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਮੰਗ ਪੂਰੀ ਨਹੀਂ ਹੋ ਜਾਂਦੀ। ਜਾਣਕਾਰੀ ਅਨੁਸਾਰ ਵਫ਼ਦ ਵਿੱਚ ਆਸ ਪਾਸ ਦੀਆਂ ਕਲੋਨੀਆਂ ਤੇ ਪਿੰਡਾਂ ਦੇ ਲੋਕ, ਕਈ ਖਾਪਾਂ ਅਤੇ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਵਿਰੋਧੀ ਦਲ ਕਾਂਗਰਸ, ਸੀ ਪੀ ਆਈ ਐਮ, ਸੀਟੂ, ਜਨਤਾ ਸਰਕਾਰ ਮੋਰਚਾ ਅਤੇ ਅਨੇਕਾਂ ਸਭਾਵਾਂ ਦੇ ਨੁਮਾਇੰਦਿਆਂ ਨੇ ਭੋਪਾਲ ਕਾਂਡ ਨੂੰ ਯਾਦ ਕਰਦੇ ਹੋਏ ਇਸ ਗੈਸ ਪਲਾਂਟ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਕੰਡੇਲਾ ਖਾਪ ਦੇ ਪ੍ਰਧਾਨ ਓਮ ਪ੍ਰਕਾਸ਼ ਕੰਡੇਲਾ ਦੀ ਅਗਵਾਈ ਹੇਠ ਮਿਲੇ ਵਫ਼ਦ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ 10 ਦਿਨਾਂ ਦੇ ਅੰਦਰ ਇਸ ਗੈਸ ਪਲਾਂਟ ਨੂੰ ਬੰਦ ਨਹੀਂ ਕੀਤਾ ਗਿਆ ਤਾਂ ਹੋਰ ਵੱਡਾ ਅੰਦੋਲਨ ਸ਼ੁਰੂ ਕਰ ਦਿੱਤਾ ਜਾਵੇਗਾ, ਜੋ ਮੰਗ ਪੂਰੀ ਹੋਣ ਤੱਕ ਚਲਦਾ ਰਹੇਗਾ।

## ਸੰਪਾਦਕੀ

# ਅੰਨਦਾਤੇ ਨੂੰ ਪੈ ਰਹੀ ਕੁਦਰਤ ਦੀ ਮਾਰ

ਇਸ ਵੇਲੇ ਪੰਜਾਬ ਦੇ ਕਿਸਾਨ ਫ਼ਿਕਰਾਂ ਵਿੱਚ ਘਿਰੇ ਹੋਏ ਹਨ। ਬੇਮੌਸਮੇ ਮੀਂਹ ਤੇ ਗੜਿਆਂ ਨੇ ਖੇਤਾਂ ਵਿੱਚ ਖੜ੍ਹੀ ਕਣਕ ਦੀ ਪੱਕੀ ਫ਼ਸਲ ਮਧੋਲ ਦਿੱਤੀ ਹੈ। ਇਨ੍ਹਾਂ ਦਿਨਾਂ ਵਿੱਚ ਤਾਂ ਕਿਸਾਨ ਆਪਣੀ ਫ਼ਸਲ ਸੁੱਖ-ਸਾਂਦ ਨਾਲ ਮੰਡੀ ਵਿੱਚ ਪੁੱਜਣ ਦੀਆਂ ਅਰਦਾਸਾਂ ਕਰਦਾ ਹੈ। ਇਸ ਵੇਲੇ ਝੁੱਲੇ ਝੱਖੜ ਨੇ ਸਿਰਫ਼ ਫ਼ਸਲ ਦਾ ਹੀ ਨੁਕਸਾਨ ਨਹੀਂ ਕੀਤਾ, ਸਗੋਂ ਮਾਨਸਿਕ ਤੌਰ ’ਤੇ ਕਿਸਾਨਾਂ ਨੂੰ ਹੋਰ ਪ੍ਰੇਸ਼ਾਨ ਕਰ ਦਿੱਤਾ ਹੈ। ਕਿਸਾਨਾਂ ਨੇ ਇਹ ਫ਼ਸਲ ਵੇਚ ਕੇ ਬੈਂਕ ਦੇ ਕਰਜ਼ੇ ਮੋੜਨੇ ਸਨ, ਸ਼ਾਹੂਕਾਰਾਂ ਨਾਲ ਹਿਸਾਬ ਕਰਨਾ ਸੀ ਤੇ ਆਪਣੀ ਕਬੀਲਦਾਰੀ ਦੀਆਂ ਹੋਰ ਜ਼ਿੰਮੇਵਾਰੀਆਂ ਨਿਭਾਉਣੀਆਂ ਸਨ। ਪਰ ਖ਼ਰਾਬ ਮੌਸਮ ਕਾਰਨ ਉਸ ਦਾ ਸਭ ਕੁਝ ਦਾਅ ’ਤੇ ਲੱਗ ਗਿਆ ਹੈ।

ਦੇਸ਼ ਦੇ ਅੰਨ ਭੰਡਾਰ ਵਿੱਚ ਪੰਜਾਬ ਵੱਡਾ ਹਿੱਸਾ ਪਾਉਂਦਾ ਹੈ। ਇਸ ਵਾਰ ਪੰਜਾਬ ਵਿੱਚ ਕਰੀਬ 35 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਹੋਈ ਸੀ ਅਤੇ 122 ਲੱਖ ਟਨ ਕਣਕ ਖ਼ਰੀਦਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਵਾਰ ਭਰਵੇਂ ਝਾੜ ਦੀ ਉਮੀਦ ਸੀ ਪਰ ਬੇਮੌਸਮੇ ਮੀਂਹ ਨੇ ਸਾਰੀਆਂ ਆਸਾਂ ’ਤੇ ਪਾਣੀ ਫੇਰ ਦਿੱਤਾ ਹੈ। ਖੇਤਾਂ ਵਿੱਚ ਡਿੱਗੀ ਕਣਕ ਦਾ ਝਾੜ ਘੱਟ ਸਕਦਾ ਹੈ। ਮਸ਼ੀਨ ਨਾਲ ਵਾਢੀ ਕਰਨ ਵਿੱਚ ਦਿੱਕਤ ਆਵੇਗੀ ਅਤੇ ਕਿਸਾਨਾਂ ਨੂੰ ਵਾਢੀ ਲਈ ਵੱਧ ਭੁਗਤਾਨ ਕਰਨਾ ਪੈ ਸਕਦਾ ਹੈ। ਮੌਸਮ ਸਿੱਲ੍ਹਾ ਰਹਿਣ ਕਾਰਨ ਧਰਤੀ ’ਤੇ ਵਿਛੀ ਕਣਕ ਦਾ ਦਾਣਾ ਕਾਲਾ ਹੋ ਸਕਦਾ ਹੈ ਅਤੇ ਬੱਲੀਆਂ ਵਿੱਚ ਦਾਣੇ ਜੰਮ ਸਕਦੇ ਹਨ। ਖ਼ਰਾਬ ਹੋਈ ਫ਼ਸਲ ਨੂੰ ਮੰਡੀਆਂ ਵਿੱਚ ਵੇਚਣ ਦਾ ਸੰਕਟ ਵੀ ਖੜ੍ਹਾ ਹੋ ਸਕਦਾ ਹੈ।

ਮੌਸਮ ਖ਼ਰਾਬ ਰਹਿਣ ਦੀ ਪੇਸ਼ੀਨਗੋਈ ਆਉਂਦੇ ਦਿਨਾਂ ਵਿੱਚ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧਾ ਸਕਦੀ ਹੈ। ਪੰਜਾਬ ਦਾ ਅਰਥਚਾਰਾ ਮੁੱਖ ਤੌਰ ’ਤੇ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ। ਫ਼ਸਲ ਦਾ ਝਾੜ ਘਟਣ ਦਾ ਅਸਰ ਖੇਤਾਂ ਤੋਂ ਲੈ ਕੇ ਮੰਡੀਆਂ ਤੱਕ ਜੁੜੇ ਵਰਗ ’ਤੇ ਪੈ ਸਕਦਾ ਹੈ। ਫ਼ਸਲ ਪੱਕਣ ਵੇਲੇ ਕਿਸਾਨਾਂ ਨੂੰ ਅਕਸਰ ਕੁਦਰਤ ਦੀ ਮਾਰ ਸਹਿਣੀ ਪੈਂਦੀ ਹੈ। ਕਦੇ ਫ਼ਸਲ ਨੂੰ ਬਿਮਾਰੀ ਪੈ ਜਾਂਦੀ ਹੈ, ਕਦੇ ਮੀਂਹ-ਝੱਖੜ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕਦੇ ਹੜ੍ਹਾਂ ਦੀ ਮਾਰ ਪੈ ਜਾਂਦੀ ਹੈ। ਕੁਦਰਤ ਦੀ ਕਰੋਪੀ ਅੱਗੇ ਭਾਵੇਂ ਕਿਸੇ ਦਾ ਵਸ ਨਹੀਂ ਚੱਲਦਾ ਪਰ ਅੰਨਦਾਤੇ ਨੂੰ ਹੁੰਦੇ ਨੁਕਸਾਨ ਦੀ ਪੂਰਤੀ ਕੀਤੀ ਜਾਣੀ ਬਣਦੀ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਅਜਿਹੀ ਕਿਸੇ ਵੀ ਮੁਸੀਬਤ ਵੇਲੇ ਉਹ ਕਿਸਾਨ ਦੀ ਬਾਂਹ ਫੜਨ ਤਾਂ ਜੋ ਹੋਰਾਂ ਦਾ ਢਿੱਡ ਭਰਨ ਵਾਲੇ ਅੰਨਦਾਤੇ ਦਾ ਪਰਿਵਾਰ ਵੀ ਆਪਣਾ ਗੁਜ਼ਰ-ਬਸਰ ਸੌਖਿਆਂ ਕਰ ਸਕੇ।

ਦੂਜੇ ਪਾਸੇ, ਕਰਜ਼ੇ ਦੇ ਬੋਝ ਹੇਠ ਦੱਬਿਆ ਪੰਜਾਬ ਦਾ ਕਿਸਾਨ ਤਾਂ ਪਹਿਲਾਂ ਹੀ ਖ਼ੁਦਕੁਸ਼ੀਆਂ ਕਰ ਰਿਹਾ ਹੈ। ਜੇਕਰ ਸਰਕਾਰਾਂ ਨੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਖੇਤੀਬਾੜੀ ਗੰਭੀਰ ਚੁਣੌਤੀਆਂ ’ਚ ਘਿਰ ਸਕਦੀ ਹੈ। ਕੁਦਰਤੀ ਆਫ਼ਤਾਂ ਕਾਰਨ ਹੁੰਦੇ ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਕਰਨ ਵਾਸਤੇ ਸਰਕਾਰ ਫੌਰੀ ਰਾਹਤ ਦੇਣ ਵਾਲੀਆਂ ਸਕੀਮਾਂ ਸ਼ੁਰੂ ਕਰੇ।

## ਪੰਜਾਬ ਪੱਧਰੀ ਸੰਮੇਲਣ ਦੌਰਾਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਕੋਰ ਗਰੁੱਪ ਮੈਂਬਰ ਜਿਲ੍ਹਾ ਮਾਲੇਰਕੋਟਲਾ ਦੀ ਨਿਯੁਕਤੀ ਕੀਤੀ ਗਈ




**ਮਲੇਰਕੋਟਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਉਸਪਲ ਭਵਨ ਚੰਡੀਗੜ੍ਹ ਵਿਖੇ ਹਿਉਮਨ ਰਾਈਟਸ ਕਮਿਸ਼ਨ ਵੱਲੋਂ ਸੰਮੇਲਣ ਦਾ ਆਜੋਯਨ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਵੱਜੋਂ ਸੀ? ਕੇ.ਏ.ਪੀ.ਸਿਨਹਾ ਚੀਫ ਸੈਕਟਰੀ ਪੰਜਾਬ, ਸ੍ਰੀ ਐਚ.ਰਾਜੇਸ਼ ਪ੍ਰਸ਼ਾਦ ਚੀਫ ਸੈਕਟਰੀ ਚੰਡੀਗੜ੍ਹ, ਸ੍ਰੀ ਗੌਰਵ ਯਾਦਵ ਡਾਇਰੈਕਟਰ ਜਰਨਲ ਆਫ ਪੁਲਿਸ ਪੰਜਾਬ, ਡਾ:ਸਾਗਰ ਪ੍ਰੀਤ ਹੁੱਡਾ ਡਾਇਰੈਕਟਰ ਜਰਨਲ ਆਫ ਪੁਲਿਸ ਚੰਡੀਗੜ ਨੇ ਅਤੇ ਹਾਲ ਵਿੱਚ ਪੰਜਾਬ ਤੋਂ ਨਿਯੁਕਤ ਕੀਤੇ ਗਏ ਕੋਰ ਗਰੁੱਪ ਮੈਂਬਰਾਂ ਨੇ ਸਿ ?ਰਕਤ ਕੀਤੀ। ਇਸ ਮੌਕੇ ਵਿਸਥਾਰ ਨਾਲ ਉਹਨਾਂ ਨੂੰ ਆਪਣੇ ਰੋਲ ਅਤੇ ਜਿੰਮੇਵਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ। ਕਮਿਸ਼ਨ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਲੋਕਾਂ ਅਤੇ ਪ੍ਰਸ਼ਾਸ਼ਨ ਦੇ ਵਿਚਕਾਰ ਇੱਕ ਅਹਿਮ ਕੜੀ ਵਜੋਂ ਕੰਮ ਕਰਨਗੇ।ਉਹਨਾਂ ਨੂੰ ਦੱਸਿਆ ਗਿਆ ਕਿ ਉਹ ਸਮਾਜ ਦੇ ਹਰ ਵਰਗ ਦੇ ਲੋਕਾਂ ਨਾਲ ਜੁੜ ਕੇ ਉਹਨਾਂ ਦੀਆਂ ਸਮੱਸਿਆਵਾਂ ਅਤੇ ਸਿ ?ਕਾਇਤਾਂ ਨੂੰ ਧਿਆਨ ਨਾਲ ਸੁਨਣ ਅਤੇ ਉਹਨਾਂ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣ ਵਿੱਚ ਮਦਦ ਕਰਨ।

ਉਨ੍ਹਾ ਨੂੰ ਇਹ ਵੀ ਦਿਸ਼ਾ ਨਿਰਦੇਸ਼ ਦਿੱਤੇ ਗਏ ਕਿ ਉਹ ਮਨੁੱਖੀ ਅਧਿਕਾਰਾਂ ਬਾਰੇ ਲੋਕਾਂ ਚ ਜਾਗਰੂਕਤਾ ਫੈਲਾਉਣ ਤਾਂ ਜੋ ਹਰ ਵਿਅਕਤੀ ਆਪਣੇ ਅਧਿਕਾਰਾਂ ਬਾਰੇ ਜਾਨ ਸਕਣ ਅਤੇ ਉਹਨਾਂ ਦੀ ਰੱਖਿਆ ਕਰ ਸਕਣ।ਕੋਰ ਗਰੁੱਪ ਮੈਂਬਰਾਂ ਨੂੰ ਦੱਸਿਆ ਗਿਆ ਕਿ ਉਹ ਹਿਉਮਨ ਰਾਈਟਸ ਕਮਿਸ਼ਨ ਦੇ ਰਾਜਦੂਤ ਹਨ, ਅੰਬੈਸਡਰ ਹਨ।

ਉਨ੍ਹਾਂ ਨੂੰ ਇੱਕ ਨਵਾਂ ਨਾਂ ਹਿਊਮਨ ਰਾਈਟਸ ਦਿੱਤਾ ਗਿਆ ਮਤਲਬ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਹਨ ਅਤੇ ਉਹਨਾਂ ਦੀ ਜਿੰਮੇਵਾਰੀ ਹੈ ਕਿ ਉਹ ਕਮਿਸ਼ਨ ਦੇ ਮਿਸ਼ਨ ਅਤੇ ਮੂਲ ਸੰਦੇਸ਼ ਨੂੰ ਜ਼ਮੀਨੀ ਪੱਧਰ ਤੇ ਲੈ ਕੇ ਜਾਨ। ਉਹਨਾਂ ਨੂੰ ਇਮਾਨਦਾਰੀ ਨਿਰਪੱਖਤਾ ਅਤੇ ਸਮਰਪਣ ਨਾਲ ਆਪਣੀ ਡਿਊਟੀ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਕਿਹਾ ਗਿਆ ਕਿ ਇਹ ਕੰਮ ਸਿਰਫ ਇੱਕ ਜਿੰਮੇਵਾਰੀ ਨਹੀਂ ਬਲਕਿ ਇੱਕ ਸਮਾਜ ਸੇਵਾ ਹੈ ।

ਅਤੇ ਉਹ ਸਮਾਜ ਚ ਸਕਰਾਤਮਕ ਬਦਲਾਅ ਲਿਆਉਣ ਵਿੱਚ ਆਪਣਾ ਯੋਗਦਾਨ ਪਾਉਨ। ਇਸ ਮੌਕੇ ਮਾਲੇਰਕੋਟਲਾ ਤੋਂ ਚੁਣੇ ਗਏ ਕੋਰ ਗਰੁੱਪ ਮੈਂਬਰ ਜੋ ਸਮਾਗਮ ਵਿੱਚ ਪਹੁੰਚੇ ਅਤੇ ਉਹਨਾਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ ਜਿਹਨਾਂ ਵਿੱਚ ਨਦੀਮ ਅਨਵਾਰ ਖਾਂ, ਸੋਹੇਬ ਅਹਿਮਦ ਖਾਨ ਸੈਬੀ, ਜਿਸ਼ਾਨ ਕੁਰੈਸ਼ੀ, ਅਜ਼ਹਰ ਖਾਨ, ਅਬਾਦ, ਹਰਬੰਸ ਸਿੰਘ, ਇਰਫਾਨ ਅਲੀ, ਮੰਜੂ ਹਰਕਿਰਨ, ਸਾਦੀਆ, ਬੇਅੰਤ ਸਿੰਘ, ਲਵਦੀਪ ਸਿੰਘ ਅਤੇ ਮੁਹੰਮਦ ਸ਼ਾਹਿਦ ਮੌਜੂਦ ਸਨ ਜਿਹਨਾਂ ਨੂੰ ਹਿਊਮਨ ਰਾਈਟਸ ਕਮਿਸ਼ਨ ਪੰਜਾਬ ਅਤੇ ਚੰਡੀਗੜ੍ਹ ਦੇ ਚੇਅਰਮੈਨ ਜਸਟਿਸ ਸੱਤ ਪ੍ਰਕਾਸ਼ , ਜਤਿੰਦਰ ਸਿੰਘ ਸੈਂਟੀ ਮੈਂਬਰ ਅਤੇ ਗੁਰਦੀਪ ਸਿੰਘ ਮੈਂਬਰ ਵੱਲੋਂ ਸਨਮਾਨਿਤ ਕੀਤਾ ਗਿਆ।

## ਅਗਨੀਵੀਰ ਆਰਮੀ ਭਰਤੀ ਲਈ ਰਜਿਸਟਰੇਸ਼ਨ ਦੀ ਆਖ਼ਰੀ ਮਿਤੀ 10 ਅਪ੍ਰੈਲ

**ਫਾਜ਼ਿਲਕਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ( ਫਿਰੋਜ਼ਪੁਰ ) ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਅਗਨੀਵੀਰ ਫੌਜ ਦੀ ਭਰਤੀ ਰੈਲੀ ਦਾ ਕੰਪਿਊਟਰ ਬੇਸਿਸ ਲਿਖਤੀ ਪੇਪਰ ਜੂਨ 2026 ਨੂੰ ਹੋ ਰਿਹਾ ਹੈ । ਜਿਸ ਤਰ੍ਹਾਂ ਦਾ ਲਿਖਤੀ ਪੇਪਰ ਜੂਨ 2026 ਨੂੰ ਹੋਣਾ ਹੈ ਉਸ ਤਰ੍ਹਾਂ ਹੀ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਕਰਵਾਈ ਜਾ ਰਹੀ ਹੈ । ਲਿਖਤੀ ਪੇਪਰ ਦੀ ਆਨ ਲਾਈਨ ਰਿਜ਼ਟਰੇਸ਼ਨ ਮਿਤੀ 13.02.2026 ਤੋਂ ਮਿਤੀ 10 ਅਪ੍ਰੈਲ 2026 ਤੱਕ www.joinindianarmy.nic.in ਤੇ ਕਰਵਾਈ ਜਾ ਸਕਦੀ ਹੈ । ਫਿਰੋਜ਼ਪੁਰ, ਫਾਜਿਲਕਾ, ਮੁਕਤਸਰ, ਫਰੀਦਕੋਟ ਅਤੇ ਮੋਗਾ ਜਿਲ੍ਹੇ ਦੇ ਯੁਵਕ ਜੋ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਯੁਵਕ ਜਲਦੀ ਤੋਂ ਜਲਦੀ ਆਪਣੀ ਆਨ ਲਾਈਨ ਰਜਿਸਟਰੇਸ਼ਨ ਕਰਵਾ ਕੇ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਆ ਕੇ ਕਰ ਸਕਦੇ ਹਨ ।

ਕੈਂਪ ਵਿੱਚ ਆਉਣ ਸਮੇਂ ਦਸਵੀਂ ਦਾ ਅਸਲ ਸਰਟੀਫਿਕੇਟ , ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ , ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਦੋ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ, ਪੈੱਨ, ਖਾਣਾ ਖਾਣ ਲਈ ਬਰਤਨ , ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ । ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 09:00 ਵਜ੍ਹੇ ।

ਯੁਵਕ ਦੀ ਉਮਰ 17 1/2 ਸਾਲ ਤੋਂ 22 ਸਾਲ ਤੱਕ ਹੋਵੇ ਛਾਤੀ ਬਿਨ੍ਹਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ । ਯੁਵਕ ਘੱਟੋ-ਘੱਟ 10ਵੀਂ 45% ਅੰਕਾਂ ਨਾਲ ਪਾਸ ਹੋਵੇ ਜਾਂ 10+2 ਪਾਸ ਹੋਵੇ ।

ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਹਾਇਸ਼ ਬਿਲਕੁੱਲ ਮੁਫ਼ਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ ।ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰ 73476-66557 ਤੇ ਸੰਪਰਕ ਕੀਤਾ ਜਾ ਸਕਦਾ ਹੈ ।

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਕਣਕ ਦੀ ਖਰੀਦ ਪ੍ਰਬੰਧਾਂ ਦੀ ਸਮੀਖਿਆ

**ਮਲੇਰਕੋਟਲਾ, 9 ਅਪ੍ਰੈਲ**
**-ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ ਅਤੇ ਐੱਸ.ਐੱਸ.ਪੀ ਗਗਨ ਅਜੀਤ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਵਿੱਚ ਕਣਕ ਦੀ ਅਗੇਤੀ ਖਰੀਦ ਲਈ ਕੀਤੀਆਂ ਤਿਆਰੀਆਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਸਮੀਖਿਆ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਣਕ ਦੀ ਸੰਭਾਵਿਤ ਆਮਦ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਇਸ ਸਾਲ ਜ਼ਿਲ੍ਹੇ ਵਿੱਚ ਕਰੀਬ 2 ਲੱਖ 47 ਹਜਾਰ ਮੈਟ੍ਰਿਕ ਟਨ ਕਣਕ ਦੀ ਆਮਦ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਮੰਡੀ ਬੋਰਡ ਵੱਲੋਂ ਕੁੱਲ 46 ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ 04 ਮੁੱਖ ਯਾਰਡ, 06 ਸਬ-ਯਾਰਡ ਅਤੇ 36 ਖਰੀਦ ਕੇਂਦਰ ਸ਼ਾਮਲ ਹਨ।ਉਨ੍ਹਾਂ ਖਰੀਦ ਏਜੰਸੀਆਂ ਤੋਂ ਕਣਕ ਦੀ ਸਟੋਰੇਜ਼ ਲਈ ਲੋੜੀਂਦੀ ਜਗ੍ਹਾ, ਬਾਰਦਾਨਾ ਅਤੇ ਹੋਰ ਜ਼ਰੂਰੀ ਪ੍ਰਬੰਧਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਸਮੂਹ ਖਰੀਦ ਕੇਂਦਰਾਂ ‘ਤੇ ਸਟਾਫ਼ ਦੀ ਤਾਇਨਾਤੀ ਕਰਨ ਅਤੇ ਮੰਡੀਆਂ ਵਿੱਚ ਨਿਯਮਿਤ ਨਿਗਰਾਨੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਵਧੀਕ ਡਿਪਟੀ ਕਮਿਸ਼ਨਰ ਨੇ ਸਾਰੇ ਸੰਬੰਧਿਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਕਣਕ ਦੀ ਖਰੀਦ ਲਈ ਸਾਰੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕੀਤੀਆਂ ਜਾਣ, ਤਾਂ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਪਨਗ੍ਰੇਨ, ਮਾਰਕਫੈਡ, ਵੇਅਰਹਾਊਸ, ਪਨਸਪ ਅਤੇ ਐਫ.ਸੀ.ਆਈ. ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਉਹਨਾਂ ਨੂੰ ਸੌਂਪੀਆਂ ਮੰਡੀਆਂ ਵਿੱਚ ਸਮੇਂ ਸਿਰ, ਪਾਰਦਰਸ਼ੀ ਅਤੇ ਸੁਚਾਰੂ ਖਰੀਦ ਯਕੀਨੀ ਬਣਾਈ ਜਾਵੇ।

ਇਸ ਮੌਕੇ ਐਸ.ਡੀ.ਐਮ ਮਾਲੇਰਕੋਟਲਾ ਅਨੂ ਗਰਗ, ਐਸ.ਡੀ.ਐਮ ਅਮਰਗੜ੍ਹ ਹਰਬੰਸ ਸਿੰਘ, ਡੀ.ਐੱਸ.ਪੀ ਸਤੀਸ਼ ਕੁਮਾਰ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਡੋਜੀ ਮਹਿਤਾ ਸਮੇਤ ਸਮੂਹ ਖਰੀਦ ਏਜੰਸੀਆਂ ਦੇ ਨੁਮਾਇੰਦੇ ਹਾਜ਼ਰ ਸਨ।

## ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਮਹਾਰਾਜ ਜੀ ਦੇ 490ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਜਿਲ੍ਹੇ ਗੁਰਦਾਸਪੁਰ ਦੇ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ/ਕਾਲਜਾਂ ਵਿੱਚ ਅੱਧੇ ਦਿਨ ਦੀ ਲੋਕਲ ਛੁੱਟੀ ਘੋਸ਼ਿਤ

**ਸ੍ਰੀ ਹਰਗੋਬਿੰਦਪੁਰ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਕੁਲਦੀਪ ਸਿੰਘ, ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਵਲੋਂ ਜਾਰੀ ਕੀਤੇ ਹੁਕਮ ਵਿੱਚ ਦੱਸਿਆ ਗਿਆ ਹੈ ਕਿ ਗੋਸਵਾਮੀ ਸ੍ਰੀ ਗੁਰੂ ਨਾਭਾ ਦਾਸ ਮਹਾਰਾਜ ਜੀ ਦੇ 490ਵੇਂ ਪ੍ਰਕਾਸ਼ ਉਤਸਵ ਦੇ ਸਬੰਧ ਵਿੱਚ ਪੰਜਾਬ ਪ੍ਰਧਾਨ ਸ੍ਰੀ ਯੁਧਵੀਰ ਸਿੰਘ, ਸ੍ਰੀ ਗੁਰੂ ਨਾਭਾ ਦਾਸ ਮਹਾਰਾਜ ਕਮੇਟੀ, ਗੁਰਦਾਸਪੁਰ ਵਲੋਂ ਮੰਗ ਕੀਤੀ ਗਈ ਸੀ ਕਿ ਮਿਤੀ 07 ਅਪ੍ਰੈਲ 2026 ਨੂੰ ਜਿਲ੍ਹਾ ਗੁਰਦਾਸਪੁਰ ਵਿੱਚ ਇੱਕ ਵਿਸ਼ਾਲ ਸੋਭਾ ਯਾਤਰਾ ਕੱਢੀ ਜਾ ਰਹੀ ਹੈ। ਇਸ ਸੋਭਾ ਯਾਤਰਾ ਕਰਕੇ ਸ਼ਹਿਰ ਦੇ ਕਈ ਰੂਟ ਡਾਇਵਰਟ ਕੀਤੇ ਜਾਣੇ ਹਨ।ਇਸ ਲਈ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ/ਕਾਲਜਾਂ ਵਿੱਚ 07 ਅਪ੍ਰੈਲ ਨੂੰ ਦੁਪਹਿਰ ਤੋਂ ਬਾਅਦ ਅੱਧੇ ਦਿਨ ਦੀ ਲੋਕਲ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਹੁਕਮ ਵਿੱਚ ਕਿਹਾ ਗਿਆ ਹੈ ਕਿ ਜਿਨ੍ਹਾਂ ਸਰਕਾਰੀ/ਗੈਰ ਸਰਕਾਰੀ ਸਕੂਲਾਂ/ਕਾਲਜਾਂ ਵਿੱਚ ਬੋਰਡ, ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਉਕਤ ਮਿਤੀ ਨੂੰ ਨਿਰਧਾਰਿਤ ਹਨ, ਉਨ੍ਹਾਂ ਸਕੂਲਾਂ/ਕਾਲਜਾਂ ਤੇ ਇਹ ਛੁੱਟੀ ਦੇ ਹੁਕਮ ਲਾਗੂ ਨਹੀਂ ਹੋਣਗੇ।

## ਸੀ.ਐਸ.ਆਰ ਫੰਡਾਂ ਰਾਹੀਂ ਸਿਹਤ ਸੇਵਾਵਾਂ ਮਜ਼ਬੂਤ ਕਰਨ ਲਈ ਹੋਰ ਯੋਗਦਾਨ ਦੀ ਅਪੀਲ : ਰਿੰਪੀ ਗਰਗ

**ਮਲੇਰਕੋਟਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ ਦੀ ਪ੍ਰਧਾਨਗੀ ਹੇਠ ਰੋਗੀ ਕਲਿਆਣ ਸੰਮਤੀ ਦੀ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾਂ ਨੇ ਸਿਵਲ ਹਸਪਤਾਲ ਵਿੱਚ ਸਿਹਤ ਸੇਵਾਵਾਂ ਦੇ ਸੁਧਾਰ ਅਤੇ ਮਰੀਜ਼ਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸਮੀਖਿਆ ਕੀਤੀ। ਉਨ੍ਹਾਂ ਹਦਾਇਤ ਕੀਤੀ ਕਿ ਲੋਕਾਂ ਨੂੰ ਉੱਚ ਪੱਧਰੀ ਸਿਹਤ ਸੇਵਾਵਾਂ ਦੇਣ ਵਿੱਚ ਕੋਈ ਕਸਰ ਨਾ ਛੱਡੀ ਜਾਵੇ।

ਮੀਟਿੰਗ ਦੌਰਾਨ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਹਸਪਤਾਲ ਵਿੱਚ ਨਵਾਂ ਡੈਡ ਬਾਡੀ ਫ੍ਰੀਜ਼ਰ ਅਤੇ ਵਾਟਰ ਕੂਲਰ ਮੁਹੱਈਆ ਕਰਵਾਇਆ ਗਿਆ ਹੈ। ਅੱਖਾਂ ਦੇ ਇਲਾਜ ਲਈ ਓ.ਟੀ. ਸੈਂਟਰ ਚਾਲੂ ਕੀਤਾ ਗਿਆ ਹੈ ਅਤੇ ਨਸ਼ਾ ਮੁਕਤੀ ਕੇਂਦਰ ਵਿੱਚ ਆਈ.ਪੀ.ਡੀ ਸੇਵਾਵਾਂ ਵੀ ਸ਼ੁਰੂ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਮਲੇਰੀਆ ਲੈਬ ਦੀ ਸਥਾਪਨਾ ਨਾਲ ਰੋਗਾਂ ਦੀ ਜਾਂਚ ਅਤੇ ਇਲਾਜ ਵਿੱਚ ਹੋਰ ਸੁਧਾਰ ਆਇਆ ਹੈ ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਕਿਹਾ ਕਿ ਸਿਵਲ ਹਸਪਤਾਲ ਦੀ ਰੀਨੋਵੇਸ਼ਨ ‘ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਮਰੀਜ਼ਾਂ ਨੂੰ ਸੁਰੱਖਿਅਤ ਅਤੇ ਸੁਵਿਧਾਜਨਕ ਵਾਤਾਵਰਣ ਮਿਲ ਸਕੇ। ਇਸ ਦੇ ਨਾਲ ਹੀ ਹਸਪਤਾਲ ਵਿੱਚ ਫੈਸੀਲੀਟੇਸ਼ਨ ਸੈਂਟਰ ਦੀ ਸਥਾਪਨਾ ਵੀ ਕੀਤੀ ਜਾ ਰਹੀ ਹੈ, ਜਿਸ ਨਾਲ ਮਰੀਜ਼ਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਹੂਲਤ ਮਿਲੇਗੀ।

ਉਨ੍ਹਾਂ ਸਿਹਤ ਵਿਭਾਗ ਤੋਂ ਜਾਣਕਾਰੀ ਪ੍ਰਾਪਤ ਕਰਦਿਆਂ ਦੱਸਿਆ ਕਿ ਮਾਲੇਰਕੋਟਲਾ ਵਿਖੇ 2 ਨਵੇਂ ਆਮ ਆਦਮੀ ਕਲੀਨਿਕ ਸਫਲਤਾਪੂਰਵਕ ਸ਼ੁਰੂ ਹੋ ਚੁੱਕੇ ਹਨ, ਜਿਸ ਨਾਲ ਲੋਕਾਂ ਨੂੰ ਨੇੜੇ ਹੀ ਬੁਨਿਆਦੀ ਸਿਹਤ ਸੇਵਾਵਾਂ ਪ੍ਰਾਪਤ ਹੋ ਰਹੀਆਂ ਹਨ। ਇਸ ਤੋਂ ਇਲਾਵਾ ਹਸਪਤਾਲ ਵਿੱਚ ਟੀ.ਬੀ. ਟੈਸਟਿੰਗ ਲਈ ਪੀ.ਸੀ.ਆਰ ਮਸ਼ੀਨ ਉਪਲਬੱਧ ਕਰਵਾ ਦਿੱਤੀ ਗਈ ਹੈ, ਜਿਸ ਨਾਲ ਜਾਂਚ ਪ੍ਰਕਿਰਿਆ ਹੋਰ ਤੇਜ਼ ਅਤੇ ਸੁਚੱਜੀ ਹੋਈ ਹੈ।

ਇਸ ਮੌਕੇ ਐਸ.ਐਮ.ਓ.ਡਾ. ਸੁਖਵਿੰਦਰ ਸਿੰਘ, ਕਾਰਜ ਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ, ਈ.ਐਨ.ਟੀ. ਮਾਹਿਰ ਡਾ. ਵਾਟਿਕਾ ਕਪੂਰ, ਸੀ.ਡੀ.ਪੀ.ਓ.ਪਵਨ ਕੁਮਾਰ, ਫੈਸਿਲਿਟੀ ਮੈਨੇਜਰ ਗਗਨਦੀਪ ਸਿੰਘ ਰਾਏ, ਹੈਲਥ ਕਾਊਂਸਲਰ ਗੁਰਪ੍ਰੀਤ ਵਾਲੀਆ, ਨਰਸਿੰਗ ਸਿਸਟਰ ਸੁਖਵਿੰਦਰ ਕੌਰ ਹਾਜਰ ਸਨ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸਵੈ-ਰੋਜ਼ਗਾਰ ਤੇ ਪਲੇਸਮੈਂਟ ਕੈਂਪ 10 ਨੂੰ

**ਤਰਨਤਾਰਨ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਬੇਰੋਜ਼ਗਾਰ ਨੌਜਵਾਨ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਤਰਨ ਤਾਰਨ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਮਿਤੀ 10 ਅਪ੍ਰੈਲ 2026 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਤਰਨ ਤਾਰਨ, ਕਮਰਾ ਨੰਬਰ 115, ਪਹਿਲੀ ਮੰਜ਼ਿਲ, ਡੀ.ਸੀ ਦਫ਼ਤਰ ਕੰਪਲੈਕਸ, ਸਰਹਾਲੀ ਰੋਡ (ਪਿੰਡ ਪਿੱਦੀ) ਤਰਨ ਤਾਰਨ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਤਰਨ ਤਾਰਨ ਵਿਕਰਮ ਜੀਤ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿਚ ਜਗਦੰਬੇ ਹੋਮ ਫਰਨਿਸ਼ਿੰਗ ਕੰਪਨੀ ਅਤੇ ਅਜਾਇਲ ਹਰਬਲ ਕੰਪਨੀ ਭਾਗ ਲੈ ਰਹੀ ਹੈ। ਜਗਦੰਬੇ ਹੋਮ ਫਰਨਿਸ਼ਿੰਗ ਕੰਪਨੀ ਨੂੰ ਆਕਾਉਟੈਂਟ, ਸੀ. ਸੀ. ਟੀ. ਵੀ ਕੈਮਰਾ ਟੈਕਨੀਸ਼ੀਅਨ, ਡਿਜੀਟਲ ਮਾਰਕੀਟਿੰਗ, ਸੁਪਰਵਾਈਜ਼ਰ, ਈ-ਕਾਮਰਸ ਐਕਜ਼ੀਕਿਊਟਵ, ਮੈਨੇਜਰ, ਡਰਾਈਵਰ, ਟੈਲੀਕਾਲਰਾਂ (ਲੜਕੇ ਅਤੇ ਲੜਕੀਆਂ, ਉਮਰ ਹੱਦ 18 ਤੋਂ 35 ਸਾਲ , ਯੋਗਤਾ +2, ਗਰੈਜੂਏਟ, ਆਈ. ਟੀ. ਆਈ) ਦੀ ਲੋੜ ਹੈ ਅਤੇ ਅਜਾਇਲ ਹਰਬਲ ਕੰਪਨੀ ਨੂੰ ਸੇਲਜ਼ ਅਡਵਾਇਜ਼ਰਾਂ (ਸਿਰਫ ਲੜਕੀਆਂ, ਉਮਰ ਹੱਦ 18 ਤੋਂ 35, ਯੋਗਤਾ ਘੱਟ ਘੱਟ 10+2) ਦੀ ਲੋੜ ਹੈ।ਉਨ੍ਹਾਂ ਬੇਰੋਜ਼ਗਾਰ ਉਮੀਦਵਾਰਾਂ ਨੂੰ ਇਸ ਪਲੇਸਮੈਂਟ ਕੈਂਪ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਰਨ ਤਾਰਨ ਦੇ ਹੈਲਪਲਾਈਨ ਨੰਬਰ 77173-97013 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਡਿਪਟੀ ਕਮਿਸ਼ਨਰ ਫਾਜ਼ਿਲਕਾ ਵੱਲੋਂ ਗੜੇਮਾਰੀ ਨਾਲ ਨੁਕਸਾਨੀ ਫਸਲਾਂ ਦਾ ਕੀਤਾ ਮੁਆਇਨਾ



**ਫਾਜ਼ਿਲਕਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਫਾਜ਼ਿਲਕਾ ਸ਼੍ਰੀਮਤੀ ਅਮਰਪ੍ਰੀਤ ਕੌਰ ਸੰਧੂ ਵੱਲੋਂ ਹਾਲ ਹੀ ਵਿੱਚ ਹੋਈ ਗੜੇਮਾਰੀ ਕਾਰਨ ਨੁਕਸਾਨੀ ਗਈ ਕਣਕ ਦੀ ਫਸਲ ਦਾ ਜਾਇਜ਼ਾ ਲੈਣ ਲਈ ਅੱਜ ਜ਼ਿਲ੍ਹੇ ਦੇ ਪਾਕਾ ਪਿੰਡ ਤੋਂ ਇਲਾਵਾਂ ਆਸ ਪਾਸ ਦੇ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਖੇਤਾਂ ਵਿੱਚ ਜਾ ਕੇ ਮੌਕੇ ‘ਤੇ ਨੁਕਸਾਨ ਦੀ ਸਥਿਤੀ ਦਾ ਅੰਦਾਜ਼ਾ ਲਾਇਆ ਅਤੇ ਕਿਸਾਨਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ।ਇਸ ਮੌਕੇ ਉਨ੍ਹਾਂ ਨਾਲ ਮੁੱਖ ਖੇਤੀਬਾੜੀ ਅਫਸਰ ਸ੍ਰੀਮਤੀ ਹਰਪ੍ਰੀਤਪਾਲ ਕੌਰ ਵੀ ਮੌਜੂਦ ਸਨਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੇ ਨਾਲ ਖੜੀ ਹੈ ਅਤੇ ਗੜੇਮਾਰੀ ਨਾਲ ਹੋਏ ਨੁਕਸਾਨ ਦੀ ਪੂਰੀ ਭਰਪਾਈ ਲਈ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਗਿਰਦਾਵਰੀ ਦੀ ਕਾਰਵਾਈ ਤੁਰੰਤ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾਵੇ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਮੁਹੱਈਆ ਕਰਵਾਇਆ ਜਾ ਸਕੇਉਨ੍ਹਾਂ ਨੇ ਦੱਸਿਆ ਕਿ ਟੀਮਾਂ ਵੱਲੋਂ ਹਰ ਪਿੰਡ ਵਿੱਚ ਜਾ ਕੇ ਨੁਕਸਾਨ ਦੀ ਵਿਸਥਾਰਪੂਰਵਕ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਅਤੇ ਇਸ ਦੇ ਆਧਾਰ ‘ਤੇ ਸਰਕਾਰ ਵੱਲੋਂ ਨਿਯਮਾਂ ਅਨੁਸਾਰ ਮੁਆਵਜ਼ਾ ਜਾਰੀ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਕਿਸੇ ਵੀ ਪ੍ਰਭਾਵਿਤ ਕਿਸਾਨ ਨਾਲ ਅਨਿਆਇ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹਰ ਯੋਗ ਕਿਸਾਨ ਤੱਕ ਮਦਦ ਪਹੁੰਚੇਗੀ।

ਇਸ ਮੌਕੇ ਕਿਸਾਨਾਂ ਨੇ ਡਿਪਟੀ ਕਮਿਸ਼ਨਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪ੍ਰਸ਼ਾਸਨ ਵੱਲੋਂ ਤੁਰੰਤ ਮੌਕੇ ‘ਤੇ ਪਹੁੰਚ ਕੇ ਉਨ੍ਹਾਂ ਦੀ ਸਮੱਸਿਆ ਨੂੰ ਸਮਝਣਾ ਅਤੇ ਗਿਰਦਾਵਰੀ ਦੇ ਆਦੇਸ਼ ਜਾਰੀ ਕਰਨਾ ਇੱਕ ਸਿਰਾਹਣਯੋਗ ਕਦਮ ਹੈ। ਉਨ੍ਹਾਂ ਨੇ ਆਸ ਜਤਾਈ ਕਿ ਸਰਕਾਰ ਵੱਲੋਂ ਜਲਦ ਮੁਆਵਜ਼ਾ ਮਿਲੇਗਾ ਜਿਸ ਨਾਲ ਉਹ ਆਪਣੇ ਨੁਕਸਾਨ ਤੋਂ ਉਭਰ ਸਕਣਗੇ।

ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਗਿਰਦਾਵਰੀ ਟੀਮਾਂ ਨਾਲ ਸਹਿਯੋਗ ਕਰਨ ਅਤੇ ਸਹੀ ਜਾਣਕਾਰੀ ਮੁਹੱਈਆ ਕਰਵਾਉਣ ਤਾਂ ਜੋ ਨੁਕਸਾਨ ਦਾ ਸਹੀ ਅੰਦਾਜ਼ਾ ਲਗਾ ਕੇ ਉਨ੍ਹਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾ ਸਕੇ।

## ਕਣਕ ਕੱਟਣ ਉਪਰੰਤ ਨਾੜ/ਪਰਾਲੀ/ਰਹਿੰਦ-ਖੂੰਹਦ ਨੂੰ ਅੱਗ ਲਾਉਣ ’ਤੇ ਪਾਬੰਦੀ



**ਬਠਿੰਡਾ,9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਸ੍ਰੀ ਰਾਜੇਸ਼ ਧੀਮਾਨ, ਆਈ.ਏ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਬਠਿੰਡਾ ਅੰਦਰ ਕਣਕ ਕੱਟਣ ਉਪਰੰਤ ਨਾੜ/ਪਰਾਲੀ/ਰਹਿੰਦ-ਖੂੰਹਦ ਨੂੰ ਅੱਗ ਲਗਾਉਣ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਹੈ।

ਹੁਕਮ ਵਿਚ ਕਿਹਾ ਗਿਆ ਹੈ ਕਿ ਕਣਕ ਕੱਟਣ ਉਪਰੰਤ ਨਾੜ/ਪਰਾਲੀ/ਰਹਿੰਦ-ਖੂੰਹਦ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ, ਜਿਸ ਨਾਲ ਨੁਕਸਾਨ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹਵਾ ਵਿਚ ਧੂੰਏ ਨਾਲ ਪ੍ਰਦੂਸ਼ਣ ਫੈਲਦਾ ਹੈ, ਜਿਸ ਨਾਲ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਕਣਕ ਦੀ ਨਾੜ ਰਹਿੰਦ/ਖੂੰਹਦ ਨੂੰ ਅੱਗ ਲਗਾਉਣ ਨਾਲ ਜ਼ਮੀਨ ਦੇ ਉਪਯੋਗਿਕ ਜੀਵਕ ਮਾਦਾ ਜੋ ਕਿ ਜ਼ਮੀਨ ਲਈ ਬਹੁਤ ਹੀ ਲਾਭਦਾਇਕ ਹੈ, ਦਾ ਨੁਕਸਾਨ ਹੁੰਦਾ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ। ਇਸ ਤੋਂ ਇਲਾਵਾ ਕਣਕ ਦੀ ਨਾੜ/ਪਰਾਲੀ/ਰਹਿੰਦ-ਖੂੰਹਦ ਆਦਿ ਨੂੰ ਅੱਗ ਲਗਾਉਣ ਕਾਰਨ ਨਾਲ ਲਗਦੇ ਖੇਤਾਂ ਵਿੱਚ ਖੜ੍ਹੀ ਫ਼ਸਲ ਨੂੰ, ਗੋਦਾਮਾਂ ਵਿੱਚ ਸਟੋਰ ਕੀਤੀ ਗਈ ਫ਼ਸਲ ਨੂੰ, ਗੋਲਾ ਬਰੂਦ ਦੇ ਡਿੱਪੂ ਵਿੱਚ ਅੱਗ ਲੱਗ ਕੇ ਲੋਕਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਸਕਦਾ ਹੈ। ਇਸ ਲਈ ਕਣਕ ਦੀ ਨਾੜ/ਪਰਾਲੀ/ਰਹਿੰਦ-ਖੂੰਹਦ ਆਦਿ ਨੂੰ ਅੱਗ ਲਗਾਉਣ ਤੇ ਪਾਬੰਦੀ ਲਗਾਈ ਗਈ ਹੈ।

ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ੍ਰੇਟ ਨੇ ਜਾਰੀ ਹੁਕਮਾਂ ਵਿੱਚ ਕਿਹਾ ਕਿ ਦੇਖਣ ਵਿੱਚ ਆਉਂਦਾ ਹੈ ਕਿ ਕਣਕ ਕੱਟਣ ਲਈ ਕੰਬਾਇਨਾਂ 24 ਘੰਟੇ ਕੰਮ ਕਰਦੀਆਂ ਹਨ। ਇਹ ਕੰਬਾਈਨਾਂ ਰਾਤ ਵੇਲੇ ਹਰੀ ਕਣਕ ਜਿਹੜੀ ਕਿ ਚੰਗੀ ਤਰ੍ਹਾਂ ਪੱਕੀ ਨਹੀਂ ਹੁੰਦੀ, ਭਾਵ ਦਾਣਾ ਕੱਚਾ ਕੱਟ ਦਿੰਦੀਆਂ ਹਨ। ਇਸ ਦੀ ਕੁਆਲਿਟੀ ਗਿਰ ਜਾਂਦੀ ਹੈ। ਜਿਸ ਕਰਕੇ ਖਰੀਦ ਏਜੰਸੀਆਂ ਕਣਕ ਦੀ ਖਰੀਦ ਕਰਨ ਤੋਂ ਹਿਚਕਚਾਉਂਦੀਆਂ ਹਨ ਅਤੇ ਇਸ ਦਾ ਸਿੱਧਾ ਅਸਰ ਦੇਸ਼ ਦੇ ਉਤਪਾਦਨ ਤੇ ਪੈਂਦਾ ਹੈ। ਕਣਕ ਨਾ ਵਿਕਣ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ।

ਇਸ ਲਈ ਸ਼ਾਮ 7 ਵਜੇ ਤੋਂ ਲੈ ਕੇ ਸਵੇਰੇ 6 ਵਜੇ ਤੱਕ ਕੰਬਾਈਨਾਂ ਨਾਲ ਕਣਕ ਕੱਟਣ ਤੇ ਪਾਬੰਦੀ ਲਗਾਈ ਜਾਂਦੀ ਹੈ। ਜੇਕਰ ਕੋਈ ਕੰਬਾਈਨ ਇਸ ਸਮੇਂ ਦੌਰਾਨ ਕਣਕ ਦੀ ਫ਼ਸਲ ਕੱਟਦੀ ਫੜੀ ਗਈ ਤਾਂ ਉਸ ਨੂੰ ਤੁਰੰਤ ਜਬਤ ਕੀਤਾ ਜਾਵੇਗਾ।

## ਸੀ.ਐਚ.ਸੀ. ਮਾਛੀਵਾੜਾ ਟੀਮ ਵੱਲੋਂ ਵਿਸ਼ਵ ਸਿਹਤ ਦਿਵਸ ਸਬੰਧੀ ਜਾਗਰੂਕਤਾ ਗਤੀਵਿਧੀਆਂ

**ਮਾਛੀਵਾੜਾ ਸਾਹਿਬ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਲੁਧਿਆਣਾ ਡਾ ਰਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ ਜਸਦੇਵ ਸਿੰਘ ਦੀ ਅਗਵਾਈ ਵਿਚ ਸੀ. ਐਚ. ਸੀ. ਮਾਛੀਵਾੜਾ ਸਾਹਿਬ ਅਤੇ ਇਸ ਅਧੀਨ ਆਉਂਦੇ ਸਿਹਤ ਕੇਂਦਰਾਂ ਵਿਚ ਵਿਸ਼ਵ ਸਿਹਤ ਦਿਵਸ ਸਬੰਧੀ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ।

ਐਸ. ਐਮ. ਓ. ਡਾ.ਜਸਦੇਵ ਸਿੰਘ ਨੇ ਕਿਹਾ ਕਿ ਸਿਹਤ ਸਾਡਾ ਸਭ ਤੋਂ ਵੱਡਾ ਸਰਮਾਇਆ ਹੈ ਇਸ ਲਈ ਸਿਹਤ ਤੋਂ ਵੱਧਕੇ ਕੁੱਝ ਨਹੀਂ ਹੈ। ਪਰਦੀਪ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਸਿਹਤ ਦਿਵਸ ਮਨਾਉਣ ਦਾ ਟੀਚਾ ਹੀ ਇਹ ਹੈ ਕਿ ਲੋਕ ਆਪਣੀ ਸਿਹਤ ਪ੍ਰਤੀ ਜਾਗਰੂਕ ਹੋ ਸਕਨ।

ਇਸ ਮੌਕੇ ਮਨਮੋਹਨ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ ਅਤੇ ਪਤਵੰਤੇ ਹਾਜ਼ਰ ਸਨ ।

## ਵਿਧਾਇਕ ਜਗਰੂਪ ਸਿੰਘ ਗਿੱਲ ਵੱਲੋਂ ਸਮਾਰਟ ਰਾਸ਼ਨ ਕਾਰਡ ਵੰਡ ਮੁਹਿੰਮ ਦੀ ਸ਼ੁਰੂਆਤ



**ਬਠਿੰਡਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸਰਕਾਰੀ ਵਲੋ ਅੱਜ ਲੋਕ ਭਲਾਈ ਦੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਰਾਸ਼ਨ ਕਾਰਡ ਧਾਰਕਾਂ ਲਈ ਇੱਕ ਵੱਡਾ ਕਦਮ ਚੁੱਕਿਆ ਗਿਆ ਹੈ। ਰਾਸ਼ਨ ਵੰਡਣ ਦੀ ਪ੍ਰਣਾਲੀ ਨੂੰ ਹੋਰ ਸੁਚੱਜਾ, ਪਾਰਦਰਸ਼ੀ ਅਤੇ ਆਸਾਨ ਬਣਾਉਣ ਲਈ ਨਵੇਂ ਸਮਾਰਟ ਰਾਸ਼ਨ ਕਾਰਡ ਤਿਆਰ ਕੀਤੇ ਗਏ ਹਨ, ਜੋ ਲਾਭਪਾਤਰੀਆਂ ਲਈ ਇੱਕ ਸੁਵਿਧਾਜਨਕ ਅਤੇ ਆਧੁਨਿਕ ਪ੍ਰਣਾਲੀ ਦੀ ਸ਼ੁਰੂਆਤ ਦਰਸਾਉਂਦੇ ਹਨ।

ਇਸ ਮਹੱਤਵਪੂਰਨ ਮੁਹਿੰਮ ਦੀ ਸ਼ੁਰੂਆਤ ਬਠਿੰਡਾ ਸ਼ਹਿਰੀ ਹਲਕੇ ਵਿੱਚ ਵਿਧਾਇਕ ਸ. ਜਗਰੂਪ ਸਿੰਘ ਗਿੱਲ ਵੱਲੋਂ ਕੀਤੀ ਗਈ। ਉਨ੍ਹਾਂ ਖੁਦ ਰਾਸ਼ਨ ਕਾਰਡ ਧਾਰਕਾਂ ਤੱਕ ਇਹ ਸਮਾਰਟ ਕਾਰਡ ਪਹੁੰਚਾਏ ਅਤੇ ਲੋਕਾਂ ਨੂੰ ਇਸ ਨਵੀਂ ਪ੍ਰਣਾਲੀ ਬਾਰੇ ਜਾਗਰੂਕ ਕੀਤਾ, ਜਿਸ ਨਾਲ ਹਲਕੇ ਦੇ ਵਸਨੀਕਾਂ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਓਹਨਾ ਅੱਗੇ ਦਸਿਆ ਕਿ ਇਨ੍ਹਾਂ ਸਮਾਰਟ ਕਾਰਡਾਂ ਰਾਹੀਂ ਹੁਣ ਰਾਸ਼ਨ ਦੀ ਵੰਡ ਵਿੱਚ ਆਉਣ ਵਾਲੀਆਂ ਦਿੱਕਤਾਂ ਨੂੰ ਘਟਾਇਆ ਜਾਵੇਗਾ ਅਤੇ ਲਾਭਪਾਤਰੀਆਂ ਨੂੰ ਆਪਣਾ ਹੱਕ ਆਸਾਨੀ ਨਾਲ ਮਿਲ ਸਕੇਗਾ। ਇਹ ਪ੍ਰਣਾਲੀ ਨਾ ਸਿਰਫ਼ ਸਮੇਂ ਦੀ ਬਚਤ ਕਰੇਗੀ, ਸਗੋਂ ਭ੍ਰਿਸ਼ਟਾਚਾਰ ਅਤੇ ਗ਼ਲਤ ਵਰਤੋਂ ਨੂੰ ਵੀ ਰੋਕੇਗੀ, ਜਿਸ ਨਾਲ ਸਰਕਾਰੀ ਯੋਜਨਾਵਾਂ ਦਾ ਲਾਭ ਸਹੀ ਲੋਕਾਂ ਤੱਕ ਪਹੁੰਚੇਗਾ।

ਵਿਧਾਇਕ ਜਗਰੂਪ ਸਿੰਘ ਗਿੱਲ ਨੇ ਕਿਹਾ ਕਿ ਸੂਬਾ ਸਰਕਾਰ ਦਾ ਇਹ ਉਪਰਾਲਾ ਲੋਕ-ਹਿਤੈਸ਼ੀ ਸੋਚ ਦਾ ਪ੍ਰਤੀਕ ਹੈ, ਜਿਸ ਦਾ ਮਕਸਦ ਹਰ ਨਾਗਰਿਕ ਨੂੰ ਉਸਦਾ ਹੱਕ ਬਿਨਾ ਕਿਸੇ ਰੁਕਾਵਟ ਦੇ ਪਹੁੰਚਾਉਣਾ ਹੈ। ਸਮਾਰਟ ਰਾਸ਼ਨ ਕਾਰਡਾਂ ਦੀ ਇਹ ਸ਼ੁਰੂਆਤ ਭਵਿੱਖ ਵਿੱਚ ਹੋਰ ਵੀ ਸੁਲੋਕ ਸੇਵਾਵਾਂ ਲਈ ਇੱਕ ਮਜ਼ਬੂਤ ਨੀਂਹ ਸਾਬਤ ਹੋਵੇਗੀ।ਇਸ ਮੌਕੇ ਕੌਂਸਲਰ ਸੁੱਖਦੀਪ ਸਿੰਘ ਢਿੱਲੋਂ ਤੋਂ ਇਲਾਵਾ ਹੋਰ ਵੱਖ-ਵੱਖ ਅਹੁਦੇਦਾਰ ਆਦਿ ਹਾਜ਼ਰ ਸਨ

## ਜ਼ਿਲ੍ਹੇ ਭਰ ਦੇ 1014 ਲਾਭਪਾਤਰੀਆਂ ਨੂੰ 5.17 ਕਰੋੜ ਦੀ ਰਾਸ਼ੀ ਜਾਰੀ : ਡਿਪਟੀ ਕਮਿਸ਼ਨਰ

**ਬਠਿੰਡਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਅਸੀਰਵਾਦ ਸਕੀਮ ਤਹਿਤ ਜਿਲ੍ਹਾ ਬਠਿੰਡਾ ਦੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਵਰਗਾਂ ਨਾਲ ਸਬੰਧਤ 1014 ਲਾਭਪਾਤਰੀਆਂ ਨੂੰ ਬਣਦੀ ਰਾਸ਼ੀ ਉਨ੍ਹਾਂ ਦੇ ਖਾਤਿਆਂ ਵਿੱਚ ਭੇਜੀ ਜਾ ਚੁੱਕੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ।

ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਮਹੀਨਾ ਅਗਸਤ 2025 ਤੋਂ ਮਹੀਨਾ ਜਨਵਰੀ 2026 ਤੱਕ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ 761 ਲਾਭਪਾਤਰੀਆਂ ਨੂੰ 3 ਕਰੋੜ 88 ਲੱਖ 11 ਹਜ਼ਾਰ ਰੁਪਏ ਰਾਸ਼ੀ ਜਾਰੀ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਪੱਛੜੀਆਂ ਸ੍ਰੇਣੀਆਂ ਅਤੇ ਹੋਰ ਵਰਗਾਂ ਨਾਲ ਸਬੰਧਤ 253 ਬਿਨੈਕਾਰਾਂ ਨੂੰ 1 ਕਰੋੜ 29 ਲੱਖ 3 ਹਜ਼ਾਰ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਜਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਸ੍ਰੀ ਬਰਿੰਦਰ ਸਿੰਘ ਨੇ ਦੱਸਿਆ ਕਿ ਕੁੱਲ 1014 ਲਾਭਪਾਤਰੀਆਂ ਨੂੰ 5.17 ਕਰੋੜ ਤੋਂ ਵੱਧ ਦੀ ਰਾਸ਼ੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਹੀ ਜ਼ਿਲ੍ਹਾ ਖਜ਼ਾਨਾ ਦਫ਼ਤਰ ਰਾਹੀਂ ਟ੍ਰਾਂਸਫਰ ਕੀਤੀ ਮਹੀਨਾ ਅਗਸਤ 2025 ਤੋਂ ਮਹੀਨਾ ਜਨਵਰੀ 2026 ਤੱਕ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ 761 ਲਾਭਪਾਤਰੀਆਂ ਨੂੰ 3 ਕਰੋੜ 88 ਲੱਖ 11 ਹਜ਼ਾਰ ਰੁਪਏ ਰਾਸ਼ੀ ਜਾਰੀ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਪੱਛੜੀਆਂ ਸ੍ਰੇਣੀਆਂ ਅਤੇ ਹੋਰ ਵਰਗਾਂ ਨਾਲ ਸਬੰਧਤ 253 ਬਿਨੈਕਾਰਾਂ ਨੂੰ 1 ਇਸੇ ਤਰ੍ਹਾਂ ਹੀ ਪੱਛੜੀਆਂ ਸ੍ਰੇਣੀਆਂ ਅਤੇ ਹੋਰ ਵਰਗਾਂ ਨਾਲ ਸਬੰਧਤ 253 ਬਿਨੈਕਾਰਾਂ ਕਰੋੜ 29 ਲੱਖ 3 ਹਜ਼ਾਰ ਦੀਜਾ ਚੁੱਕੀ ਹੈ ਜੀ।

# ਜਦੋਂ ਵੀ ਮਨੁੱਖ ਸੰਤਾਂ ਦੇ ਆਦਰਸ਼ਾਂ ਨੂੰ ਤਿਆਗ ਕੇ ਕਾਮੁਕ ਭੋਗਾਂ ਵੱਲ ਵਧਿਆ ਤਾਂ ਸਮਾਜ ਦੇ ਰੂਪ ਵਿੱਚ ਯਮੁਨਾ ਜ਼ਹਿਰੀਲੀ ਹੋ ਗਈ : ਸਾਧਵੀ ਕਾਲਿੰਦੀ ਭਾਰਤੀ




**ਪਟਿਆਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ, ਪਟਿਆਲਾ ਵੱਲੋਂ ਸ਼੍ਰੀ ਮਦਭਾਗਵਤ ਕਥਾ ਸਪਤਾਹਿਕ ਗਿਆਨ ਯੱਗ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਦੇ ਪੰਜਵੇਂ ਦਿਨ ਦੀ ਸ਼ੁਰੂਆਤ ਪ੍ਰਭੂ ਦੀ ਅਰਾਧਨਾ ਨਾਲ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ ’ਤੇ ਸੌਰਭ ਜੈਨ (ਵਰਧਮਾਨ ਹਸਪਤਾਲ), ਕਮਲ ਅਗਰਵਾਲ (ਕਲਾਨਿਧੀ ਜਵੈਲਰਜ਼), ਪਵਨ ਕੁਮਾਰ ਜੀ (ਪਵਨ ਜਵੈਲਰਜ਼), ਪੀਡੀ ਗੁਪਤਾ, ਅਸ਼ਵਨੀ ਕੁਮਾਰ (ਪ੍ਰਧਾਨ ਫੋਕਲ ਪੁਆਇੰਟ), ਅਸ਼ਵਨੀ ਗੋਇਲ , ਹਰਸ਼ ਖੰਨਾ (ਮਿਮਾਮਲ ਹਰਬੰਸ ਲਾਲ ਜਵੈਲਰਜ਼), ਵਰਿੰਦਰ ਕੁਮਾਰ ਗਰਗ (ਏ.ਬੀ ਮਾਰਕੇਟਿੰਗ) ਪਰਿਵਾਰ ਸਮੇਤ ਸ਼ਾਮਲ ਹੋਏ। ਭਗਵਾਨ ਦੀਆਂ ਦਿਵਿਆ ਲੀਲਾਵਾਂ ਅਤੇ ਉਨ੍ਹਾਂ ਦੇ ਪਿੱਛੇ ਛਿਪੇ ਡੂੰਘੇ ਅਧਿਆਤਮਿਕ ਰਹੱਸਾਂ ਨੂੰ ਕਥਾ ਪ੍ਰਸੰਗ ਅਤੇ ਸੁਰੀਲੇ ਭਜਨ ਸੰਕੀਰਤਨ ਰਾਹੀਂ ਉਜਾਗਰ ਕੀਤਾ ਜਾ ਰਿਹਾ ਹੈ। ਵਾਤਾਵਰਣ ਅਸੰਤੁਲਨ ਦੀ ਸਮੱਸਿਆ ਨੂੰ ਉਠਾਉਂਦੇ ਹੋਏ ਬ੍ਰਹਮ ਗੁਰੂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸ਼ਿਸ਼ ਸਾਧਵੀ ਕਾਲਿੰਦੀ ਭਾਰਤੀ ਜੀ ਨੇ ਕਿਹਾ ਕਿ ਸਮਾਜ ਮਨੁੱਖੀ ਮਨ ਦਾ ਪ੍ਰਗਟਾਵਾ ਹੈ। ਜਦੋਂ ਵੀ ਮਨੁੱਖ ਸੰਤਾਂ ਦੇ ਆਦਰਸ਼ਾਂ ਨੂੰ ਤਿਆਗ ਕੇ ਕਾਮੁਕ ਭੋਗਾਂ ਵੱਲ ਵਧਿਆ ਤਾਂ ਸਮਾਜ ਦੇ ਰੂਪ ਵਿੱਚ ਯਮੁਨਾ ਜ਼ਹਿਰੀਲੀ ਹੋ ਗਈ। ਮਨ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਨ ਦੀ ਲੋੜ ਹੈ। ਜਦੋਂ ਮਨ ਦਾ ਪ੍ਰਦੂਸ਼ਣ ਖ਼ਤਮ ਹੋ ਜਾਵੇਗਾ ਤਾਂ ਬਾਹਰੀ ਵਾਤਾਵਰਨ ਆਪਣੇ ਆਪ ਹੀ ਸਾਫ਼ ਹੋ ਜਾਵੇਗਾ।ਇਸ ਦੇ ਲਈ ਅਧਿਆਤਮਿਕ ਗਿਆਨ ਦੀ ਲੋੜ ਹੈ ਜੋ ਮਾਨਸਿਕ ਸ਼ੁੱਧਤਾ ਦਾ ਸ਼ਕਤੀਸ਼ਾਲੀ ਸਾਧਨ ਹੈ। ਸਾਨੂੰ ਲੋੜਾਂ ਅਤੇ ਇੱਛਾਵਾਂ ਵਿੱਚ ਫਰਕ ਕਰਨਾ ਪਵੇਗਾ। ਜਿੰਨੀਆਂ ਇੱਛਾਵਾਂ ਵਧਣਗੀਆਂ, ਓਨਾ ਹੀ ਕੁਦਰਤ ਦਾ ਸ਼ੋਸ਼ਣ ਹੋਵੇਗਾ। ਕੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਜਿਹਾ ਸੰਸਾਰ ਦੇਣਾ ਚਾਹੁੰਦੇ ਹਾਂ? ਜਿਸ ਦੀ ਹਵਾ ਜ਼ਹਿਰੀਲੀ ਹੈ, ਜਿੱਥੇ ਧੂੜ, ਧੂੰਆਂ ਅਤੇ ਬਿਮਾਰੀਆਂ ਆਮ ਹਨ। ਜਿੱਥੇ ਸੋਕਾ ਅਤੇ ਹੜ੍ਹ ਤਬਾਹੀ ਮਚਾਉਂਦੇ ਹਨ। ਸ਼ਾਇਦ ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਨੂੰ ਅਜਿਹੀ ਭਿਆਨਕ ਦੁਨੀਆਂ ਨਹੀਂ ਦੇਣਾ ਚਾਹੇਗਾ। ਜੇਕਰ ਅਸੀਂ ਇੱਕ ਸਵੱਛ ਅਤੇ ਸੁੰਦਰ ਸਮਾਜ ਦਾ ਨਿਰਮਾਣ ਕਰਨਾ ਹੈ, ਤਾਂ ਜੀਵਨ ਪ੍ਰਤੀ ਭਾਰਤੀ ਸੱਭਿਆਚਾਰਕ ਦ੍ਰਿਸ਼ਟੀ ਨੂੰ ਮੁੜ ਸੁਰਜੀਤ ਕਰਨਾ ਅਤੇ ਸਰਗਰਮੀ ਨਾਲ ਲਾਗੂ ਕਰਨਾ ਹੋਵੇਗਾ। ਇਸ ਭਾਰਤ ਦੀ ਧਰਤੀ ਦੇ ਸੰਤਾਂ ਨੇ ਸਾਨੂੰ ਸੁਚੇਤ ਕੀਤਾ ਕਿ ਇਸ ਧਰਤੀ ਦਾ ਆਨੰਦ ਮਾਣਨਾ ਠੀਕ ਹੈ ਪਰ ਕੁਰਬਾਨੀ ਨਾਲ ਜੇਕਰ ਅਸੀਂ ਇਨ੍ਹਾਂ ਦਾ ਆਨੰਦ ਨਹੀਂ ਮਾਣਦੇ ਤਾਂ ਸਾਡੇ ਕੋਲ ਇਨ੍ਹਾਂ ਨੂੰ ਭੋਗਣ ਦੀ ਸਮਰੱਥਾ ਅਤੇ ਤਾਕਤ ਨਹੀਂ ਰਹੇਗੀ। ਸੰਤਾਂ ਦੇ ਦਰਸਾਏ ਮਾਰਗ ’ਤੇ ਚੱਲ ਕੇ ਅਸੀਂ ਧਰਤੀ ਨੂੰ ਅਗਨੀਕੁੰਡ ਵਿਚ ਜਾਣ ਤੋਂ ਬਚਾ ਸਕਦੇ ਹਾਂ।ਇਸ ਗੰਭੀਰ ਮੁੱਦੇ ’ਤੇ ਵਿਚਾਰ ਦਿੰਦੇ ਹੋਏ ਸਾਧਵੀ ਜੀ ਨੇ ਕਿਹਾ ਕਿ ਆਧੁਨਿਕ ਮਨੁੱਖ ਜਿਸ ਤੇਜ਼ੀ ਨਾਲ ਵਾਤਾਵਰਣ ਦਾ ਸ਼ੋਸ਼ਣ ਕਰ ਰਿਹਾ ਹੈ, ਉਸ ਦੇ ਨਤੀਜੇ ਵਜੋਂ ਆਉਣ ਵਾਲੇ ਸਮੇਂ ਵਿੱਚ ਧਰਤੀ ’ਤੇ ਨਾ ਤਾਂ ਪੀਣ ਲਈ ਸਾਫ਼ ਪਾਣੀ ਬਚੇਗਾ ਅਤੇ ਨਾ ਹੀ ਸਾਹ ਲੈਣ ਲਈ ਸ਼ੁੱਧ ਹਵਾ। ਧਰਤੀ ਦੇ ਉਥਲ-ਪੁਥਲ ਕਾਰਨ ਕੁਦਰਤੀ ਆਫ਼ਤਾਂ ਨਾਲ ਹੋਣ ਵਾਲੇ ਨੁਕਸਾਨ ਦਾ ਪੱਧਰ ਵੀ ਵਧੇਗਾ। ਇਸ ਲਈ ਜੇਕਰ ਸਮੇਂ ਸਿਰ ਇਸ ਦਿਸ਼ਾ ਵਿੱਚ ਲੋੜੀਂਦੇ ਕਦਮ ਨਾ ਚੁੱਕੇ ਗਏ ਤਾਂ ਆਪਣੇ ਭਵਿੱਖ ਲਈ ਮਨੁੱਖ ਖੁਦ ਜ਼ਿੰਮੇਵਾਰ ਹੋਵੇਗਾ। ਅਜੋਕੇ ਸਮੇਂ ਵਿੱਚ ਜੇਕਰ ਕੋਈ ਆਫ਼ਤ ਮਨੁੱਖੀ ਜੀਵਨ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਉਹ ਵਾਤਾਵਰਨ ਵਿੱਚ ਵੱਧ ਰਿਹਾ ਪ੍ਰਦੂਸ਼ਣ ਹੈ। ਇਸ ਤੇਜ਼ ਵਾਧੇ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ ਅਤੇ ਸਮੁੰਦਰ ਦੇ ਪਾਣੀ ਦਾ ਪੱਧਰ ਵੱਧ ਰਿਹਾ ਹੈ। ਜੇਕਰ ਅਜਿਹਾ ਹੀ ਚੱਲਦਾ ਰਿਹਾ ਤਾਂ ਇੱਕ ਦਿਨ ਧਰਤੀ ਦੀ ਹੋਂਦ ਖ਼ਤਰੇ ਵਿੱਚ ਪੈ ਜਾਵੇਗੀ। ਸਾਡਾ ਵਾਤਾਵਰਨ ਪੂਰੀ ਤਰ੍ਹਾਂ ਜ਼ਹਿਰੀਲਾ ਹੋ ਚੁੱਕਾ ਹੈ। ਇਸ ਦਾ ਜ਼ਿੰਮੇਵਾਰ ਮਨੁੱਖ ਆਪ ਹੈ।ਜਿਸ ਦੀ ਵਿਕਾਸਵਾਦੀ ਸੋਚ ਅੱਜ ਮਨੁੱਖਤਾ ਲਈ ਘਾਤਕ ਸਿੱਧ ਹੋ ਰਹੀ ਹੈ। ਇਸ ਸੋਚ ਕਾਰਨ ਮਨੁੱਖ ਕੁਦਰਤ ਪ੍ਰਤੀ ਆਪਣੇ ਫਰਜ਼ਾਂ ਨੂੰ ਭੁੱਲਦਾ ਜਾ ਰਿਹਾ ਹੈ। ਉਹ ਸੰਵਿਧਾਨਕ ਅਤੇ ਸਮਾਜਿਕ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਵਾਤਾਵਰਨ ਨੂੰ ਜ਼ਹਿਰੀਲਾ ਕਰ ਰਿਹਾ ਹੈ। 19ਵੀਂ ਸਦੀ ਤੱਕ ਲੋਕ ਪ੍ਰਦੂਸ਼ਣ ਦੀ ਸਮੱਸਿਆ ਤੋਂ ਅਣਜਾਣ ਸਨ ਪਰ ਜਿਵੇਂ ਹੀ ਉਦਯੋਗਿਕ ਕ੍ਰਾਂਤੀ ਆਈ ਤਾਂ ਦੁਨੀਆਂ ਵਿੱਚ ਹਰ ਰੋਜ਼ ਨਵੀਆਂ ਫੈਕਟਰੀਆਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ। ਇਨ੍ਹਾਂ ਦੁਆਰਾ ਪੈਦਾ ਕੀਤੇ ਜ਼ਹਿਰੀਲੇ ਧੂੰਏਂ ਅਤੇ ਕੱਚੇ ਮਾਲ ਦੀ ਸਪਲਾਈ ਲਈ ਕੁਦਰਤੀ ਸਰੋਤਾਂ ਦੀ ਲੁੱਟ ਨੇ ਇਸ ਸਮੱਸਿਆ ਨੂੰ ਜਨਮ ਦਿੱਤਾ ਹੈ। ਇਸ ਕ੍ਰਾਂਤੀ ਨਾਲ ਮਨੁੱਖੀ ਜੀਵਨ ਪੂਰੀ ਤਰ੍ਹਾਂ ਮਸ਼ੀਨੀਕਰਨ ਹੋ ਗਿਆ ਹੈ। ਮਨੁੱਖੀ ਲੋੜਾਂ ਵਧਣ ਕਾਰਨ ਉਸ ਨੇ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਸ਼ੁਰੂ ਕਰ ਦਿੱਤੀ ਹੈ। ਇਸ ਦੀ ਪੂਰਤੀ ਲਈ ਮਨੁੱਖ ਨੇ ਪੌਦਿਆਂ ਨੂੰ ਕੱਟ ਕੇ ਕੰਕਰੀਟ ਦੇ ਜੰਗਲ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਤੋਂ ਇਲਾਵਾ ਫੈਕਟਰੀਆਂ ਦਾ ਕੂੜਾ ਡੰਪ ਕਰਨ ਲਈ ਨਦੀਆਂ ਨੂੰ ਡਸਟਬਿਨ ਵਿੱਚ ਬਦਲ ਦਿੱਤਾ ਗਿਆ ਹੈ। ਵਧਦੀ ਗਲੋਬਲ ਵਾਰਮਿੰਗ ਕਾਰਨ ਓਜ਼ੋਨ ਪਰਤ ਵਿੱਚ ਇੱਕ ਛੇਕ ਹੋ ਗਿਆ ਹੈ ਜੋ ਸਾਨੂੰ ਸੂਰਜ ਦੀਆਂ ਹਾਨੀਕਾਰਕ ਕਿਰਨਾਂ ਤੋਂ ਬਚਾਉਂਦਾ ਸੀ। ਜਿਸ ਕਾਰਨ ਅੱਜ ਮਨੁੱਖ ਭਿਆਨਕ ਅਤੇ ਅਣਚਾਹੇ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ।ਜੇਕਰ ਇਸ ਪ੍ਰਦੂਸ਼ਣ ਨੂੰ ਨਾ ਰੋਕਿਆ ਗਿਆ ਤਾਂ ਸਾਲ 2054 ਤੱਕ ਸਾਡੀ ਸੁਰੱਖਿਆ ਵਾਲੀ ਓਜ਼ੋਨ ਪਰਤ ਪੂਰੀ ਤਰ੍ਹਾਂ ਨਸ਼ਟ ਹੋ ਜਾਵੇਗੀ।ਅੱਜ ਦੀ ਕਥਾ ਵਿੱਚ ਵਾਤਾਵਰਨ ਸਬੰਧੀ ਜਾਗਰੂਕਤਾ ਸਬੰਧੀ ਵਿਸ਼ੇਸ਼ ਸਟਾਲ ਲਗਾਇਆ ਗਿਆ ਅਤੇ ਆਈਆਂ ਸੰਗਤਾਂ ਨੂੰ ਬੂਟੇ ਵੰਡੇ ਗਏ। ਵਰਨਣਯੋਗ ਹੈ ਕਿ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਪੇਸ਼ ਕੀਤੀ ਗਈ ਇਸ ਕਥਾ ਵਿੱਚ ਹਰ ਰੋਜ਼ ਸਮਾਜਿਕ ਬੁਰਾਈਆਂ ਅਤੇ ਸਮੱਸਿਆਵਾਂ ਬਾਰੇ ਵਿਸ਼ਲੇਸ਼ਣਾਤਮਕ ਵਿਚਾਰ ਪੇਸ਼ ਕੀਤੇ ਜਾ ਰਹੇ ਹਨ। ਇਸ ਕਰਕੇ ਅੱਜ ਵੀ ਸ਼ਰਧਾਲੂ ਵੱਡੀ ਗਿਣਤੀ ਵਿਚ ਕਥਾ ਸੁਣਨ ਲਈ ਆ ਰਹੇ ਹਨ।

# ਮੋਨਿਕਾ ਮਸੀਹ ਰਜਿੰਦਰਾ ਹਸਪਤਾਲ ਪਟਿਆਲਾ ਦੀ ਪਹਿਲੀ ਮਹਿਲਾ ਪ੍ਰਧਾਨ ਬਣੀ




**ਪਟਿਆਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਰਜਾ ਚਾਰ ਮੁਲਾਜ਼ਮਾਂ ਦੀ ਅੱਜ ਹੋਈ ਚੋਣ ਵਿੱਚ ਮੋਨਿਕਾ ਮਸੀਹ ਨੇ ਆਪਣੇ ਨਿੱਤ ਵਿਰੋਧੀ ਸੁਰੇਸ਼ ਕੁਮਾਰ ਗੋਲੂ ਤੇ ਨੂੰ ਇਨੀਆਂ ਵੋਟਾਂ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਰਜਿੰਦਰ ਹਸਪਤਾਲ ਪਟਿਆਲਾ ਦੇ ਵਿੱਚ ਜਿੱਥੇ ਇਹ ਇਤਿਹਾਸਿਕ ਜਿੱਤ ਹੈ ਉਸਦੇ ਨਾਲ ਹੀ ਰਜਿੰਦਰ ਹਸਪਤਾਲ ਦੇ ਇਤਿਹਾਸ ਵਿੱਚ ਪਹਿਲੀ ਵਾਰ ਮੌਨਿਕਾ ਮਸੀਹ ਨੂੰ ਇੱਕ ਔਰਤ ਵੱਲੋਂ ਪ੍ਰਧਾਨ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਮੋਨਿਕਾ ਸੀ ਦੀ ਇਸ ਜਿਤ ਵਿਚ ਸਹਿਯੋਗ ਕਰਨ ਵਾਲੇ ਕਰਮਜੀਤ ਕੌਰ ਔਲਖ ਪ੍ਰਧਾਨ ਨਰਸਿੰਗ ਸਟਾਫ,ਰਕੇਸ਼ ਕਲਿਆਣ ਪ੍ਰਧਾਨ ਲਵਾਟਰੀ ਅਟੈਂਡੈਂਟ,ਰਾਮ ਸਿੰਘ ਡਰਾਈਵਰ ਕੈਲੰਡਰ ਯੂਨੀਅਨ, ਰਤਨ ਕੁਮਾਰ ਸ਼ਰਮਾ ਪੈਨਸ਼ਨ ਆਗੂ,ਸਵਰਨ ਬੰਗਾ ਪ੍ਰਧਾਨ ਇੰਪਲਾਈ ਵੈਲਫੇਅਰ ਕਮੇਟੀ, ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂ ਦਰਸ਼ਨ ਬੇਲੂ ਮਾਜਰਾ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਦੇ ਆਗੂ ਜਸਵਿੰਦਰ ਸਿੰਘ ਸੌਜਾ ਦਾ ਅਹਿਮ ਰੋਲ ਰਿਹਾ ਜਿੱਤ ਤੋਂ ਬਾਅਦ ਮੌਨਿਕਾ ਮਸੀਹ ਨੇ ਮੁਲਾਜਮਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਆਪਣੇ ਚੋਣ ਮੈਨੀਫੈਸਟੋ ਵਿੱਚ ਦਿੱਤੀਆਂ ਮੰਗਾਂ ਜਿਵੇਂ ਕਿ ਕੱਚੇ ਕਾਮੇ ਪੱਕੇ ਕਰਾਉਣਾ, 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਾਉਣਾ ਅਤੇ ਮੰਗ ਪੱਤਰ ਵਿੱਚ ਦਰਜ ਹੋਰ ਮੰਗਾਂ ਤੇ ਜਿੱਥੇ ਲੜਾਈ ਲੜੇਗੀ ਉਥੇ ਠੇਕੇਦਾਰੀ ਸਿਸਟਮ ਬੰਦ ਕਰ ਕੇ ਮੁਲਾਜ਼ਮਾਂ ਦੀ ਪੱਕੀ ਭਰਤੀ ਕਰਾਉਣ ਲਈ ਵੀ ਆਰ ਪਾਰ ਦੀ ਲੜਾਈ ਸਰਕਾਰ ਦੇ ਨਾਲ ਬਾਕੀ ਜਥੇਬੰਦੀਆਂ ਦੇ ਸਹਿਯੋਗ ਨਾਲ ਲੜੇਗੀ।

ਉਹਨਾਂ ਸਮੁੱਚੇ ਮੁਲਾਜ਼ਮਾਂ ਦਾ ਆਪਣੇ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਜਿੱਥੇ ਮੇਰੇ ਲਈ ਖੁਸ਼ੀ ਹੈ ਉੱਥੇ ਇੱਕ ਚਿੰਤਾ ਵੀ ਹੈ ਕਿ ਤੁਸੀਂ ਮੈਨੂੰ ਵੱਡੀ ਜਿੰਮੇਵਾਰੀ ਦਿੱਤੀ ਹੈ ਤੇ ਮੈਂ ਪੂਰੀ ਤਨਦੇਹੀ ਨਾਲ ਇਸ ਨੂੰ ਨਿਭਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੂਗੀ ਅੱਜ ਦੀ ਸਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਰਾਮ ਸਿੰਘ,ਸੁਰਿੰਦਰ ਪਾਲ ਦੁੱਗਲ, ਭੁਪਿੰਦਰ ਸਾਧੋਹੇੜੀ, ਦਵਿੰਦਰ ਚੌਧਰੀ ਮਾਜਰਾ ਸਤਨਾਮ ਸਿੰਘ ਸੌਜਾ ਆਗੂ ਸ਼ਾਮਿਲ ਹੋਏ

# ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਲੋਕ ਭਲਾਈ ਦੇ ਕੰਮ ਨੂੰ ਪਹਿਲ ਦੇ ਆਧਾਰ ਤੇ ਕਰ ਰਹੀ ਹੈ : ਗੋਇਲ




**ਪਟਿਆਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਲੋਕ ਭਲਾਈ ਦੇ ਕੰਮ ਨੂੰ ਪਹਿਲ ਦੇ ਆਧਾਰ ਤੇ ਕਰ ਰਹੀ ਹੈ। ਸੋਸਾਇਟੀ ਸਿਹਤ ਦੇ ਪੱਖੋਂ ਵੀ ਕਾਫੀ ਸਮੇਂ—ਸਮੇਂ ਤੇ ਕੈਂਪ ਲਗਾਕੇ ਜਿਸ ਤਰ੍ਹਾਂ ਸਿਹਤ ਚੈਕਅੱਪ ਕੈਂਪ, ਅੱਖਾਂ ਦੇ ਚੈਕਅੱਪ ਕੈਂਪ, ਖੂਨਦਾਨ ਕੈਂਪ ਵੱਖ—ਵੱਖ ਥਾਵਾਂ ਤੇ ਲਗਾਕੇ ਲੋਕ ਭਲਾਈ ਕਰ ਰਹੀ ਹੈ ਸਿਹਤ ਦਿਵਸ ਦੀ ਸਭ ਨੂੰ ਵਧਾਈ ਹੋਏ ਅਪ੍ਰੈਲ ਮਹੀਨਾ ਵਿਸਾਖੀ ਦੇ ਤਿਓਹਾਰ ਨੂੰ ਜੋ ਪੰਜਾਬ ਵਿੱਚ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਵਧਾਈ ਦਿੱਤੀ ਅਤੇ ਕਿਹਾ ਗਿਆ ਸੋਸਾਇਟੀ ਸਮੇਂ ਤੇ ਸਿੱਖਿਆ ਵਿੱਚ ਅਵਲ ਆਉਣ ਤੇ ਅਧਿਆਪਕਾ ਦਾ ਸਨਮਾਨ ਵੀ ਕੀਤਾ ਜਾਂਦਾ ਹੈ ਤਾਂ ਕਿ ਸਾਡੇ ਬੱਚੇ ਪੜ ਲਿਖ ਕੇ ਆਪਣੇ ਦੇਸ਼ ਦਾ ਨਾਮ ਰੋਸ਼ਨ ਕਰਨ, ਸੋਸਾਇਟੀ ਆਪਣੇ ਸਿਲਵਰ ਜੁਬਲੀ ਸਾਲ ਵਿੱਚ ਲੋਕਾਂ ਦੀ ਭਲਾਈ ਲਈ ਚੰਗੇ ਕਾਰਜ ਕਰਦੀ ਰਹੇਗੀ। ਵਿਜੈ ਕੁਮਾਰ ਗੋਇਲ ਪ੍ਰਧਾਨ ਦੀ ਅਗਵਾਈ ਹੇਠ ਇਹ ਸੋਸਾਇਟੀ ਆਪਣੇ ਕਾਰਜਾ ਨੂੰ ਕਰਦੀ ਰਹੇਗੀ 2000 ਦੇ ਵਿੱਚ ਸੋਸਾਇਟੀ ਦੀ ਸਥਾਪਨਾ ਸ੍. ਜ਼ਸਵੀਰ ਸਿੰਘ ਬੀਰ ਆਈ.ਏ.ਐਸ. ਰਿਟਾਇਰਡ ਚੀਫ ਪੈਟਰਨ ਦੇ ਸਹਿਯੋਗ ਨਾਲ ਕੀਤੀ ਗਈ। ਵਿਜੇ ਕੁਮਾਰ ਗੋਇਲ ਨੂੰ ਪ੍ਰਧਾਨ ਬਣਾਇਆ ਗਿਆ ਜੋ ਅੱਜ ਤੱਕ ਚਲ ਰਹੇ ਹਨ।

ਇਹ ਵਿਚਾਰ ਡਾ. ਅੰਜੂ ਅਰੋੜਾ ਨੇ ਅਧਿਆਪਕਾ ਬੱਚਿਆਂ ਅਤੇ ਸਮਾਜ ਸੇਵਾ ਲਈ ਕੰਮ ਕਰਨ ਵਾਲੇ ਸਖ਼ਸ਼ੀਅਤਾਂ ਦਾ ਸਨਮਾਨ ਕਰਦੇ ਹੋਏ ਕਹੇ। ਜਿਸ ਵਿੱਚ ਮਹਿੰਦਰ ਕਾਲਜ ਦੇ ਸਹਾਇਕ ਪ੍ਰੋਫੈਸਰ ਗੌਰਵ ਧੀਮਾਨ, ਬਿਕਰਮ ਕਾਲਜ ਸਹਾਇਕ ਪ੍ਰੋ. ਡਾ. ਹਰਸਿਮਰਨ ਕੌਰ, ਸਹਾਇਕ ਪ੍ਰੋ. ਡਾ. ਗੀਤਿਕਾ ਮਨੀ, ਸਹਾਇਕ ਪ੍ਰੋ. ਮੀਨਾਕਸ਼ੀ ਗਰਗ, ਸ੍ਰੀਮਤੀ ਜ਼ਸਵਿੰਦਰ ਕੌਰ, ਸੀਨੀਅਰ ਕਲਰਕ ਸਟੇਟ ਕਾਲਜ, ਡਾ. ਕਿਰਨਜੋਤ ਕੌਰ ਹਿਸਟਰੀ ਦੇ ਪ੍ਰੋ. ਰਾਜਵੰਤ ਕੌਰ ਹੋਸਟਲ ਵਾਰਡਨ ਮਹਿੰਦਰਾ ਕਾਲਜ, ਡਾ. ਕੰਚਨ ਵਾਲਾ ਸਹਾਇਕ ਪ੍ਰੋ. ਮਹਿੰਦਰਾ ਕਾਲਜ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਦੇਵੀ ਦਿਆਲ ਗੋਇਲ, ਰਾਕੇਸ਼ ਸਿੰਗਲਾ ਅਤੇ ਹਰਬੰਸ ਬਾਂਸਲ ਨੂੰ ਸਮਾਜ ਸੇਵਾ ਲਈ ਸਨਮਾਨਿਤ ਕੀਤਾ ਗਿਆ।

# ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਵਲੋਂ 9 ਅਪ੍ਰੈਲ ਨੂੰ ਮੁੱਖ ਦਫਤਰ ਪਟਿਆਲਾ ਦੇ ਸਾਹਮਣੇ ਦਿੱਤਾ ਜਾਵੇਗਾ ਵਿਸ਼ਾਲ ਰੋਸ ਧਰਨ

**ਪਟਿਆਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਵਲੋਂ ਵਰਕਰਾਂ ਨੂੰ ਮਾਰਚ ਮਹੀਨੇ ਦੀ ਵੀ ਅਜੇ ਤੱਕ ਤਨਖਾਹ ਅਤੇ ਪੈਨਸ਼ਨ ਦੀ ਅਦਾਇਗੀ ਦੀ ਕੋਈ ਉੱਘ ਸੁੱਘ ਨਾ ਹੋਣ ਕਾਰਨ ਅਤੇ ਇਸ ਤੋਂ ਇਲਾਵਾ ਵਰਕਰਾਂ ਦੀਆਂ ਕਾਨੂੰਨੀ ਤੌਰ ਤੇ ਵਾਜਬ ਮੰਗਾਂ ਨੂੰ ਲਟਕਾਏ ਜਾਣ ਦੇ ਵਿਰੋਧ ਵਿੱਚ 9-4-26 ਨੂੰ ਪੀ.ਆਰ.ਟੀ.ਸੀ. ਦੇ ਮੁੱਖ ਦਫਤਰ ਪਟਿਆਲਾ ਦੇ ਸਾਹਮਣੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ।

ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਰਾਹੀਂ ਦੱਸਿਆ ਕਿ ਪੰਜਾਬ ਸਰਕਾਰ ਤੋਂ ਮੁਫ਼ਤ ਸਫਰ ਬਦਲੇ 600 ਕਰੋੜ ਤੋਂ ਵੱਧ ਦੀ ਰਕਮ ਲੈਣੀ ਹੈ ਜਿਸ ਵਿੱਚ ਹਰ ਮਹੀਨੇ 40 ਕਰੋੜ ਦਾ ਵਾਧਾ ਹੋ ਜਾਂਦਾ ਹੈ। ਪਰ ਸਰਕਾਰ ਇਸ ਪੈਸੇ ਵਿੱਚੋਂ ਸਿਰਫ ਤਨਖਾਹ ਪੈਨਸ਼ਨ ਜਾਰੀ ਕਰਨ ਜਿੰਨੇ ਕੁ ਪੈਸੇ ਵੀ ਸਮੇਂ ਸਿਰ ਨਹੀਂ ਦਿੰਦੀ। ਜਿਸ ਨਾਲ ਬਹੁਤੇ ਮੁਲਾਜਮਾਂ ਨੂੰ ਮਕਾਨਾਂ ਲਈ ਚੁਕਿਆ ਕਰਜਾ, ਬੱਚਿਆਂ ਦੀਆਂ ਫੀਸਾਂ, ਬੀਮਾਰੀਆਂ, ਸਮਾਜਿਕ ਜਿੰਮੇਵਾਰੀਆਂ ਅਤੇ ਅੱਤ ਦੀ ਮਹਿਗਾਈ ਵਿੱਚ ਰਸੋਈ ਦਾ ਖਰਚ ਆਦਿ ਦੇ ਸਬੰਧ ਵਿੱਚ ਬੇਹੱਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਤਾਕਤ ਦੇ ਨਸ਼ੇ ਵਿੱਚ ਸਰਕਾਰ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਦੂਸਰੇ ਪਾਸੇ ਸਰਕਾਰ ਵੱਲੋਂ ਹਰ ਤੀਜੇ ਦਿਨ ਸੈਂਕੜੇ ਬੱਸਾਂ ਸਰਕਾਰੀ ਰੈਲੀਆਂ ਲਈ, ਧਾਰਮਿਕ ਯਾਤਰਾਵਾਂ ਲਈ ਭੇਜਣ ਵਾਸਤੇ ਹੁਕਮ ਚਾੜ ਦਿੱਤੇ ਜਾਦੇ ਹਨ ਜਿਸ ਨਾਲ ਪਬਲਿਕ ਵੀ ਪ੍ਰੇਸ਼ਾਨ ਅਤੇ ਪੀ.ਆਰ.ਟੀ.ਸੀ. ਦਾ ਵੀ ਨੁਕਸਾਨ ਹੋ ਰਿਹਾ ਹੈ ਅਤੇ ਇਹ ਵਰਤਾਰਾ ਵੋਟਾਂ ਤੱਕ ਹੋਰ ਵੀ ਬਹੁਤ ਵੱਧਣ ਦੀ ਸੰਭਾਵਨਾ ਹੈ। ਇਸ ਸਭ ਕੁੱਝ ਦਾ ਖਮਿਆਜਾ ਵੇਤਨ ਭੋਗੀ ਮੁਲਾਜਮ ਭੁਗਤ ਰਹੇ ਹਨ।

ਐਕਸ਼ਨ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਵਰਕਰਾਂ ਦੇ ਤਨਖਾਹਾਂ ਪੈਨਸ਼ਨਾਂ ਤੋਂ ਇਲਾਵਾ 125 ਕਰੋੜ ਰੁਪਏ ਦੇ ਲਗਭਗ ਬਕਾਏ ਪਏ ਹਨ। ਸੇਵਾ ਮੁਕਤ ਕਰਮਚਾਰੀਆਂ ਨੂੰ ਦੋ ਸਾਲ ਤੋਂ ਉਹਨਾਂ ਦੇ ਸੇਵਾ ਮੁਕਤੀ ਬਕਾਏ ਨਹੀਂ ਦਿੱਤੇ ਜਾ ਰਹੇ। ਪੇ ਕਮਿਸ਼ਨ ਦੇ ਬਕਾਏ ਜੋ 01—01—2016 ਤੋਂ ਹਨ ਉਹ ਪੀ.ਆਰ.ਟੀ.ਸੀ. ਨੇ ਦੇਣੇ ਸ਼ੁਰੂ ਹੀ ਨਹੀਂ ਕੀਤੇ ਜਦ ਕਿ ਹੁਣ ਮਾਨਯੋਗ ਹਾਈਕੋਰਟ ਨੇ ਹੁਕਮ ਦਿੱਤੇ ਹਨ ਕਿ 6 ਪ੍ਰਤੀਸ਼ਤ ਵਿਆਜ ਸਮੇਤ ਬਕਾਏ ਦਿੱਤੇ ਜਾਣ।

# ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦਾ ਤਿਆਰੀ ਅਭਿਆਨ ਤੇਜ਼



**ਲੁਧਿਆਣਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਵੱਲੋਂ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ‘ਪੰਡਿਤ ਦੀਨਦਯਾਲ ਉਪਾਧਿਆਯ ਟ੍ਰੇਨਿੰਗ ਮਹਾ ਅਭਿਆਨ-2026’ ਤਹਿਤ ਲੁਧਿਆਣਾ ਵਿੱਚ ਟ੍ਰੇਨਿੰਗ ਕੈਂਪ ਆਯੋਜਿਤ ਕੀਤੇ ਗਏ। ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੀ ਅਗਵਾਈ ਹੇਠ ਕੇਂਦਰੀ ਅਤੇ ਉੱਤਰੀ ਹਲਕਿਆਂ ਵਿੱਚ ਕੈਂਪ ਲਗੇ, ਜਿੱਥੇ ਵਰਕਰਾਂ ਨੂੰ ਪਾਰਟੀ ਦੀ ਵਿਚਾਰਧਾਰਾ, ਬੂਥ ਪ੍ਰਬੰਧਨ ਅਤੇ ਡਿਜ਼ਿਟਲ ਟੂਲਜ਼ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ‘ਤੇ ਸੰਗਠਨ ਮਹਾਮੰਤਰੀ ਸ੍ਰੀ ਨਿਵਾਸੁਲੂ ਅਤੇ ਮੰਜੀਤ ਸਿੰਘ ਰਾਏ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਟ੍ਰੇਨਿੰਗ ਦਾ ਮੁੱਖ ਉਦੇਸ਼ ਵਰਕਰਾਂ ਨੂੰ ਵਿਚਾਰਧਾਰਕ ਤੌਰ ‘ਤੇ ਮਜ਼ਬੂਤ ਕਰਨਾ ਅਤੇ ਸੰਗਠਨ ਨੂੰ ਬੂਥ ਪੱਧਰ ਤੱਕ ਵਧਾਉਣਾ ਹੈ। ਕੈਂਪਾਂ ਵਿੱਚ ਸੈਂਕੜੇ ਵਰਕਰਾਂ ਨੇ ਹਿੱਸਾ ਲਿਆ ਅਤੇ ਪਾਰਟੀ ਦੀਆਂ ਨੀਤੀਆਂ ਤੇ ਕੇਂਦਰ ਸਰਕਾਰ ਦੀਆਂ ਉਪਲਬਧੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

# ਨਾਭਾ ਵਿੱਚ ਵਿਧਾਇਕ ਦੇਵ ਮਾਨ ਨੇ 70 ਫੁੱਟ ਉੱਚਾ ਤਿਰੰਗਾਂ ਲਹਿਰਾਇਆ ਅਤੇ ਕੀਤਾ ਉਦਘਾਟਨ



**ਨਾਭਾ, 9 ਅਪ੍ਰੈਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਦੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵਮਾਨ ਵੱਲੋਂ ਨਾਭਾ ਦੇ ਮੁੱਖ ਸਵਾਗਤੀ ਗੇਟ (ਪਟਿਆਲਾ-ਨਾਭਾ ਰੋਡ) ’ਤੇ 70 ਫੁੱਟ ਉੱਚਾ ਤਿਰੰਗਾ ਲਹਿਰਾਇਆ। ਜਿਸ ਤੇ ਤਕਰੀਬਨ ਸ 6 ਲੱਖ 50 ਹਜਾਰ ਰੁਪਏ ਦਾ ਖਰਚਾ ਆਇਆ ਹੈ, ਇਹ ਨਾਭਾ ਨਗਰ ਕੌਂਸਲ ਵੱਲੋਂ ਬਣਾਇਆ ਗਿਆ ਹੈ। ਇਹ ਤਿਰੰਗਾ ਝੰਡਾ ਸ਼ਹਿਰ ਦੀ ਸੁੰਦਰਤਾ ਅਤੇ ਦੇਸ਼ ਭਗਤੀ ਦੇ ਜਜ਼ਬੇ ਨੂੰ ਹੋਰ ਵਧਾਉਂਦਾ ਹੈ। ਇਹ ਉੱਚਾ ਤਿਰੰਗਾ ਹੁਣ ਨਾਭਾ ਵਿੱਚ ਦਾਖਲ ਹੋਣ ਵਾਲੇ ਹਰ ਵਿਅਕਤੀ ਲਈ ਖਿੱਚ ਦਾ ਕੇਂਦਰ ਬਣੇਗਾ ਵਿਧਾਇਕ ਦੇਵਮਾਨ ਨੇ ਕਿਹਾ ਕਿ ਮੇਰੇ ਮਨ ਵਿੱਚ ਸੀ ਕਿ ਮੈਂ ਇਹ ਤਿਰੰਗਾ ਝੰਡਾ ਨਾਭਾ ਦੇ ਸਵਾਗਤੀ ਗੇਟ ਤੇ ਲਗਾਵਾਂ। ਇਸ ਪ੍ਰੋਜੈਕਟ ਨਾਲ ਇਲਾਕੇ ਦੀ ਨੁਹਾਰ ਬਦਲ ਗਈ ਹੈ। ਵਿਧਾਇਕ ਦੇਵਮਾਨ ਨੇ ਕਿਹਾ ਕਿ ਤਰਿੰਗਾ ਝੰਡਾ ਸਾਡੀ ਏਕਤਾ ਅਤੇ ਸ਼ਹੀਦਾਂ ਦੀ ਕੁਰਬਾਨੀ ਦਾ ਪ੍ਰਤੀਕ ਹੈ। ਇਹ ਉਪਰਾਲਾ ਨਾਲ ਸਿਰਫ ਨਾਭਾ ਦੀ ਦਿੱਖ ਨੂੰ ਸ਼ਾਨਦਾਰ ਬਣਾਉਂਦਾ ਹੈ, ਸਗੋਂ ਆਉਣ-ਜਾਣ ਵਾਲੇ ਲੋਕਾਂ ਵਿੱਚ ਆਪਣੇ ਦੇਸ਼ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਹੈ ਇਸ ਮੌਕੇ ਤੇ ਨਗਰ ਕੌਂਸਲ ਕਾਰਜਕਾਰੀ ਪ੍ਰਧਾਨ ਦੇ ਪਤੀ ਪ੍ਰਿੰਸ ਕੁਮਾਰ ਅਤੇ ਸ਼ਹਿਰ ਨਿਵਾਸੀਆਂ ਨੇ ਕਿਹਾ ਕਿ ਜੋ ਇਹ ਉਪਰਾਲਾ ਕੀਤਾ ਗਿਆ ਹੈ ਬਹੁਤ ਹੀ ਸ਼ਲਾਗਾ ਯੋਗ ਕਦਮ ਹੈ ਕਿਉਂਕਿ ਇਸ ਦੇ ਨਾਲ ਨਾਭੇ ਦੀ ਦਿੱਖ ਬਦਲ ਗਈ ਹੈ ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ , ਸੰਦੀਪ ਸ਼ਰਮਾ, ਪ੍ਰਿੰਸ ਸ਼ਰਮਾ, ਦੀਪ ਉੱਦਮ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਕੱਲਰ ਮਾਜਰੀ, ਦਵਿੰਦਰ ਕਲਾਰਾ, ਪ੍ਰਗਟ ਸਿੰਘ ਅਗੇਤੀ, ਸੰਜੇ ਮੁੱਗੋ, ਕਮਲ ਕੁਮਾਰ ਰਾਜੂ, ਕਸ਼ਮੀਰ ਸਿੰਘ ਲਾਲਕਾ, ਗੁਰਵਿੰਦਰ ਸਿੰਘ ਮਨੀ ਗਰੂਮ , ਹਰਸਿਮਰਨ ਸਿੰਘ ਸਾਹਨੀ, ਅਮਨ ਗਰਗ, ਜੋਰਾ ਸਿੰਘ, ਹਰਮੀਤ ਸਿੰਘ ਬਾਜਵਾ , ਸਿਮਰਨ ਅੜਕ ਚੋਹਾਨ ਆਦਿ ਹਾਜ਼ਰ ਸਨ।

# ਮਹਾਰਾਜਾ ਰਿਪੁਦਮਨ ਸਿੰਘ ਦੀ ਪੋਤ ਨੂੰਹ ਦੀਰਘ ਕੌਰ ਦਾ ਦੇਹਾਂਤ



**ਨਾਭਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਗਰੇਜ਼ਾਂ ਖਿਲਾਫ ਬਗ਼ਾਵਤ ਕਰਨ ਵਾਲੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਦੀ ਪੋਤ ਨੂੰਹ ਦੀਰਘ ਕੌਰ ਦਾ ਦੇਹਾਂਤ ਸ਼ਨਿਚਰਵਾਰ ਨੂੰ ਉਨ੍ਹਾਂ ਦੇ ਦਿੱਲੀ ਦੇ ਨਿਵਾਸ ਸਥਾਨ ’ਤੇ ਹੋਇਆ। ਅੱਜ ਉਨ੍ਹਾਂ ਦੇ ਫੁੱਲਾਂ ਦੀ ਰਸਮ ਹਰਿਦੁਆਰ ਅਤੇ ਕੀਰਤਪੁਰ ਸਾਹਿਬ ਦੋਵਾਂ ਥਾਵੇਂ ਨਿਭਾਈ ਗਈ।

ਨਾਭਾ ਵਿਖੇ ਗੁਰਦੁਆਰਾ ਸ਼ਾਹੀ ਸਮਾਧਾਂ ਦੇ ਮੁੱਖ ਸੇਵਾਦਾਰ ਅਤੇ ਪਰਿਵਾਰ ਦੇ ਨਜ਼ਦੀਕੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਭਰਤਪੁਰ ਦੇ ਮਹਾਰਾਜਾ ਬ੍ਰਿਜੇਂਦਰ ਸਿੰਘ ਦੀ ਧੀ ਦੀਰਘ ਕੌਰ ਨਾਭੇ ਦੇ ਆਖਰੀ ਮਹਾਰਾਜਾ ਪ੍ਰਤਾਪ ਸਿੰਘ ਦੇ ਵੱਡੇ ਪੁੱਤਰ ਹਨੂਵੰਤ ਸਿੰਘ ਨੂੰ ਵਿਆਹੀ ਗਈ ਸੀ। 73 ਸਾਲ ਦੀ ਉਮਰ ਵਿੱਚ ਸੰਖੇਪ ਬਿਮਾਰੀ ਤੋਂ ਬਾਅਦ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਉਨ੍ਹਾਂ ਦੇ ਪੁੱਤਰ ਯੁਧਿਸ਼ਟਰ ਸਿੰਘ ਅਤੇ ਕੀਰਤ ਸਿੰਘ ਨੇ ਉਨ੍ਹਾਂ ਦੀ ਚਿਤਾ ਨੂੰ ਅਗਨ ਭੇਂਟ ਕੀਤੀ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸ਼ਾਹੀ ਪਰਿਵਾਰ ਦੀ ਰੀਤ ਮੁਤਾਬਕ ਪਹਿਲੀ ਬਰਸੀ ਮਗਰੋਂ ਉਹਨਾਂ ਦੀ ਸਮਾਧ ਵੀ ਨਾਭਾ ਦੇ ਸ਼ਾਹੀ ਸਮਾਧਾਂ ਵਿਖੇ ਹਨੂਵੰਤ ਸਿੰਘ ਦੀ ਸਮਾਧ ਦੇ ਨਜ਼ਦੀਕ ਸਥਾਪਿਤ ਕੀਤੀ ਜਾਵੇਗੀ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਇਕ ਪਲੇਠੀ ਮੀਟਿੰਗ ਹੋਈ



**ਸ੍ਰੀ ਹਰਗੋਬਿੰਦਪੁਰ, 9 ਅਪ੍ਰੈਲ**
**- ਕੁਲਜੀਤ ਸਿੰਘ ਖੋਖਰ -**
**-ਕੌਮੀ ਪੱਤ੍ਰਿਕਾ ਬਿਊਰੋ-**

ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿ : ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਇਕ ਐਮਰਜੈਂਸੀ ਮੀਟਿੰਗ ਰਾਏ ਹੱਟ ਫੈਮਲੀ ਹਾਲ ਕੂੰਟ ਵਿਖੇ ਜ਼ਿਲ੍ਹਾ ਪ੍ਰਧਾਨ ਡਾ ਪਿਆਰਾ ਸਿੰਘ ਹੰਬੋਵਾਲ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਡਾ ਪਿਆਰਾ ਸਿੰਘ ਹੰਬੋਵਾਲ ਨੇ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪੈਨਲ ਮੀਟਿੰਗ ਅਤੇ ਚੋਣਾਂ ਸਮੇਂ ਕੀਤੇ ਵਾਅਦੇ ਤੋਂ ਮੁੱਕਰ ਰਹੀ ਹੈ ਜਿਸ ਕਾਰਨ ਪੰਜਾਬ ਭਰ ਦੇ ਮੈਡੀਕਲ ਪ੍ਰੈਕਟੀਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਸਿਖਲਾਈ ਅਤੇ ਮਾਨਤਾ ਦੀ ਮੰਗ ਨੂੰ ਮਨਵਾਉਣ ਲਈ ਅਤੇ ਲੋਕ ਮੁੱਦਿਆਂ ਨੂੰ ਹੱਲ ਕਰਨ ਲਈ ਕੁੰਭ ਕਰਨ ਦੀ ਨੀਂਦ ਸੁੱਤੀ ਪਈ ਪੰਜਾਬ ਸਰਕਾਰ ਨੂੰ ਜਗਾਉਣ ਲਈ ਜਾਗੋ ਸਰਕਾਰ ਜਾਗੋ ਦੇ ਸੁਲੋਗਨ ਹੇਠ 11-4-2026 ਸ਼ਨਿਚਰਵਾਰ ਨੂੰ ਰੋਸ ਪ੍ਰਦਰਸ਼ਨ ਅਤੇ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ । ਉਹਨਾਂ ਕਿਹਾ ਕਿ ਇਸ ਰੈਲੀ ਵਿੱਚ ਜ਼ਿਲ੍ਹਾ ਗੁਰਦਾਸਪੁਰ ਤੋਂ ਬਹੁਤ ਵੱਡੀ ਤਾਦਾਦ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਸ਼ਾਮਲ ਹੋਣਗੇ। ਇਸ ਮੌਕੇ ਸਟੇਟ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਡਾ ਅਵਤਾਰ ਸਿੰਘ ਕਿਲਾ ਲਾਲ ਸਿੰਘ, ਜ਼ਿਲ੍ਹਾ ਚੇਅਰਮੈਨ ਡਾ ਗੁਰਨੇਕ ਸਿੰਘ ਹਰਚੋਵਾਲ, ਜ਼ਿਲ੍ਹਾ ਜਨਰਲ ਸਕੱਤਰ ਡਾ ਭੁਪਿੰਦਰ ਸਿੰਘ ਗਿੱਲ, ਕੈਸ਼ੀਅਰ ਡਾ ਕਸਮੀਰ ਸਿੰਘ ਕਾਹਲੋਂ, ਮੁੱਖ ਸਲਾਹਕਾਰ ਡਾ ਸਤਪਾਲ ਡਡਵਾ, ਸਹਾਇਕ ਚੇਅਰਮੈਨ ਸ਼ਾਮ ਲਾਲ ਦੀਨਾਨਗਰ ਸੀਨੀਅਰ ਮੀਤ ਪ੍ਰਧਾਨ ਡਾ ਸੰਤੋਖ ਰਾਜ ਦੀਨਾਨਗਰ,ਬਲਾਕ ਕਲਾਨੌਰ ਦੇ ਪ੍ਰਧਾਨ ਡਾ ਅਜ਼ੀਜ਼ ਮਸੀਹ ਕਲਾਨੌਰ, ਜ਼ਿਲ੍ਹਾ ਕਮੇਟੀ ਮੈਂਬਰ ਡਾ ਰਜਿਦਰਪਾਲ ਸਿੰਘ ਧਾਰੀਵਾਲ,ਜ਼ਿਲ੍ਹਾ ਕਮੇਟੀ ਮੈਂਬਰ ਡਾ ਇੰਦਰਜੀਤ ਸਿੰਘ ਧੰਦੋਈ, ਡਾ. ਬਲਕਾਰ ਸਿੰਘ ਧਾਰੀਵਾਲ, ਡਾ. ਜਰਮਨਜੀਤ ਸਿੰਘ ਕਲਾਨੌਰ, ਡਾ. ਅਸ਼ੋਕ ਕੁਮਾਰ ਦੀਨਾਨਗਰ, ਡਾ. ਬਿਸ਼ਨਦਾਸ ਧਾਰੀਵਾਲ ਆਦਿ ਹਾਜ਼ਰ ਸਨ।

# ਐਡਵੋਕੇਟ ਖੱਟੜਾ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਲਗਾਏ ਗਏ ਬੂਟੇ



**ਪਟਿਆਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਹਲਕੇ ਤੋਂ ਭਾਜਪਾ ਦੇ ਸੀਨੀਅਰ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਬੂਟੇ ਲਗਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ। ਇਸ ਮੌਕੇ ਐਡਵੋਕੇਟ ਖੱਟੜਾ ਨੇ ਬੂਟੇ ਲਗਾ ਕੇ ਵਾਤਾਵਰਣ ਦੀ ਸਾਂਭ ਸੰਭਾਲ ਦਾ ਸੁਨੇਹਾ ਦਿੱਤਾ। ਖੱਟੜਾ ਨੇ ਕਿਹਾ ਕਿ ਬਾਰਸ਼ ਦੇ ਮੌਸਮ ਵਿਚ ਹਰ ਵਰਕਰ ਨੂੰ ਇੱਕ-ਇੱਕ ਬੂਟਾ ਆਪਣੇ ਨੇੜਲੇ ਥਾਵਾਂ ’ਤੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਅੰਦਰ ਲਗਾ ਕੇ ਵਾਤਾਵਰਣ ਦੀ ਸ਼ੁੱਧਤਾ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਦੀ ਸਾਂਭ ਸੰਭਾਲ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਕਿਉਂਕਿ ਬੂਟਿਆਂ ਤੋਂ ਬਿਨ੍ਹਾਂ ਮਨੁੱਖੀ ਜੀਵਨ ਨੂੰ ਸਾਹ ਲੈਣਾ ਬੇਹੱਦ ਮੁਸ਼ਕਲ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜਦੋਂ ਬੂਟਿਆਂ ਦੀ ਗਿਣਤੀ ਵਿਚ ਵਾਧਾ ਹੋਵੇ ਅਤੇ ਆਲਾ ਦੁਆਲਾ ਹਰਿਆ ਭਰਿਆ ਹੋਵੇ। ਉਨ੍ਹਾਂ ਭਾਜਪਾ ਦੇ ਸਮੁੱਚੇ ਕਾਰਕੁੰਨਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਮੌਸਮ ਵਿਚ ਬੂਟੇ ਜ਼ਰੂਰ ਲਗਾਉਣ। ਕਿਉਂਕਿ ਵਾਤਾਵਰਣ ਦੀ ਸੰਭਾਲ ਹੀ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਜਿਸ ਵਿਚ ਹਰ ਮਨੁੱਖ ਨੂੰ ਭਾਗੀਦਾਰ ਬਣਨਾ ਚਾਹੀਦਾ ਹੈ। ਇਸ ਮੌਕੇ ਗੁਰਭਜਨ ਸਿੰਘ ਲਚਕਾਣੀ, ਰਜਿੰਦਰ ਸਿੰਧੀ, ਹਰਪ੍ਰੀਤ ਸਿੰਘ ਭੰਵਰਾ, ਯੁਵਰਾਜ ਸ਼ਰਮਾ, ਨਵਜੋਤ ਮਹਿਲ, ਚਰਨਜੀਤ ਸਿੰਘ ਵਿੱਕੀ, ਮਨਪ੍ਰੀਤ ਸਿੰਘ ਮੋਨੂੰ, ਗੁਰਚਰਨ ਸਿੰਘ, ਗੁਰਤੇਜ ਸਿੰਘ, ਤਰਸੇਮ ਸਿੰਘ ਕੋਟਲੀ, ਗੁਰਦਾਸ ਸਿੰਘ, ਇਮਰਾਨ, ਰਿੰਕੂ, ਭੁਪਿੰਦਰ ਸਿੰਘ, ਜਗਦੀਪ ਸਿੰਘ ਆਦਿ ਵੀ ਹਾਜ਼ਰ ਸਨ।

## ਬਿਨਾਂ ਮਨਜ਼ੂਰੀ ਸਰਹੰਦੀ ਗੇਟ ਕੋਲ ਚੱਲ ਰਿਹਾ ਅੰਡਰਗਰਾਊਂਡ ਤਾਰਾਂ ਪਾਉਣ ਦਾ ਕੰਮ ਮੇਅਰ ਨੇ ਰੁਕਵਾਇਆ

# ਸ਼ਹਿਰ ਵਿੱਚ ਬਿਨਾਂ ਇਜਾਜ਼ਤ ਹੋਣ ਵਾਲੇ ਕੰਮਾਂ ‘ਤੇ ਨਹੀਂ ਹੋਵੇਗੀ ਕੋਈ ਛੂਟ, ਨਿਯਮਾਂ ਦੀ ਉਲੰਘਣਾ ਬਰਦਾਸ਼ਤ ਨਹੀਂ : ਮੇਅਰ



**ਪਟਿਆਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਵਿੱਚ ਕਾਨੂੰਨੀ ਅਤੇ ਪ੍ਰਸ਼ਾਸਕੀ ਪ੍ਰਕਿਰਿਆ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਮਕਸਦ ਨਾਲ ਅੱਜ ਮੇਅਰ ਕੁੰਦਨ ਗੋਗੀਆ ਵੱਲੋਂ ਇੱਕ ਮਹੱਤਵਪੂਰਨ ਕਾਰਵਾਈ ਕਰਦੇ ਹੋਏ ਸਰਹੰਦੀ ਗੇਟ ਕੋਲ ਇੱਕ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਬਿਨਾਂ ਮਨਜ਼ੂਰੀ ਚਲਾਏ ਜਾ ਰਹੇ ਕੰਮ ਨੂੰ ਤੁਰੰਤ ਰੁਕਵਾ ਦਿੱਤਾ ਗਿਆ। ਮੌਕੇ ‘ਤੇ ਸੜਕ ਦੇ ਹੇਠਾਂ ਅੰਡਰਗਰਾਊਂਡ ਤਾਰਾਂ ਪਾਉਣ ਦਾ ਕੰਮ ਚੱਲ ਰਿਹਾ ਸੀ, ਜਿਸ ਬਾਰੇ ਨਗਰ ਨਿਗਮ ਤੋਂ ਲੋੜੀਂਦੀ ਪਰਮਿਸ਼ਨ ਨਾ ਲੈਣ ਦੀ ਗੱਲ ਸਾਹਮਣੇ ਆਈ।

ਦੱਸਣ ਯੋਗ ਹੈ ਕਿ ਜਿਵੇਂ ਹੀ ਇਸ ਕੰਮ ਬਾਰੇ ਜਾਣਕਾਰੀ ਮੇਅਰ ਤੱਕ ਪਹੁੰਚੀ, ਉਹ ਤੁਰੰਤ ਸੰਬੰਧਿਤ ਅਧਿਕਾਰੀਆਂ ਸਮੇਤ ਮੌਕੇ ‘ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪ੍ਰਾਈਵੇਟ ਲਿਮਟਡ ਕੰਪਨੀ ਵੱਲੋਂ ਬਿਨਾਂ ਪ੍ਰਸ਼ਾਸਕੀ ਮਨਜ਼ੂਰੀ ਅਤੇ ਬਿਨਾਂ ਸੰਬੰਧਿਤ ਵਿਭਾਗਾਂ ਨਾਲ ਸਹਿਮਤੀ ਤੋਂ ਇਹ ਕੰਮ ਕੀਤਾ ਜਾ ਰਿਹਾ ਸੀ, ਜੋ ਕਿ ਸਿੱਧੇ ਤੌਰ ‘ਤੇ ਨਿਯਮਾਂ ਦੀ ਉਲੰਘਣਾ ਹੈ।

ਮੇਅਰ ਪਟਿਆਲਾ ਨੇ ਮੌਕੇ ‘ਤੇ ਹੀ ਕੰਮ ਕਰਵਾ ਰਹੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਨੂੰ ਸਪੱਸ਼ਟ ਹੁਕਮ ਜਾਰੀ ਕਰਦਿਆਂ ਕਿਹਾ ਕਿ ਸ਼ਹਿਰ ਦੀਆਂ ਸੜਕਾਂ, ਜਨਤਕ ਥਾਵਾਂ ਅਤੇ ਅਧਾਰਭੂਤ ਢਾਂਚੇ ਨਾਲ ਜੁੜਿਆ ਕੋਈ ਵੀ ਕੰਮ ਬਿਨਾਂ ਨਗਰ ਨਿਗਮ ਦੀ ਲਿਖਤੀ ਮਨਜ਼ੂਰੀ ਤੋਂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਗੈਰ-ਕਾਨੂੰਨੀ ਕੰਮਾਂ ਨਾਲ ਨਾ ਸਿਰਫ਼ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਦਾ ਹੈ, ਸਗੋਂ ਆਮ ਲੋਕਾਂ ਨੂੰ ਵੀ ਆਵਾਜਾਈ ਅਤੇ ਸੁਰੱਖਿਆ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਸ਼ਹਿਰ ਵਿੱਚ ਵਿਕਾਸ ਕਾਰਜਾਂ ਨੂੰ ਪੂਰੀ ਤਰ੍ਹਾਂ ਸਹਿਯੋਗ ਦਿੱਤਾ ਜਾਵੇਗਾ, ਪਰ ਕਿਸੇ ਵੀ ਪ੍ਰਾਈਵੇਟ ਕੰਪਨੀ ਜਾਂ ਠੇਕੇਦਾਰ ਨੂੰ ਨਿਯਮਾਂ ਤੋਂ ਉੱਪਰ ਹੋ ਕੇ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਮੇਅਰ ਨੇ ਸੰਬੰਧਿਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਇਸ ਮਾਮਲੇ ਦੀ ਪੂਰੀ ਰਿਪੋਰਟ ਤਿਆਰ ਕਰਕੇ ਜ਼ਿੰਮੇਵਾਰ ਪੱਖਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

ਸ਼ਹਿਰ ਵਾਸੀਆਂ ਨੇ ਮੇਅਰ ਦੀ ਇਸ ਤੁਰੰਤ ਅਤੇ ਸਖ਼ਤ ਕਾਰਵਾਈ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਨਾਲ ਬਿਨਾਂ ਮਨਜ਼ੂਰੀ ਹੋਣ ਵਾਲੇ ਕੰਮਾਂ ‘ਤੇ ਰੋਕ ਲੱਗੇਗੀ ਅਤੇ ਨਗਰ ਨਿਗਮ ਦੀ ਜਵਾਬਦੇਹੀ ਹੋਰ ਮਜ਼ਬੂਤ ਹੋਵੇਗੀ। ਇਹ ਕਾਰਵਾਈ ਸਪੱਸ਼ਟ ਕਰਦੀ ਹੈ ਕਿ ਪਟਿਆਲਾ ਸ਼ਹਿਰ ਵਿੱਚ ਹੁਣ ਹਰ ਕੰਮ ਨਿਯਮਾਂ ਅਤੇ ਪਾਰਦਰਸ਼ੀ ਪ੍ਰਕਿਰਿਆ ਅਨੁਸਾਰ ਹੀ ਹੋਵੇਗਾ।

## ਪ੍ਰੀ-ਐਸ.ਆਈ.ਆਰ. (SIR) ਡਿਊਟੀ ਬਣੀ ਮੌਤ ਦਾ ਕਾਰਨ, ਅਧਿਆਪਕਾਂ ‘ਤੇ ਦਬਾਅ ‘ਤੇ ਘੇਰੀ ਸਰਕਾਰ

# ਡੀਟੀਐਫ ਨੇ ਉੱਚ ਅਧਿਕਾਰੀਆਂ ‘ਤੇ ਲਗਾਏ ਦਬਾਅ ਦੇ ਦੋਸ਼, ਗੈਰ-ਵਿੱਦਿਅਕ ਕੰਮ ਤੁਰੰਤ ਰੋਕਣ ਦੀ ਮੰਗ

**ਪਟਿਆਲਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਸ਼ਨੀਵਾਰ ਸਰਕਾਰੀ ਪ੍ਰਾਇਮਰੀ ਸਕੂਲ ਹਸਨਪੁਰ ਕੰਬੋਆ (ਬਲਾਕ ਦੇਵੀਗੜ੍ਹ) ਦੇ ਅਧਿਆਪਕ ਸ੍ਰੀ ਪ੍ਰਦੀਪ ਕੁਮਾਰ, ਜੋ ਅਧਿਆਪਨ ਦੇ ਨਾਲ-ਨਾਲ ਹਲਕਾ ਸਨੌਰ ਦੇ ਬੂਥ ਨੰਬਰ 92 ‘ਤੇ ਬਤੌਰ ਬੀਐਲਓ (ਬੂਥ ਲੈਵਲ ਆਫਿਸਰ) ਪ੍ਰੀ-ਐਸ.ਆਈ.ਆਰ. ਤਹਿਤ ਡਿਊਟੀ ਨਿਭਾ ਰਹੇ ਸਨ, ਦੀ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਐਸ.ਆਈ.ਆਰ. ਦੇ ਕੰਮ ਨੂੰ ਸਮੇਂ ਸਿਰ ਪੂਰਾ ਕਰਨ ਲਈ ਉੱਚ ਅਧਿਕਾਰੀਆਂ ਵੱਲੋਂ ਪਾਇਆ ਜਾ ਰਿਹਾ ਲਗਾਤਾਰ ਦਬਾਅ ਇਸ ਮੌਤ ਦਾ ਕਾਰਨ ਬਣਿਆ।

ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀਟੀਐਫ) ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਰੱਖੜਾ, ਸਕੱਤਰ ਜਸਪਾਲ ਸਿੰਘ ਚੌਧਰੀ ਅਤੇ ਵਿੱਤ ਸਕੱਤਰ ਰਾਜਿੰਦਰ ਸਿੰਘ ਸਮਾਣਾ ਨੇ ਦੱਸਿਆ ਕਿ ‘ਵਿਸ਼ੇਸ਼ ਸੁਧਾਈ ਮੁਹਿੰਮ’ ਤਹਿਤ ਵੋਟਰ ਬਣੇ ਰਹਿਣ ਲਈ ਕਈ ਬੇਲੋੜੀਆਂ ਤੇ ਕਠਿਨ ਸ਼ਰਤਾਂ ਲਗਾਈਆਂ ਗਈਆਂ ਹਨ, ਜਿਸ ਕਾਰਨ ਇਹ ਪ੍ਰਕਿਰਿਆ ਲੰਮੀ ਹੋ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਅਫ਼ਸਰਸ਼ਾਹੀ ਵੱਲੋਂ ਬੀਐਲਓਜ਼ ‘ਤੇ ਕੰਮ ਜਲਦ ਪੂਰਾ ਕਰਨ ਲਈ ਭਾਰੀ ਦਬਾਅ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਕੰਮ ਸਮੇਂ ਸਿਰ ਨਾ ਕਰਨ ਵਾਲੇ ਅਧਿਆਪਕਾਂ ਦੀਆਂ ਤਨਖਾਹਾਂ ਰੋਕਣ ਅਤੇ ਮੁਅੱਤਲੀ ਤੱਕ ਦੇ ਪੱਤਰ ਜਾਰੀ ਕੀਤੇ ਜਾ ਰਹੇ ਹਨ, ਜੋ ਕਤਈ ਬਰਦਾਸ਼ਤ ਨਹੀਂ ਕੀਤੇ ਜਾਣਗੇ।

ਆਗੂਆਂ ਨੇ ਕਰੀਬ 20 ਹਜ਼ਾਰ ਅਧਿਆਪਕਾਂ ਨੂੰ ਬੀਐਲਓ ਡਿਊਟੀਆਂ ਸਮੇਤ ਹੋਰ ਗੈਰ-ਵਿੱਦਿਅਕ ਕੰਮਾਂ ‘ਚ ਲਗਾ ਕੇ ‘ਸਿੱਖਿਆ ਕ੍ਰਾਂਤੀ’ ਦੇ ਦਾਅਵਿਆਂ ‘ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਇੱਕ ਪਾਸੇ ਅਧਿਆਪਕਾਂ ਦੀਆਂ ਡਿਊਟੀਆਂ ਪ੍ਰੀਖਿਆ ਕੇਂਦਰਾਂ ਅਤੇ ਪੇਪਰ ਚੈਕਿੰਗ ‘ਚ ਲੱਗੀਆਂ ਹਨ, ਜਦਕਿ ਦੂਜੇ ਪਾਸੇ ਐਸ.ਆਈ.ਆਰ. ਦਾ ਕੰਮ ਉਨ੍ਹਾਂ ਲਈ ਵੱਡਾ ਮਾਨਸਿਕ ਤਣਾਅ ਬਣ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਵੋਟਾਂ ਦੀ ਵਿਸ਼ੇਸ਼ ਸੁਧਾਈ ਦੇ ਨਾਂ ‘ਤੇ ਚੱਲ ਰਹੀ ਇਹ ਪ੍ਰਕਿਰਿਆ ਤੁਰੰਤ ਰੋਕੀ ਜਾਵੇ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਬੇਲੋੜੀ ਹੈ, ਸਗੋਂ ਅਧਿਆਪਕਾਂ ਅਤੇ ਆਮ ਲੋਕਾਂ ਵਿਚ ਦੂਰੀਆਂ ਵੀ ਪੈਦਾ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਗੈਰ-ਵਿੱਦਿਅਕ ਕੰਮਾਂ ਦੇ ਬੋਝ ਕਾਰਨ ਪਿਛਲੇ ਮਹੀਨੇ ਫਗਵਾੜਾ ਵਿਖੇ ਡਰਾਇੰਗ ਅਧਿਆਪਕ ਅਵਤਾਰ ਸਿੰਘ ਦੀ ਵੀ ਮੌਤ ਹੋ ਚੁੱਕੀ ਹੈ। ਉਨ੍ਹਾਂ ਇਲੈਕਸ਼ਨ ਕਮਿਸ਼ਨ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਹ ਕੰਮ ਬੇਰੁਜ਼ਗਾਰ ਨੌਜਵਾਨਾਂ ਤੋਂ ਕਰਵਾਉਣ ਲਈ ਸੁਚੱਜੀ ਪ੍ਰਣਾਲੀ ਬਣਾਈ ਜਾਵੇ।

## ਬੀਐਲਓ ਡਿਊਟੀਆਂ ਅਤੇ ਐਸ.ਆਈ.ਆਰ. ਦੇ ਦਬਾਅ ਨੇ ਅਧਿਆਪਕਾਂ ਦੀ ਜ਼ਿੰਦਗੀ ਨਰਕ ਬਣਾਈ ਹੋਈ ਹੈ, ਸਰਕਾਰ ਤੁਰੰਤ ਇਹ ਬੋਝ ਘਟਾਏ : ਡੀਟੀਐਫ ਆਗੂ

**ਪਟਿਆਲਾ ਵਿੱਚ ਪ੍ਰੀ-ਐਸ.ਆਈ.ਆਰ. ਡਿਊਟੀ ਦੌਰਾਨ ਬੀਐਲਓ ਅਧਿਆਪਕ ਪ੍ਰਦੀਪ ਕੁਮਾਰ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਡੀਟੀਐਫ ਨੇ ਦੋਸ਼ ਲਗਾਇਆ ਕਿ ਉੱਚ ਅਧਿਕਾਰੀਆਂ ਵੱਲੋਂ ਬਣਾਇਆ ਜਾ ਰਿਹਾ ਭਾਰੀ ਦਬਾਅ ਇਸ ਦਾ ਮੁੱਖ ਕਾਰਨ ਹੈ। ਸੰਗਠਨ ਨੇ ਗੈਰ-ਵਿੱਦਿਅਕ ਕੰਮ ਤੁਰੰਤ ਰੋਕਣ ਦੀ ਮੰਗ ਕੀਤੀ ਹੈ।**

# ਸ਼ੁਰੂਆਤੀ ਕਦਮਾਂ ਤੋਂ ਭਵਿੱਖ ਦੇ ਸੁਪਨਿਆਂ ਤੱਕ: ਹਰ ਬੱਚੇ ਲਈ ਸਿੱਖਣ ਦਾ ਨਵਾਂ ਸਵਰੂਪ



ਸ਼੍ਰੀ ਧਰਮੇਂਦਰ ਪ੍ਰਧਾਨ
ਰਾਸ਼ਟਰੀ ਨਵੀਨੀਕਰਣ ਦਾ ਪਲ

ਹਰ ਸਾਲ, ਜਦੋਂ ਸਕੂਲਾਂ ਦੇ ਦਰਵਾਜ਼ੇ ਨਵੇਂ ਅਕਾਦਮਿਕ ਸੈਸ਼ਨਾਂ ਲਈ ਖੁੱਲ੍ਹਦੇ ਹਨ, ਤਾਂ ਭਾਰਤ ਸਮੂਹਿਕ ਸੰਕਲਪ ਦੀਆਂ ਸਭ ਤੋਂ ਡੂੰਘੀਆਂ ਉਦਾਹਰਣਾਂ ਵਿੱਚੋਂ ਇੱਕ ਦਾ ਗਵਾਹ ਬਣਦਾ ਹੈ। ਪਹਾੜਾਂ ਅਤੇ ਤੱਟਵਰਤੀਆਂ ਤੋਂ ਲੈ ਕੇ ਸ਼ਹਿਰਾਂ ਅਤੇ ਦੂਰ-ਦੁਰਾਡੇ ਪਿੰਡਾਂ ਤੱਕ, ਲੱਖਾਂ ਬੱਚੇ ਕਦੇ-ਕਦੇ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਚੁਣੌਤੀਆਂ ਦੇ ਬਾਵਜੂਦ – ਨਵੇਂ ਜੋਸ਼, ਨਵੀਆਂ ਇੱਛਾਵਾਂ ਅਤੇ ਬੇਅੰਤ ਸੰਭਾਵਨਾਵਾਂ ਨਾਲ ਆਪਣੇ ਕਲਾਸਰੂਮਾਂ ਵਿੱਚ ਕਦਮ ਰੱਖਦੇ ਹਨ। ਇਹ ਇੱਕ ਸ਼ਾਂਤ ਪਰ ਸ਼ਕਤੀਸ਼ਾਲੀ ਰਾਸ਼ਟਰੀ ਪਲ ਹੈ। ਇਸ ਸਾਲ ਵੀ ਲਗਭਗ 2 ਕਰੋੜ ਬੱਚਿਆਂ ਨੇ ਪਹਿਲੀ ਜਮਾਤ ਵਿੱਚ ਦਾਖਲਾ ਲਿਆ ਹੈ - ਜੋ ਉਮੀਦ ਅਤੇ ਸਾਂਝੀ ਰਾਸ਼ਟਰੀ ਜ਼ਿੰਮੇਵਾਰੀ ਦੋਵਾਂ ਨੂੰ ਸਾਂਭੇ ਹੋਏ ਹੈ।

ਭਾਰਤ ਦਾ ਸਕੂਲੀ ਢਾਂਚਾ ਬਹੁਤ ਵਿਸ਼ਾਲ ਹੈ। ਇਸ ਵਿੱਚ 14.7 ਲੱਖ ਤੋਂ ਵੱਧ ਸਕੂਲ, ਲਗਭਗ 25 ਕਰੋੜ ਨਾਮਜ਼ਦ ਵਿਦਿਆਰਥੀ ਅਤੇ 1 ਕਰੋੜ ਤੋਂ ਜ਼ਿਆਦਾ ਅਧਿਆਪਕ ਸ਼ਾਮਲ ਹਨ। ਇਹ ਗਿਣਤੀ ਸਿਰਫ਼ ਪ੍ਰਸ਼ਾਸਨਿਕ ਪੱਧਰ ਨੂੰ ਮਾਪਣ ਦਾ ਜ਼ਰੀਆ ਹੀ ਨਹੀਂ ਹੈ, ਸਗੋਂ ਇਹ ਸਿੱਖਿਆ ਰਾਹੀਂ ਸਾਡੇ ਦੇਸ਼ ਦੇ ਭਵਿੱਖ ਨੂੰ ਆਕਾਰ ਦੇਣ ਦੀ ਇੱਕ ਮਜ਼ਬੂਤ ਵਚਨਬੱਧਤਾ ਦਾ ਐਲਾਨ ਕਰਦੀ ਹੈ। ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਨੇ ਰੱਟਣ ਦੀ ਆਦਤ ਤੋਂ ਅੱਗੇ ਵਧ ਕੇ ਉਤਸੁਕਤਾ, ਸਮਝ ਅਤੇ ਸੰਪੂਰਨ ਵਿਕਾਸ (ਹੋਲੀਸਟਿਕ ਡਿਵੈਲਪਮੈਂਟ) ਨੂੰ ਸਿੱਖਣ ਦੇ ਕੇਂਦਰ ਵਿੱਚ ਰੱਖਿਆ ਗਿਆ ਹੈ। ਹਰ ਨਵਾਂ ਅਕਾਦਮਿਕ ਸੈਸ਼ਨ ਉਸ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਅਰਥਪੂਰਨ ਕਦਮ ਹੈ।

ਬਾਲਵਾਟਿਕਾ ਲਾਗੂ ਹੋਣ ਨਾਲ ਹੁਣ ਛੋਟੇ ਬੱਚਿਆਂ ਦੀ ਸ਼ੁਰੂਆਤੀ ਸਿੱਖਿਆ ਸਕੂਲ ਪ੍ਰਣਾਲੀ ਦਾ ਹਿੱਸਾ ਬਣ ਗਈ ਹੈ। ਇਸ ਨਾਲ ਬੱਚੇ ਪਹਿਲੀ ਕਲਾਸ ਵਿੱਚ ਬਿਹਤਰ ਤਿਆਰੀ ਅਤੇ ਮਜ਼ਬੂਤ ??ਬੁਨਿਆਦੀ ਹੁਨਰਾਂ ਨਾਲ ਦਾਖਲ ਹੁੰਦੇ ਹਨ। ਬੱਚੇ ਦਾ ਸਕੂਲ ਵਿੱਚ ਦਾਖਲਾ ਉਸ ਦੇ ਜ਼ਿੰਦਗੀ ਭਰ ਦੇ ਸਿੱਖਣ ਅਤੇ ਸਮਾਜ ਨਾਲ ਜੁੜਨ ਦੀ ਸ਼ੁਰੂਆਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਹ ਯਾਤਰਾ ਖੁਸ਼ੀ, ਚੰਗੇ ਮਾਹੌਲ ਅਤੇ ਆਪਣੇਪਣ ਮਹਿਸੂਸ ਕਰਵਾਉਣ ਵਾਲਾ ਹੋਵੇ।

### ਸਿੱਖਣ ਦਾ ਸਫ਼ਰ: ਪਹਿਲੇ ਕਦਮ ਤੋਂ ਆਤਮ ਵਿਸ਼ਵਾਸ ਤੱਕ

ਸਕੂਲ ਦਾ ਪਹਿਲਾ ਦਿਨ ਖਾਸ ਹੁੰਦਾ ਹੈ। ਇਸ ਵਿੱਚ ਥੋੜ੍ਹੀ ਝਿਜਕ ਹੁੰਦੀ ਹੈ, ਤਾਂ ਨਵੀਂ ਸ਼ੁਰੂਆਤ ਦੀ ਖੁਸ਼ੀ ਵੀ ਹੁੰਦੀ ਹੈ। ਛੋਟੇ -ਛੋਟੇ ਬੱਚੇ ਆਪਣੇ ਵੱਡੇ-ਵੱਡੇ ਭਾਵ ਲੈ ਕੇ ਸਕੂਲ ਆਉਂਦੇ ਹਨ ਅਤੇ ਉਨ੍ਹਾਂ ਦੀਆਂ ਉਤਸੁਕ ਅੱਖਾਂ ਇੱਕ ਨਵੀਂ ਦੁਨੀਆਂ ਵੇਖਦੀਆਂ ਹਨ। ਜਦੋਂ ਬੱਚੇ ਖੁਦ ਨੂੰ ਸੁਰੱਖਿਅਤ ਅਤੇ ਮਹੱਤਵਪੂਰਨ ਮਹਿਸੂਸ ਕਰਦੇ ਹਨ, ਤਾਂ ਉਹ ਖੁੱਲ੍ਹਣ ਲੱਗ ਪੈਂਦੇ ਹਨ। ਉਹ ਜ਼ਿਆਦਾ ਹਿੱਸਾ ਲੈਂਦੇ ਹਨ, ਸਵਾਲ ਪੁੱਛਦੇ ਹਨ ਅਤੇ ਉਨ੍ਹਾਂ ਦੀ ਉਤਸੁਕਤਾ ਵਧਦੀ ਹੈ। ਹੌਲੀ-ਹੌਲੀ ਉਨ੍ਹਾਂ ਦਾ ਆਤਮਵਿਸ਼ਵਾਸ ਵੀ ਮਜ਼ਬੂਤ ??ਹੁੰਦਾ ਜਾਂਦਾ ਹੈ। ਸ਼ੁਰੂਆਤੀ ਸਾਲ ਖੇਡ, ਖੋਜ ਅਤੇ ਨਵੀਆਂ ਚੀਜ਼ਾਂ ਸਿੱਖਣ 'ਤੇ ਅਧਾਰਿਤ ਹੋਣੇ ਚਾਹੀਦੇ ਹਨ, ਇਹ ਹੀ ਜੀਵਨ ਭਰ ਦੀ ਸਿੱਖਣ ਦੀ ਯਾਤਰਾ ਦੀ ਸ਼ੁਰੂਆਤ ਹੈ।

ਚੰਗੇ ਰਿਸ਼ਤੇ ਬਹੁਤ ਮਾਇਨੇ ਰੱਖਦੇ ਹਨ। ਇੱਕ ਸਮਝਦਾਰ ਅਤੇ ਦੇਖਭਾਲ ਕਰਨ ਵਾਲਾ ਅਧਿਆਪਕ ਬੱਚੇ ਦੀ ਜ਼ਿੰਦਗੀ ਬਦਲ ਸਕਦਾ ਹੈ। ਸਹਿਯੋਗੀ ਕਲਾਸ ਦਾ ਮਾਹੌਲ ਬੱਚੇ ਦੀ ਚੁੱਪੀ ਨੂੰ ਭਾਗੀਦਾਰੀ ਵਿੱਚ ਅਤੇ ਭਾਗੀਦਾਰੀ ਨੂੰ ਆਤਮਵਿਸ਼ਵਾਸ ਵਿੱਚ ਬਦਲ ਸਕਦਾ ਹੈ। ਜਦੋਂ ਕਿ ਬੱਚਾ ਖੁਦ ਨੂੰ ਸੱਚਮੁੱਚ ਵਿੱਚ ਸਮਝਾ ਅਤੇ ਸੁਣਿਆ ਹੋਇਆ ਮਹਿਸੂਸ ਕਰਦਾ ਹੈ, ਤਾਂ ਜੋ ਉਸ ਦੀ ਉਤਸੁਕਤਾ ਹਿੰਮਤ ਵਿੱਚ ਬਦਲ ਜਾਂਦੀ ਹੈ। ਅਤੇ ਜਦੋਂ ਉਸ ਨੂੰ ਆਪਣਾਪਣ ਮਹਿਸੂਸ ਹੁੰਦਾ ਹੈ, ਤਾਂ ਉਹ ਆਪਣੀ ਆਵਾਜ਼ ਪਛਾਣਨ ਲਗਦਾ ਹੈ। ਇਨ੍ਹਾਂ ਸ਼ੁਰੂਆਤੀ ਵਰ੍ਹਿਆਂ ਦੇ ਕੇਂਦਰ ਵਿੱਚ ਬੁਨਿਆਦੀ ਸਾਖਰਤਾ ਅਤੇ ਅੰਕਗਣਿਤ ਪ੍ਰਤੀ ਇੱਕ ਮਜ਼ਬੂਤ ਰਾਸ਼ਟਰੀ ਵਚਨਬੱਧਤਾ ਨਿਹਿਤ ਹੈ। NIPUN ਭਾਰਤ ਮਿਸ਼ਨ ਰਾਹੀਂ, ਭਾਰਤ ਨੇ ਇੱਕ ਸਪੱਸ਼ਟ ਟੀਚਾ ਨਿਰਧਾਰਿਤ ਕੀਤਾ ਹੈ: ਕਲਾਸ 2 ਦੇ ਅੰਤ ਤੱਕ ਹਰੇਕ ਬੱਚਾ ਸਮਝ ਦੇ ਨਾਲ ਪੜ੍ਹ ਸਕਣ ਅਤੇ ਬੁਨਿਆਦੀ ਅੰਕਗਣਿਤ ਕਰ ਸਕਣ। ਧਿਆਨ ਜਵਾਬਾਂ ਨੂੰ ਰੱਟੇ ਮਾਰਨ ਤੋਂ ਹਟਾ ਕੇ ਧਾਰਨਾਵਾਂ ਨੂੰ ਸਮਝਣ 'ਤੇ ਕੇਂਦ੍ਰਿਤ ਹੈ। ਕਲਾਸਰੂਮਾਂ ਨੂੰ ਬੱਚਿਆਂ ਨੂੰ ਸਿਰਫ਼ ਜਵਾਬ ਦੁਹਰਾਉਣ ਦੀ ਬਜਾਏ ਸਵਾਲ ਪੁੱਛਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਦ੍ਰਿਸ਼ਟੀਕੋਣ ਅਕਾਦਮਿਕ ਸਿੱਖਿਆ ਤੋਂ ਪਰੇ ਹੈ। ਕਲਾ, ਖੇਡਾਂ ਅਤੇ ਕਦਰਾਂ-ਕੀਮਤਾਂ ਸਿੱਖਣ ਦੀਆਂ ਪ੍ਰਕਿਰਿਆ ਦੇ ਅਨਿੱਖੜਵੇਂ ਹਿੱਸੇ ਹਨ। ਸਿੱਖਿਆ ਨੂੰ 'ਸੰਪੂਰਨ ਬੱਚੇ' ਦਾ ਨਿਰਮਾਣ ਕਰਨਾ ਚਾਹੀਦਾ ਹੈ- ਨਾ ਸਿਰਫ਼ ਮਨ ਦਾ, ਸਗੋਂ ਸਰੀਰ ਅਤੇ ਦਿਲ ਦਾ ਵੀ। ਸਰੀਰਕ ਗਤੀਵਿਧੀ ਅਤੇ ਪੋਸ਼ਣ ਰੋਜ਼ਾਨਾ ਸਕੂਲੀ ਜੀਵਨ ਦੇ ਅਨਿੱਖੜਵੇਂ ਅੰਗ ਹਨ। ਇੱਕ ਸਿਹਤਮੰਦ ਬੱਚਾ ਬਿਹਤਰ ਸਿੱਖਦਾ ਹੈ, ਜ਼ਿਆਦਾ ਹਿੱਸਾ ਲੈਂਦਾ ਹੈ, ਅਤੇ ਆਤਮ-ਮਾਣ ਦੀ ਸਿਹਤਮੰਦ ਭਾਵਨਾ ਦੇ ਨਾਲ ਵਿਕਸਿਤ ਹੁੰਦਾ ਹੈ।

### ਉਭਰਦੀ ਚੁਣੌਤੀਆਂ ਦਾ ਸਾਹਮਣਾ

ਆਲਮੀ ਪੱਧਰ 'ਤੇ, ਬੱਚਿਆਂ ਦੀ ਜੀਵਨਸ਼ੈਲੀ ਵਿੱਚ ਮਹੱਤਵਪੂਰਨ ਬਦਲਾਅ ਆਇਆ ਹੈ। ਖਾਨ-ਪੀਣ ਦੀਆਂ ਆਦਤਾਂ ਵਿੱਚ ਬਦਲਾਅ ਅਤੇ ਸਰੀਰਕ ਗਤੀਵਿਧੀ ਵਿੱਚ ਕਮੀ ਕਈ ਦੇਸ਼ਾਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਭਾਰਤ ਇਸ ਚੁਣੌਤੀ ਦਾ ਸਰਗਰਮ ਤੌਰ 'ਤੇ ਸਾਹਮਣਾ ਕਰ ਰਿਹਾ ਹੈ। ਲਾਜ਼ਮੀ ਸਰੀਰਕ ਸਿੱਖਿਆ, ਸਕੂਲਾਂ ਵਿੱਚ ਮੋਟਾਪੇ ਨਾਲ ਨਜਿੱਠਣ ਲਈ 'ਔਇਲ ਬੋਰਡ' ਅਤੇ 'ਸ਼ੁਗਰ ਬੋਰਡ' ਜਿਹੇ ਉਪਾਅ ਅਤੇ ਪੋਸ਼ਣ ਗੁਣਵੱਤਾ 'ਤੇ ਵਿਸ਼ੇਸ਼ ਧਿਆਨ ਦੇਣ ਵਾਲੀ ਮਜ਼ਬੂਤ ਪੀਐੱਮ-ਪੋਸ਼ਣ ਯੋਜਨਾ ਸਕੂਲਾਂ ਨੂੰ ਸਿਹਤਮੰਦ ਅਤੇ ਸਰਗਰਮ ਜੀਵਨ ਸ਼ੈਲੀ ਵੱਲ ਲੈ ਜਾ ਰਿਹਾ ਹੈ। ਇਨ੍ਹਾਂ ਯਤਨਾਂ ਦਾ ਉਦੇਸ਼ ਇੱਕ ਅਜਿਹੀ ਪੀੜ੍ਹੀ ਦਾ ਨਿਰਮਾਣ ਕਰਨਾ ਹੈ ਜੋ ਸਿਹਤ ਨੂੰ ਸੰਪੂਰਨ ਵਿਕਾਸ ਦਾ ਕੇਂਦਰ ਮੰਨਦੀ ਹੈ।

ਹਾਲਾਂਕਿ ਤਕਨਾਲੋਜੀ ਸਿੱਖਿਆ ਅਤੇ ਪਹੁੰਚ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ, ਸੋਸ਼ਲ ਮੀਡੀਆ ਦੀ ਵਧਦੀ ਵਰਤੋਂ ਨਾਲ ਸਕ੍ਰੀਨ ਟਾਈਮ, ਧਿਆਨ ਅਤੇ ਮਾਨਸਿਕ ਸਿਹਤ ਨੂੰ ਲੈ ਕੇ ਚਿੰਤਾ ਵੱਧ ਰਹੀ ਹੈ। ਇਹ ਇੱਕ ਆਲਮੀ ਚਿੰਤਾ ਹੈ, ਨਾ ਕਿ ਸਿਰਫ ਭਾਰਤ ਤੱਕ ਸੀਮਿਤ ਹੈ। ਸਕੂਲਾਂ ਅਤੇ ਪਰਿਵਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਦੀ ਵਰਤੋਂ ਸਿੱਖਣ ਦੇ ਸਾਧਨ ਵਜੋਂ ਕੀਤਾ ਜਾਵੇਗਾ, ਨਾ ਕਿ ਧਿਆਨ ਭਟਕਾਉਣ ਦੇ ਸਾਧਨ ਵਜੋਂ।

ਇਸ ਦ੍ਰਿਸ਼ਟੀਕੋਣ ਵਿੱਚ ਬੱਚਿਆਂ ਦੀ ਮਾਨਸਿਕ ਅਤੇ ਭਾਵਨਾਤਮਕ ਭਲਾਈ ਵੀ ਮਹੱਤਵਪੂਰਨ ਹੈ। ਸਕੂਲੀ ਪਾਠਕ੍ਰਮ ਅਤੇ ਸਿੱਖਿਆ ਵਿਧੀਆਂ ਵਿੱਚ ਸਮਾਜਿਕ -ਭਾਵਨਾਤਮਕ ਸਿੱਖਿਆ ਨੂੰ ਸ਼ਾਮਲ ਕੀਤਾ ਗਿਆ ਹੈ ਤਾਂ ਜੋ ਬੱਚਿਆਂ ਦੇ ਵਿਕਾਸ ਵਿੱਚ ਸਹਿਯੋਗ ਮਿਲ ਸਕੇ, ਅਜਿਹੇ ਸਮੇਂ ਵਿੱਚ ਜਦੋਂ ਬੱਚੇ ਪਿਛਲੀ ਕਿਸੇ ਵੀ ਪੀੜ੍ਹੀ ਦੀ ਤੁਲਨਾ ਵਿੱਚ ਵਧੇਰੇ ਗੁੰਝਲਦਾਰ ਅਤੇ ਚੁਣੌਤੀਪੂਰਨ ਦੁਨੀਆ ਦਾ ਸਾਹਮਣਾ ਕਰ ਰਹੇ ਹਨ। ਸੁਰੱਖਿਆ ਅਤੇ ਤਣਾਅ ਮੁਕਤ ਵਾਤਾਵਰਣ ਬਣਾਉਣ ਲਈ ਸਕੂਲਾਂ, ਮਾਪਿਆਂ ਅਤੇ ਭਾਈਚਾਰਿਆਂ ਦੇ ਸਾਂਝੇ ਯਤਨ ਜ਼ਰੂਰੀ ਹਨ।

### ਸਿੱਖਿਆ ਦੀ ਭੂਮਿਕਾ

ਸੁਧਾਰ ਸਿਰਫ਼ ਨੀਤੀਗਤ ਦਸਤਾਵੇਜ਼ਾਂ ਰਾਹੀਂ ਬੱਚਿਆਂ ਤੱਕ ਨਹੀਂ ਪਹੁੰਚਦੇ; ਇਹ ਅਧਿਆਪਕਾਂ ਰਾਹੀਂ ਹੀ ਲਾਗੂ ਹੁੰਦਾ ਹੈ। ਉਹ ਹੀ ਸਿੱਖਿਆ ਦੇ ਪਰਿਵਰਤਨ ਦੇ ਸੱਚੇ ਸੂਤਰਧਾਰ ਹਨ, ਜੋ ਦੂਰ ਦ੍ਰਿਸ਼ਟੀ ਅਤੇ ਕਲਾਸਰੂਮ ਦੀ ਹਕੀਕਤ ਵਿਚਕਾਰ ਪਾੜੇ ਨੂੰ ਪੂਰਾ ਕਰਦੇ ਹਨ। ਅਧਿਆਪਕਾਂ ਨੂੰ ਬਹੁ-ਭਾਸ਼ਾਈ ਵਾਤਾਵਰਣ ਵਿੱਚ ਪੜ੍ਹਾਉਣਾ ਚਾਹੀਦਾ ਹੈ ਅਤੇ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚੇ ਦੀ ਮਾਤ੍ਰ ਭਾਸ਼ਾ ਦਾ ਸਨਮਾਨ ਕੀਤਾ ਜਾਵੇ ਅਤੇ ਉਸ ਨੂੰ ਸਿੱਖਣ ਲਈ ਸਸ਼ਕਤ ਸਾਧਨ ਵਜੋਂ ਵਰਤਿਆ ਜਾਵੇ। ਇਸ ਨੂੰ ਮਹੱਤਵ ਦੇ ਕੇ, ਅਸੀਂ ਇਹ ਹੀ ਯਕੀਨੀ ਬਣਾਉਂਦੇ ਹਾਂ ਕਿ ਰਸਮੀ ਸਿੱਖਿਆ ਵਿੱਚ ਉਨ੍ਹਾਂ ਦਾ ਸੰਕ੍ਰਮਣ ਸਹਿਜ, ਆਤਮਵਿਸ਼ਵਾਸ ਨਾਲ ਅਤੇ ਉਨ੍ਹਾਂ ਦੀ ਪਛਾਣ ਨਾਲ ਜੁੜਿਆ ਹੋਵੇ। ਮੈਂ ਆਪਣੇ ਅਧਿਆਪਕਾਂ ਨੂੰ ਤਾਕੀਦ ਕਰਦਾ ਹਾਂ ਕਿ ਉਹ ਹਰੇਕ ਬੱਚੇ ਦੀ ਗਤੀ, ਸ਼ਖਸਿਅਤ ਦਾ ਸਨਮਾਨ ਕਰਦੇ ਹੋਏ ਅਤੇ ਆਪਣੀ ਦੇਖਭਾਲ ਵਿੱਚ ਹਰੇਕ ਵਿਦਿਆਰਥੀ ਦੀ ਭਾਵਨਾਤਮਕ ਅਤੇ ਮਾਨਸਿਕ ਭਲਾਈ ਪ੍ਰਤੀ ਸੁਚੇਤ ਰਹਿੰਦੇ ਹੋਏ ਯੋਗਤਾ-ਅਧਾਰਿਤ ਸਿੱਖਿਆ ਨੂੰ ਤਰਜੀਹ ਦੇਣ।

### ਮਾਪਿਆਂ ਦੀ ਭੂਮਿਕਾ

ਸਿੱਖਿਆ ਸਕੂਲ ਦੇ ਦਰਵਾਜ਼ਿਆਂ ਤੋਂ ਸ਼ੁਰੂ ਜਾਂ ਖ਼ਤਮ ਨਹੀਂ ਹੁੰਦੀ। ਘਰ ਹੀ ਪਹਿਲਾ ਕਲਾਸਰੂਮ ਹੁੰਦਾ ਹੈ ਅਤੇ ਮਾਪੇ ਹੀ ਪਹਿਲੇ ਅਧਿਆਪਕ। ਘਰ ਵਿੱਚ ਬੱਚੇ ਜੋ ਅਨੁਭਵ ਪ੍ਰਾਪਤ ਕਰਦੇ ਹਨ, ਉਹ ਹੀ ਉਨ੍ਹਾਂ ਦੇ ਸਕੂਲ ਵਿੱਚ ਸਿੱਖਣ ਦੇ ਤਰੀਕੇ ਨੂੰ ਆਕਾਰ ਦਿੰਦੇ ਹਨ। ਪੜ੍ਹਨ ਦੀ ਆਦਤ ਨੂੰ ਹੁਲਾਰਾ ਦੇਣਾ ਅਤੇ ਬੱਚੇ ਦੇ ਸਵਾਲਾਂ ਦੇ ਧੀਰਜ ਨਾਲ ਜਵਾਬ ਦੇਣਾ, ਗਿਆਨ ਦੀ ਉਤਸੁਕਤਾ ਨੂੰ ਪੋਸ਼ਿਤ ਕਰਨ ਦੇ ਸੂਖਮ ਕਾਰਜ ਹਨ। ਮੈਂ ਮਾਪਿਆਂ ਨੂੰ ਤਾਕੀਦ ਕਰਦਾ ਹਾਂ ਕਿ ਉਹ ਯਕੀਨੀ ਬਣਾਉਣ ਕੀ ਬੱਚਿਆਂ ਨੂੰ ਸੰਤੁਲਿਤ ਪੋਸ਼ਣ ਅਤੇ ਲੋੜੀਂਦੀ ਨੀਂਦ ਮਿਲੇ, ਉਨ੍ਹਾਂ ਨੂੰ ਰੋਜ਼ਾਨਾ ਜ਼ਰੂਰੀ ਸਰੀਰਕ ਗਤੀਵਿਧੀ ਅਤੇ ਬਾਹਰੀ ਵਾਤਾਵਰਣ ਦਾ ਅਨੁਭਵ ਮਿਲੇ। ਮਾਪਿਆਂ ਨੂੰ ਸਕੂਲ ਨਾਲ ਸਰਗਰਮ ਤੌਰ 'ਤੇ ਜੁੜਨਾ ਚਾਹੀਦਾ ਹੈ ਅਤੇ ਬੱਚੇ ਦੀ ਸਫਲਤਾ ਨੂੰ ਸਿਰਫ਼ ਗ੍ਰੇਡਾਂ ਦੇ ਅਧਾਰ 'ਤੇ ਹੀ ਨਹੀਂ, ਸਗੋਂ ਉਨ੍ਹਾਂ ਦੇ ਆਤਮ-ਵਿਸ਼ਵਾਸ, ਦਿਆਲਤਾ ਅਤੇ ਸਿੱਖਣ ਵਿੱਚ ਨਿਰੰਤਰ ਦਿਲਚਸਪੀ ਦੇ ਅਧਾਰ 'ਤੇ ਵੀ ਮਾਪਣਾ ਚਾਹੀਦਾ ਹੈ। ਮਾਪੇ ਆਪਣੇ ਬੱਚੇ ਨੂੰ ਜੋ ਸਭ ਤੋਂ ਵੱਡਾ ਤੋਹਫ਼ਾ ਦੇ ਸਕਦੇ ਹਨ, ਉਹ ਹੈ ਇਹ ਵਿਸ਼ਵਾਸ ਦਿਵਾਉਣਾ ਕਿ ਸਿੱਖਣਾ ਅਸਲ ਵਿੱਚ ਅਨੰਦਮਈ ਹੈ।

### ਇੱਕ ਸਾਂਝੀ ਰਾਸ਼ਟਰੀ ਵਚਨਬੱਧਤਾ

ਸਿੱਖਿਆ ਇੱਕ ਸਾਂਝੀ ਜ਼ਿੰਮੇਵਾਰੀ ਹੈ। ਇਹ ਸਰਕਾਰਾਂ, ਸਕੂਲਾਂ, ਅਧਿਆਪਕਾਂ, ਮਾਪਿਆਂ ਅਤੇ ਭਾਈਚਾਰਿਆਂ ਦੀ ਜ਼ਿੰਮੇਵਾਰੀ ਹੈ। ਹਰੇਕ ਹਿਤਧਾਰਕਾਂ ਦੀ ਇਸ ਵਿੱਚ ਭੂਮਿਕਾ ਹੁੰਦੀ ਹੈ। ਹਰ ਬੱਚੇ ਨੂੰ ਸਿੱਖਣ ਦੀ ਯਾਤਰਾ ਵਿੱਚ ਦੇਖਿਆ, ਸੁਣਿਆ ਅਤੇ ਮਾਰਗਦਰਸ਼ਨ ਕੀਤਾ ਜਾਣਾ ਚਾਹੀਦਾ ਹੈ। ਸਾਡੀ ਸਿੱਖਿਆ ਪ੍ਰਣਾਲੀ ਦੀ ਅਸਲ ਪਛਾਣ ਕੁਝ ਚੁਣੇ ਹੋਏ ਉੱਚ ਪ੍ਰਾਪਤੀਆਂ ਹਾਸਲ ਕਰਨ ਵਾਲੀਆਂ ਤੋਂ ਨਹੀਂ, ਸਗੋਂ ਇਸ ਗੱਲ ਤੋਂ ਹੁੰਦੀ ਹੈ ਕਿ ਪਿਛੋਕੜ ਦੀ ਪਰਵਾਹ ਕੀਤੇ ਬਿਨਾ ਹਰ ਬੱਚਾ ਆਤਮ-ਵਿਸ਼ਵਾਸ ਅਤੇ ਖੁਸ਼ੀ ਨਾਲ ਸਿੱਖਦਾ ਹੈ ਜਾਂ ਨਹੀਂ। ਆਓ, ਸਮਾਵੇਸ਼ੀ, ਨਵੀਨਤਾਕਾਰੀ ਅਤੇ ਭਵਿੱਖ ਲਈ ਤਿਆਰ ਸਿੱਖਿਆ ਪ੍ਰਣਾਲੀ ਦੇ ਨਿਰਮਾਣ ਪ੍ਰਤੀ ਆਪਣੀ ਰਾਸ਼ਟਰੀ ਵਚਨਬੱਧਤਾ ਨੂੰ ਦੁਹਰਾਉਂਦਾ ਹੈ। ਇਕੱਠੇ ਮਿਲ ਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਹਰ ਕਲਾਸਰੂਮ ਸੁਪਨਿਆਂ ਨੂੰ ਸਾਕਾਰ ਕਰਨ ਦਾ ਸਥਾਨ ਬਣੇ ਅਤੇ ਆਉਣ ਵਾਲੇ ਕਲ੍ਹ ਦੇ ਲੀਡਰਾਂ ਦਾ ਨਿਰਮਾਣ ਹੋਵੇ। 2047 ਤੱਕ ਵਿਕਸਿਤ ਭਾਰਤ ਦੇ ਮੋਢੀ ਅੱਜ ਸਾਡੇ ਕਲਾਸਰੂਮਾਂ ਵਿੱਚ ਮੌਜੂਦ ਹਨ। ਆਓ, ਉਨ੍ਹਾਂ ਨੂੰ ਉਡਾਣ ਭਰਣ ਲਈ ਸੁਨਹਿਰੇ ਖੰਭ ਦੇਈਏ।

(ਲੇਖਕ ਕੇਂਦਰੀ ਸਿੱਖਿਆ ਮੰਤਰੀ ਹਨ)

# ਡੀਆਈਜੀ ਇੰਦਰਬੀਰ ਸਿੰਘ ਵਿਰੁੱਧ ਮਾਮਲੇ 'ਚ ਕਾਰਵਾਈ ਲਈ ਮਨਜ਼ੂਰੀ; ਚਾਰਜਸ਼ੀਟ ਦਾਇਰ ਕਰਨ ਦਾ ਰਾਹ ਸਾਫ਼

**ਚੰਡੀਗੜ੍ਹ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਨੇ 2007 ਬੈਚ ਦੇ ਆਈ.ਪੀ.ਐਸ. ਅਧਿਕਾਰੀ ਡੀ.ਆਈ.ਜੀ. ਇੰਦਰਬੀਰ ਸਿੰਘ ਵਿਰੁੱਧ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਨਾਲ ਸੰਬੰਧਿਤ ਕਥਿਤ ਮਾਮਲਿਆਂ ਵਿੱਚ ਅਦਾਲਤੀ ਕਾਰਵਾਈ ਲਈ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ ਜਾ ਸਕਦੀ ਹੈ।

ਇਹ ਮਾਮਲਾ ਸਾਲ 2022 ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਇੰਦਰਬੀਰ ਸਿੰਘ ਵਿਰੁੱਧ ਦੋ ਵੱਖ-ਵੱਖ ਸ਼ਿਕਾਇਤਾਂ ਦੇ ਆਧਾਰ 'ਤੇ ਜਾਂਚ ਕੀਤੀ ਜਾ ਰਹੀ ਹੈ। ਪਹਿਲੇ ਮਾਮਲੇ ਵਿੱਚ ਤਰਨਤਾਰਨ ਵਿੱਚ ਦਰਜ ਇੱਕ ਐਨ.ਡੀ.ਪੀ.ਐਸ. ਕੇਸ ਨਾਲ ਸੰਬੰਧਿਤ ਕਥਿਤ ਤੌਰ 'ਤੇ ਇੱਕ ਦੋਸ਼ੀ ਨੂੰ ਲਾਭ ਪਹੁੰਚਾਉਣ ਦੇ ਆਰੋਪਾਂ ਦੀ ਜਾਂਚ ਕੀਤੀ ਜਾ ਰਹੀ ਹੈ। ਦੂਜੇ ਮਾਮਲੇ ਵਿੱਚ ਇੱਕ ਪੁਲਿਸ ਸਬ-ਇੰਸਪੈਕਟਰ ਨਾਲ ਸੰਬੰਧਿਤ ਸ਼ਿਕਾਇਤ 'ਚ ਦਬਾਅ ਬਣਾ ਕੇ ਗਲਤ ਲਾਭ ਮੰਗਣ ਦੇ ਕਥਿਤ ਦੋਸ਼ਾਂ ਦੀ ਜਾਂਚ ਹੋਈ ਹੈ। ਵਿਜੀਲੈਂਸ ਵਿਭਾਗ ਵੱਲੋਂ ਲੰਬੇ ਸਮੇਂ ਤੋਂ ਇਹ ਜਾਂਚ ਜਾਰੀ ਸੀ। ਕਾਨੂੰਨੀ ਪ੍ਰਕਿਰਿਆ ਅਨੁਸਾਰ, ਉੱਚ ਅਧਿਕਾਰੀ ਵਿਰੁੱਧ ਮੁਕੱਦਮਾ ਚਲਾਉਣ ਲਈ ਸਰਕਾਰੀ ਮਨਜ਼ੂਰੀ ਲਾਜ਼ਮੀ ਹੁੰਦੀ ਹੈ, ਜੋ ਹੁਣ ਪ੍ਰਾਪਤ ਹੋ ਚੁੱਕੀ ਹੈ। ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਮਾਮਲੇ ਦੀ ਅਗਲੀ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾਵੇਗੀ ਅਤੇ ਇਨ੍ਹਾਂ ਆਰੋਪਾਂ ਬਾਰੇ ਅੰਤਿਮ ਫੈਸਲਾ ਅਦਾਲਤ ਵੱਲੋਂ ਹੀ ਕੀਤਾ ਜਾਵੇਗਾ।

# ਪੰਚਕੂਲਾ ਵਿੱਚ ਰਿਸ਼ਵਤ ਲੈਂਦਾ ਡਿਵੀਜ਼ਨਲ ਅਕਾਊਂਟੈਂਟ ਰੰਗੇ ਹੱਥੀਂ ਕਾਬੂ

**ਪੰਚਕੂਲਾ, 69 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਵਿਜੀਲੈਂਸ ਅਤੇ ਐਂਟੀ ਕਰਪਸ਼ਨ ਬਿਊਰੋ ਵੱਲੋਂ ਵੱਡੀ ਕਾਰਵਾਈ ਕਰਦਿਆਂ ਮਾਰਕੀਟਿੰਗ ਬੋਰਡ ਦੇ ਡਿਵੀਜ਼ਨਲ ਅਕਾਊਂਟੈਂਟ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਦੋਸ਼ੀ ਦੀ ਪਛਾਣ ਹਰਦੇਵ ਸਿੰਘ ਵਜੋਂ ਹੋਈ ਹੈ, ਜੋ ਸੈਕਟਰ-20 ਪੰਚਕੂਲਾ ਵਿੱਚ ਤਾਇਨਾਤ ਹੈ।

ਸ਼ਿਕਾਇਤਕਰਤਾ ਹੇਮੰਤ ਸ਼ਰਮਾ ਪੁੱਤਰ ਤੇਜਪਾਲ, ਵਾਸੀ ਫਲੈਟ ਨੰਬਰ 1001, 78-13, ਸੈਕਟਰ-27 ਪੰਚਕੂਲਾ (ਕੰਟਰੈਕਟਰ) ਨੇ ਦੋਸ਼ ਲਗਾਇਆ ਕਿ ਦੋਸ਼ੀ ਉਸ ਦੇ ਬਕਾਇਆ ਬਿੱਲ ਪਾਸ ਕਰਨ ਲਈ ਕੁੱਲ 28,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਇਸ ਵਿੱਚੋਂ 5,000 ਰੁਪਏ ਪਹਿਲਾਂ ਹੀ ਐਡਵਾਂਸ ਵਜੋਂ ਲੈ ਚੁੱਕਿਆ ਸੀ ਅਤੇ ਬਾਕੀ 23,000 ਰੁਪਏ ਦੀ ਮੰਗ ਕਰ ਰਿਹਾ ਸੀ। ਸ਼ਿਕਾਇਤ ਦੇ ਆਧਾਰ 'ਤੇ ਵਿਜੀਲੈਂਸ ਟੀਮ ਵੱਲੋਂ ਜਾਲ ਬਿਛਾਇਆ ਗਿਆ। ਡੀਐਸਪੀ ਜੁਗਲ ਕਿਸ਼ੋਰ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਦੋਸ਼ੀ ਹਰਦੇਵ ਸਿੰਘ ਨੂੰ 23,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਦੌਰਾਨ ਮੌਕੇ ਤੋਂ 5,000 ਰੁਪਏ ਦੀ ਬਰਾਮਦਗੀ ਕੀਤੀ ਗਈ।

ਇਸ ਮਾਮਲੇ ਵਿੱਚ ਥਾਣਾ ਵਿਜੀਲੈਂਸ ਬਿਊਰੋ, ਪੰਚਕੂਲਾ ਵਿੱਚ ਐਫਆਈਆਰ ਨੰਬਰ 06 ਮਿਤੀ 06.04.2026 ਅਧੀਨ ਧਾਰਾ 7 ਭ੍ਰਿਸ਼ਟਾਚਾਰ ਰੋਕੂ ਐਕਟ 1988 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਕਾਰਵਾਈ ਦੌਰਾਨ ਗੈਜ਼ਿਟਡ ਅਧਿਕਾਰੀ ਵਜੋਂ ਰਾਜਤ ਸੈਨੀ, ਐਸਡੀਓ ਪੰਚਾਇਤੀ ਰਾਜ, ਪੰਚਕੂਲਾ ਵੀ ਮੌਜੂਦ ਰਹੇ।
ਵਿਜੀਲੈਂਸ ਬਿਊਰੋ ਵੱਲੋਂ ਅੱਗੇ ਦੀ ਜਾਂਚ ਜਾਰੀ ਹੈ।

# ਭਗਵੰਤ ਮਾਨ ਸਰਕਾਰ ਵੱਲੋਂ ਟੈਕਸ ਚੋਰੀ 'ਤੇ ਰਿਕਾਰਡ ਇਨਫੋਰਸਮੈਂਟ ਨਾਲ ਸ਼ਿਕੰਜਾ ਕੱਸਦਿਆਂ 1,137 ਕਰੋੜ ਰੁਪਏ ਦੀ ਵਸੂਲੀ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਟੈਕਸ ਚੋਰੀ ਵਿਰੁੱਧ ਜ਼ੀਰੋ-ਟੌਲਰੈਂਸ ਨੀਤੀ ਨੂੰ ਦੁਹਰਾਉਂਦੇ ਹੋਏ, ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਨੇ ਵਿੱਤੀ ਸਾਲ 2025-26 ਵਿੱਚ ਇਨਫੋਰਸਮੈਂਟ ਦੇ ਖੇਤਰ ਵਿੱਚ ਰਿਕਾਰਡ ਨਤੀਜੇ ਪ੍ਰਾਪਤ ਕੀਤੇ ਹਨ, ਜੋ ਖੁਫੀਆ ਜਾਣਕਾਰੀ ਅਧਾਰਤ ਕਾਰਵਾਈ ਅਤੇ ਮਾਲੀਏ ਦੀ ਮਜ਼ਬੂਤ ਸੁਰੱਖਿਆ ਵੱਲ ਇੱਕ ਨਿਰਣਾਇਕ ਬਦਲਾਅ ਨੂੰ ਦਰਸਾਉਂਦਾ ਹੈ।

ਕਾਰਗੁਜ਼ਾਰੀ ਦਾ ਵੇਰਵਾ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟਸ ਦੀਆਂ ਫੋਕਸਡ ਅਤੇ ਖੁਫੀਆ ਜਾਣਕਾਰੀ ਅਧਾਰਤ ਕਾਰਵਾਈਆਂ ਸਦਕਾ, ਸੂਬੇ ਦੇ ਕਰ ਵਿਭਾਗ ਨੇ ਵਿੱਤੀ ਸਾਲ 2025-26 ਦੌਰਾਨ 1,383.11 ਕਰੋੜ ਰੁਪਏ ਦੇ ਭਾਰੀ ਜੁਰਮਾਨੇ ਲਗਾਏ। ਇਸ ਲਗਾਏ ਗਏ ਜੁਰਮਾਨੇ ਵਿੱਚੋਂ 1,137.85 ਕਰੋੜ ਰੁਪਏ ਪਹਿਲਾਂ ਹੀ ਵਸੂਲ ਕੀਤੇ ਜਾ ਚੁੱਕੇ ਹਨ, ਜੋ ਇਨਫੋਰਸਮੈਂਟ ਦੀ ਕੁਸ਼ਲਤਾ ਅਤੇ ਮਾਲੀਆ ਵਸੂਲੀ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਨੂੰ ਦਰਸਾਉਂਦਾ ਹੈ।

ਇਸ ਸਫਲਤਾ ਦੀ ਰੀੜ੍ਹ ਦੀ ਹੱਡੀ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ, ਨਿਰੀਖਣ-ਅਧਾਰਤ ਇਨਫੋਰਸਮੈਂਟ ਨੇ ਮੁੱਖ ਭੂਮਿਕਾ ਨਿਭਾਈ, ਜਿਸ ਵਿੱਚ 1,215.95 ਕਰੋੜ ਰੁਪਏ ਦਾ ਜੁਰਮਾਨਾ ਅਤੇ 972.15 ਕਰੋੜ ਰੁਪਏ ਦੀ ਅਸਲ ਵਸੂਲੀ ਸ਼ਾਮਲ ਹੈ। ਇਸ ਦੇ ਨਾਲ ਹੀ, ਸੜਕੀ ਚੈਕਿੰਗ ਮੁਹਿੰਮਾਂ ਨੇ 165.71 ਕਰੋੜ ਰੁਪਏ ਦਾ ਠੋਸ ਯੋਗਦਾਨ ਪਾਇਆ। ਇਹ ਕਾਰਗੁਜ਼ਾਰੀ ਵਿੱਤੀ ਸਾਲ 2024-25 ਦੇ ਮੁਕਾਬਲੇ ਕਈ ਗੁਣਾ ਸੁਧਾਰ ਨੂੰ ਦਰਸਾਉਂਦੀ ਹੈ। ਸਾਲ 2024-25 ਦੌਰਾਨ ਨਿਰੀਖਣ ਇਨਫੋਰਸਮੈਂਟ ਦੇ ਨਤੀਜੇ ਵਜੋਂ 147.28 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਸੀ ਅਤੇ 41.53 ਕਰੋੜ ਰੁਪਏ ਵਸੂਲੇ ਗਏ ਸੀ, ਅਤੇ



ਸੜਕੀ ਚੈਕਿੰਗ ਦੀ ਵਸੂਲੀ 157.14 ਕਰੋੜ ਰੁਪਏ ਰਹੀ ਸੀ। ਵਿੱਤੀ ਸਾਲ 2025-26 ਵਿੱਚ ਇਹ ਭਾਰੀ ਵਾਧਾ ਸੂਬੇ ਦੀ ਖੋਜ, ਇਨਫੋਰਸਮੈਂਟ ਅਤੇ ਅਸਲ ਵਿੱਤੀ ਵਸੂਲੀ ਦੀ ਸਮਰੱਥਾ ਵਿੱਚ ਇੱਕ ਵੱਡੇ ਬਦਲਾਅ ਨੂੰ ਉਜਾਗਰ ਕਰਦਾ ਹੈ।

ਧੋਖੇਬਾਜ਼ ਨੈੱਟਵਰਕਾਂ 'ਤੇ ਸਖ਼ਤੀ ਦਾ ਜ਼ਿਕਰ ਕਰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਟੈਕਸ ਵਿਭਾਗ ਨੇ ਸਾਲ ਭਰ ਵਿੱਚ 8 ਐਫ.ਆਈ.ਆਰ. ਅਤੇ 15 ਗ੍ਰਿਫਤਾਰੀਆਂ ਕੀਤੀਆਂ। ਦੋ ਸਭ ਤੋਂ ਪ੍ਰਮੁੱਖ ਐਫ.ਆਈ.ਆਰਜ਼ ਵਿੱਚ ਸੱਤ ਵਿਅਕਤੀ ਸ਼ਾਮਲ ਸਨ ਅਤੇ 385 ਕਰੋੜ ਰੁਪਏ ਦੇ ਧੋਖੇਬਾਜ਼ ਲੈਣ-ਦੇਣ ਦਾ ਪਰਦਾਫਾਸ਼ ਹੋਇਆ। ਇਹਨਾਂ ਟੀਚਾਗਤ ਕਾਰਵਾਈਆਂ ਨੇ ਮਾਲ ਦੀ ਅਸਲ ਸਪਲਾਈ ਤੋਂ ਬਿਨਾਂ ਇਨਵੌਇਸ ਜਾਰੀ ਕਰਨ ਵਾਲੀਆਂ ਫਰਮਾਂ ਦੁਆਰਾ ਕੀਤੀ ਗਈ 69.57 ਕਰੋੜ ਰੁਪਏ ਦੀ ਟੈਕਸ ਚੋਰੀ ਦਾ ਪਰਦਾਫਾਸ਼ ਕੀਤਾ।

ਉਨ੍ਹਾਂ ਅੱਗੇ ਕਿਹਾ, ਮਾਲ ਦੀ ਗੈਰ-ਕਾਨੂੰਨੀ ਢੋਆ-ਢੁਆਈ ਅਤੇ ਧੋਖੇਬਾਜ਼ ਬਿਲਿੰਗ ਨੈੱਟਵਰਕਾਂ ਵਿਰੁੱਧ ਠੋਸ ਕਾਰਵਾਈ ਕਰਨ ਲਈ ਬਠਿੰਡਾ, ਮੰਡੀ ਗੋਬਿੰਦਗੜ੍ਹ, ਲੁਧਿਆਣਾ ਅਤੇ ਚੰਡੀਗੜ੍ਹ ਵਿੱਚ ਹੋਰ ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ। ਇੱਕ ਬਹੁਤ ਹੀ ਮਹੱਤਵਪੂਰਨ ਕਾਰਵਾਈ ਵਿੱਚ 9 ਕਰੋੜ ਰੁਪਏ ਤੋਂ ਵੱਧ ਦਾ ਫਰਜ਼ੀ ਇਨਪੁਟ ਟੈਕਸ ਕ੍ਰੈਡਿਟ ਪਾਸ ਕਰਨ ਲਈ ਲੁਧਿਆਣਾ ਸਥਿਤ ਇੱਕ ਮਾਲਕ ਨੂੰ ਗ੍ਰਿਫਤਾਰ ਕੀਤਾ ਗਿਆ।

ਉਨ੍ਹਾਂ ਅੱਗੇ ਦੱਸਿਆ, ਵਿਭਾਗ ਦੇ ਆਧੁਨਿਕ ਖੁਫੀਆ ਨੈੱਟਵਰਕ ਨੇ ਕਈ ਵੱਡੇ ਪਰਦਾਫਾਸ਼ ਕੀਤੇ, ਜਿਨ੍ਹਾਂ ਵਿੱਚ ਲੁਧਿਆਣਾ ਵਿੱਚ ਸੋਨੇ ਦੇ ਲੈਣ-ਦੇਣ ਵਿੱਚ 900 ਕਰੋੜ ਰੁਪਏ ਦੀ ਜਾਅਲੀ ਬਿਲਿੰਗ, ਮੋਹਾਲੀ, ਖਰੜ ਅਤੇ ਕੋਟਕਪੂਰਾ ਵਿੱਚ ਨਜਾਇਜ਼ ਕੋਲੇ ਦੇ ਲੈਣ-ਦੇਣ ਵਿੱਚ 226 ਕਰੋੜ ਰੁਪਏ, ਅਤੇ ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ ਵਿੱਚ ਕੰਮ ਕਰ ਰਹੇ 423 ਕਰੋੜ ਰੁਪਏ ਦੇ ਬੋਗਸ ਬਿਲਿੰਗ ਨੈੱਟਵਰਕ ਸ਼ਾਮਲ ਹਨ। ਇਸ ਤੋਂ ਇਲਾਵਾ, ਗੁੰਝਲਦਾਰ ਜਾਂਚ ਦੌਰਾਨ 'ਪੇਟ ਪੂਜਾ ਐਪ' ਨਾਲ ਜੁੜੇ 200 ਕਰੋੜ ਰੁਪਏ ਦੇ ਘੁਟਾਲੇ ਦਾ ਪਰਦਾਫਾਸ਼ ਹੋਇਆ, ਜੋ ਆਧੁਨਿਕ ਟੈਕਸ ਚੋਰੀ ਨੈੱਟਵਰਕਾਂ ਦੇ ਵੱਡੇ ਪੱਧਰ ਅਤੇ ਗੁੰਝਲਦਾਰ ਸੁਭਾਅ ਨੂੰ ਉਜਾਗਰ ਕਰਦਾ ਹੈ। ਵੈਰੀਫਿਕੇਸ਼ਨ ਮੁਹਿੰਮਾਂ ਬਾਰੇ ਵਿੱਤ ਮੰਤਰੀ ਨੇ ਕਿਹਾ, ਫੋਕਸਡ ਵੈਰੀਫਿਕੇਸ਼ਨ ਅਭਿਆਸਾਂ ਦੌਰਾਨ 1,579 ਸ਼ੱਕੀ ਡੀਲਰਾਂ ਦੀ ਪਛਾਣ ਕੀਤੀ ਗਈ। ਸਖ਼ਤ ਚੈਕਿੰਗ ਤੋਂ ਬਾਅਦ, ਇਹਨਾਂ ਵਿੱਚੋਂ 922 ਸੰਸਥਾਵਾਂ ਦੀ ਕੋਈ ਹੋਂਦ ਹੀ ਨਹੀਂ ਪਾਈ ਗਈ ਅਤੇ ਕੇਂਦਰ ਸਰਕਾਰ ਨਾਲ ਤਾਲਮੇਲ ਕਰਕੇ ਉਹਨਾਂ ਦੀ ਰਜਿਸਟ੍ਰੇਸ਼ਨ ਰੱਦ ਕਰ ਦਿੱਤੀ ਗਈ।

ਆਈ.ਟੀ.ਸੀ. ਬਚਾਅ ਉਪਾਵਾਂ 'ਤੇ ਜ਼ੋਰ ਦਿੰਦਿਆਂ, ਉਨ੍ਹਾਂ ਕਿਹਾ, ਮਜ਼ਬੂਤ ਇਨਪੁਟ ਟੈਕਸ ਕ੍ਰੈਡਿਟ ਕੰਟਰੋਲ ਉਪਾਵਾਂ ਦੇ ਨਤੀਜੇ ਵਜੋਂ 244.82 ਕਰੋੜ ਰੁਪਏ ਨੂੰ ਸਰਗਰਮੀ ਨਾਲ ਬਲਾਕ ਕੀਤਾ ਗਿਆ ਅਤੇ 206.64 ਕਰੋੜ ਰੁਪਏ ਦੀ ਵਾਪਸੀ ਸੁਨਿਸ਼ਚਿਤ ਕੀਤੀ ਗਈ। ਇਹਨਾਂ ਸਰਗਰਮ ਕਦਮਾਂ ਨੇ ਸਿੱਧੀ ਨਕਦ ਵਸੂਲੀ ਰਾਹੀਂ ਪ੍ਰਾਪਤ ਕੀਤੇ ਵਾਧੂ 19.08 ਕਰੋੜ ਰੁਪਏ ਦੇ ਨਾਲ-ਨਾਲ ਸੂਬੇ ਦੇ ਫੰਡਾਂ ਵਿੱਚ 451.46 ਕਰੋੜ ਰੁਪਏ ਨੂੰ ਸਫਲਤਾਪੂਰਵਕ ਬਚਾਇਆ।

ਫੀਲਡ ਇਨਫੋਰਸਮੈਂਟ ਵਿੱਚ ਤੇਜ਼ੀ ਨੂੰ ਉਜਾਗਰ ਕਰਦਿਆਂ ਉਨ੍ਹਾਂ ਅੱਗੇ ਕਿਹਾ, ਮੰਡੀ ਗੋਬਿੰਦਗੜ੍ਹ ਅਤੇ ਲੁਧਿਆਣਾ ਵਿਖੇ ਇੱਕੋ ਸਮੇਂ ਚਲਾਈ ਗਈ ਇੱਕ ਵਿਸ਼ੇਸ਼ ਮੁਹਿੰਮ ਦੌਰਾਨ, ਇੱਕ ਦਿਨ ਵਿੱਚ ਰਿਕਾਰਡ 141 ਵਾਹਨਾਂ ਨੂੰ ਜ਼ਬਤ ਕੀਤਾ ਗਿਆ। ਵਿਭਾਗ ਨੇ ਆਇਰਨ ਐਂਡ ਸਟੀਲ, ਸੀਮੈਂਟ, ਆਟੋ ਪਾਰਟਸ, ਤੰਬਾਕੂ ਅਤੇ ਧਾਤਾਂ ਵਰਗੇ ਉੱਚ-ਜੋਖਮ ਵਾਲੇ ਸੈਕਟਰਾਂ 'ਤੇ ਵਿਸ਼ੇਸ਼ ਨਜ਼ਰ ਰੱਖਦਿਆਂ ਰੇਲਵੇ ਸਟੇਸ਼ਨਾਂ ਅਤੇ ਪ੍ਰਮੁੱਖ ਟਰਾਂਜ਼ਿਟ ਪੁਆਇੰਟਾਂ 'ਤੇ ਵੀ ਇਨਫੋਰਸਮੈਂਟ ਨੂੰ ਮਜ਼ਬੂਤ ਕੀਤਾ।

# ਮਾਛੀਵਾੜਾ ਸ਼ਮਸ਼ਾਨ ਘਾਟ ਵਿੱਚ ਅਸਥੀਆਂ ਨਾਲ ਛੇੜਛਾੜ ਦਾ ਮਾਮਲਾ, ਪੁਲਸ ਜਾਂਚ 'ਚ ਜੁਟੀ

**ਮਾਛੀਵਾੜਾ ਸਾਹਿਬ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਸ਼ਮਸ਼ਾਨ ਘਾਟ ਵਿੱਚ ਬੀਤੇ ਕੱਲ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਮਾਛੀਵਾੜਾ ਸ਼ਮਸ਼ਾਨਘਾਟ ਵਿਖੇ ਵਿਅਕਤੀ ਦੇ ਅੰਤਮ ਸਸਕਾਰ ਤੋਂ ਬਾਅਦ ਪਰਿਵਾਰ ਅਸਥੀਆਂ ਇਕੱਤਰ ਕਰਨ ਗਿਆ ਤਾਂ ਉੱਥੋਂ ਦਾ ਦ੍ਰਿਸ਼ ਦੇਖ ਕੇ ਦੰਗ ਰਹਿ ਗਿਆ ।ਜਾਣਕਾਰੀ ਮੁਤਾਬਕ ਮਾਛੀਵਾੜਾ ਵਿਖੇ ਵਾਲਮੀਕਿ ਭਾਈਚਾਰੇ ਨਾਲ ਸਬੰਧਤ ਤੇ ਸਫ਼ਾਈ ਯੂਨੀਅਨ ਪ੍ਰਧਾਨ ਰਹੇ ਪ੍ਰੇਮ ਸਾਗਰ ਦਾ 4 ਅਪ੍ਰੈਲ ਨੂੰ ਦੇਹਾਂਤ ਹੋ ਗਿਆ ਸੀ। ਸ਼ਨੀਵਾਰ ਸ਼ਾਮ 4 ਵਜੇ ਪਰਿਵਾਰ ਵੱਲੋਂ ਮਾਛੀਵਾੜਾ ਸ਼ਮਸ਼ਾਨਘਾਟ ਵਿਖੇ ਉਨ੍ਹਾਂ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ। ਐਤਵਾਰ ਸਵੇਰੇ ਕਰੀਬ 9 ਵਜੇ ਜਦੋਂ ਪਰਿਵਾਰਕ ਮੈਂਬਰ ਸ਼ਮਸ਼ਾਨਘਾਟ ਵਿਖੇ ਅਸਥੀਆਂ ਇਕੱਤਰ ਕਰਨ ਗਏ ਤਾਂ ਦੇਖਿਆ ਕਿ ਚਿਖ਼ਾ 'ਚ ਅਸਥੀਆਂ ਮੌਜੂਦ ਨਹੀਂ ਸਨ ਪਰ ਨਾਲ ਹੀ ਇਕ ਥਾਲੀ ਅਸਥੀਆਂ ਨਾਲ ਭਰੀ ਹੋਈ ਸੀ। ਪਰਿਵਾਰ ਹੈਰਾਨ ਹੋਇਆ ਤੇ ਦੁਵਿਧਾ 'ਚ ਫਸ ਗਿਆ ਕਿ ਅਸਥੀਆਂ ਕੌਣ ਇਕੱਠੀਆਂ ਕਰ ਗਿਆ ਤੇ ਜੋ ਥਾਲੀ 'ਚ ਅਸਥੀਆਂ ਪਈਆਂ ਹਨ ਉਨ੍ਹਾਂ ਦੇ ਪਿਤਾ ਦੀਆਂ ਹਨ ਜਾਂ ਕਿਸੇ ਹੋਰ ਦੀਆਂ।

ਘਟਨਾ ਸਬੰਧੀ ਜਦੋਂ ਬਾਕੀ ਵਾਲਮੀਕਿ ਭਾਈਚਾਰੇ ਨੂੰ ਪਤਾ ਲੱਗਾ ਤਾਂ ਉਹ ਭਾਰੀ ਗਿਣਤੀ 'ਚ ਇਕੱਤਰ ਹੋ ਗਏ ਤੇ ਸਥਿਤੀ ਤਣਾਅਪੂਰਨ ਹੋ ਗਈ ਕਿ ਇਨ੍ਹਾਂ ਅਸਥੀਆਂ ਨਾਲ ਸ਼ਰਾਰਤ ਕਿਸ ਵਿਅਕਤੀ ਨੇ ਕੀਤੀ ਹੈ। ਮੌਕੇ 'ਤੇ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਵੱਲੋਂ ਸੀਸੀਟੀਵੀ ਕੈਮਰੇ ਦੀ ਚਿਖਾ ਦੇ ਬਾਹਰ ਇਕੱਠੀਆਂ ਕੀਤੀਆਂ ਅਸਥੀਆਂ ਦੀ ਜਾਂਚ ਕੀਤੀ ਗਈ। ਜਿਸ 'ਚ ਅਸਥੀਆਂ ਇਕੱਤਰ ਕਰਨ ਤੋਂ ਕੁਝ ਸਮਾਂ ਪਹਿਲਾਂ ਤਿੰਨ ਵਿਅਕਤੀ ਸ਼ੱਕੀ ਹਾਲਤ 'ਚ ਨਜ਼ਰ ਆਏ। ਪਰਿਵਾਰ ਤੇ ਪ੍ਰਬੰਧਕ ਕਮੇਟੀ ਵੱਲੋਂ ਸ਼ੰਕਾ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਵਿਅਕਤੀਆਂ ਵੱਲੋਂ ਕਿਸੇ ਤਾਂਤਰਿਕ ਵਿੱਦਿਆ ਜਾਂ ਹੋਰ ਕੰਮ ਲਈ ਅਸਥੀਆਂ ਨਾਲ ਛੇੜਛਾੜ ਕੀਤੀ ਗਈ ਹੋਵੇ।

ਇਸ ਮੌਕੇ ਪੁੱਤਰ ਧਰਮਵੀਰ ਪਾਮੇ, ਨੰਬਰਦਾਰ ਰੋਸ਼ਨ ਹੰਸ, ਸਾਬਕਾ ਕੌਂਸਲਰ ਮੰਗਤ ਰਾਏ ਨੇ ਕਿਹਾ ਕਿ ਅਸਥੀਆਂ ਨਾਲ

ਛੇੜਛਾੜ ਹੋਣਾ ਬਹੁਤ ਮੰਦਭਾਗਾ ਹੈ, ਸਾਡੇ ਬਜ਼ੁਰਗ ਦੀ ਚਿਖ਼ਾ ਦੀ ਬੇਅਦਬੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮਾਮਲੇ 'ਚ ਜੋ ਵੀ ਦੋਸ਼ੀ ਹਨ ਉਨ੍ਹਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਤੇ ਸਖ਼ਤ ਕਾਰਵਾਈ ਕੀਤੀ ਜਾਵੇ।

ਮਾਛੀਵਾੜਾ ਸ਼ਮਸ਼ਾਨਘਾਟ ਦੇ ਪ੍ਰਬੰਧ ਸ੍ਰੀ ਦੁਰਗਾ ਸ਼ਕਤੀ ਮੰਦਰ ਕਮੇਟੀ ਵੱਲੋਂ ਚਲਾਏ ਜਾਂਦੇ ਹਨ। ਜਦੋਂ ਇਹ ਮੰਦਭਾਗੀ ਘਟਨਾ ਵਾਪਰੀ ਤਾਂ ਉਹ ਵੀ ਮੌਕੇ 'ਤੇ ਪਹੁੰਚ ਗਏ। ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵੀ ਪੁਲਸ ਹਵਾਲੇ ਕਰ ਦਿੱਤੀ ਹੈ ਤੇ ਹੋਰ ਆਸਪਾਸ ਲੱਗੇ ਕੈਮਰਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਮੰਦਰ ਕਮੇਟੀ ਪ੍ਰਧਾਨ ਨੰਦ ਕਿਸ਼ੋਰ ਤੇ ਸਮੂਹ ਕਮੇਟੀ ਵੱਲੋਂ ਅਸਥੀਆਂ ਨਾਲ ਕੀਤੀ ਛੇੜਛਾੜ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਤੇ ਨਾਲ ਹੀ ਪੁਲਸ ਤੋਂ ਮੰਗ ਕੀਤੀ ਕਿ ਜਿਨ੍ਹਾਂ ਨੇ ਵੀ ਇਹ ਸ਼ਰਾਰਤ ਕੀਤੀ ਹੈ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਗ੍ਰਿ.ਫ਼ਤਾਰ ਕੀਤਾ ਜਾਵੇ।

# ਕਦੇ ਘਾਟੇ 'ਚ ਚਲਦਾ ਬਿਜਲੀ ਵਿਭਾਗ ਪਿਛਲੇ 4 ਸਾਲਾਂ ਤੋਂ ਪੰਜਾਬ ਦੇ 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ ਦੇ ਕੇ ਵੀ ਕਮਾ ਰਿਹੈ ਮੁਨਾਫ਼ਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**➢ ਪਹਿਲਾਂ, ਬਿਜਲੀ ਪਲਾਂਟ ਵੇਚੇ ਜਾ ਰਹੇ ਸਨ, ਪਰ ਅਸੀਂ 540 ਮੈਗਾਵਾਟ ਗੋਇੰਦਵਾਲ ਥਰਮਲ ਪਾਵਰ ਪਲਾਂਟ ਖ਼ਰੀਦ ਕੇ ਨਵਾਂ ਇਤਿਹਾਸ ਰਚਿਆ ➢ ਜਿੰਨਾ ਚਿਰ 'ਆਪ' ਸਰਕਾਰ ਸੱਤਾ ਵਿੱਚ ਹੈ, ਲੋਕਾਂ ਨੂੰ 24 ਘੰਟੇ ਮਿਲਦੀ ਰਹੇਗੀ ਮੁਫ਼ਤ ਬਿਜਲੀ: ਮੁੱਖ ਮੰਤਰੀ**

**ਚੰਡੀਗੜ੍ਹ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਅਧੀਨ ਪੰਜਾਬ ਦੇ ਬਿਜਲੀ ਖੇਤਰ ਵਿੱਚ ਵੱਡਾ ਢਾਂਚਾਗਤ ਬਦਲਾਅ ਆਇਆ ਹੈ। ਕਿਸੇ ਸਮੇਂ ਘਾਟੇ ਵਿੱਚ ਚੱਲ ਰਿਹਾ ਇਹ ਵਿਭਾਗ ਹੁਣ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਪ੍ਰਦਾਨ ਕਰ ਕੇ ਵੀ ਮੁਨਾਫ਼ਾ ਕਮਾ ਰਿਹਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਨੇ ਨਾ ਸਿਰਫ਼ 600 ਯੂਨਿਟ ਮੁਫ਼ਤ ਬਿਜਲੀ ਰਾਹੀਂ ਬਹੁਗਿਣਤੀ ਪਰਿਵਾਰਾਂ ਲਈ ਜ਼ੀਰੋ ਬਿਜਲੀ ਬਿੱਲ ਯਕੀਨੀ ਬਣਾਏ, ਸਗੋਂ ਪਿਛਲੀਆਂ ਸਰਕਾਰਾਂ ਵੱਲੋਂ ਜਨਤਕ ਜਾਇਦਾਦਾਂ ਵੇਚਣ ਦੇ ਪੁਰਾਣੇ ਰੁਝਾਨ ਨੂੰ ਬਦਲਦਿਆਂ 540 ਮੈਗਾਵਾਟ ਗੋਇੰਦਵਾਲ ਥਰਮਲ ਪਾਵਰ ਪਲਾਂਟ ਨੂੰ ਖ਼ਰੀਦ ਕੇ ਬਿਜਲੀ ਉਪਲਬਧਤਾ ਵਿੱਚ ਅਹਿਮ ਸੁਧਾਰ ਕੀਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਵਪਾਰਕ ਅਤੇ ਉਦਯੋਗਿਕ ਖਪਤਕਾਰਾਂ ਸਮੇਤ ਹੋਰ ਸ਼੍ਰੇਣੀਆਂ ਲਈ ਟੈਰਿਫ ਘਟਾਏ ਗਏ ਹਨ, ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ ਅਤੇ ਨਵੇਂ ਸਬਸਟੇਸ਼ਨਾਂ ਅਤੇ ਟ੍ਰਾਂਸਫਾਰਮਰਾਂ ਰਾਹੀਂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ। ਰੁਜ਼ਗਾਰ ਪੈਦਾ ਕਰਨ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਬਿਜਲੀ ਖੇਤਰ ਵਿੱਚ 9593 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ 1750 ਹੋਰ ਅਸਾਮੀਆਂ ਲਈ ਭਰਤੀ ਜਾਰੀ ਹੈ। ਪੰਜਾਬ ਬਿਜਲੀ ਵਿਭਾਗ (ਪੀਐਸਪੀਸੀਐਲ) ਵੱਲੋਂ ਏ+ ਰੇਟਿੰਗ ਹਾਸਲ ਕਰਨਾ, ਰਾਸ਼ਟਰੀ ਪੱਧਰ 'ਤੇ ਦੂਜਾ ਸਥਾਨ ਮਿਲਣਾ ਪੰਜਾਬ ਨੂੰ ਬਿਜਲੀ ਵਿੱਚ ਆਤਮ-ਨਿਰਭਰ ਬਣਾਉਣ ਅਤੇ ਲੋਕਾਂ ਲਈ 24 ਘੰਟੇ ਮੁਫ਼ਤ ਬਿਜਲੀ ਸਪਲਾਈ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਪ੍ਰੈਸ ਕਾਨਫਰੰਸ ਦੌਰਾਨ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆਪ ਸਰਕਾਰ ਨੇ ਹਰ ਖੇਤਰ ਨੂੰ ਸਸਤੀ ਅਤੇ ਨਿਰਵਿਘਨ ਬਿਜਲੀ ਸਪਲਾਈ ਪ੍ਰਦਾਨ ਕਰਵਾ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਪਹਿਲੀ ਵਾਰ ਲੋਕਾਂ ਨੂੰ ਬਿਨਾਂ ਕਿਸੇ ਵਾਧੂ ਵਿੱਤੀ ਬੋਝ ਤੋਂ ਬਿਜਲੀ ਦੀ ਨਿਰੰਤਰ ਸਪਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ, "ਜਦੋਂ ਅਸੀਂ ਸੂਬੇ ਦੀ ਵਾਗਡੋਰ ਸੰਭਾਲੀ ਸੀ ਤਾਂ ਸਿੰਚਾਈ ਲਈ ਸਿਰਫ 22 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ, ਪਰ ਅੱਜ ਇਹ ਪ੍ਰਤੀਸ਼ਤ ਵਧ ਕੇ 78 ਫੀਸਦੀ ਹੋ ਗਿਆ ਹੈ ਅਤੇ ਆਉਣ ਵਾਲੇ ਝੋਨੇ ਦੇ ਸੀਜ਼ਨ ਤੱਕ ਇਸ ਨੂੰ 90 ਫੀਸਦੀ ਤੱਕ ਵਧਾ ਦਿੱਤਾ ਜਾਵੇਗਾ।"

ਸਿੰਚਾਈ ਸੁਧਾਰਾਂ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਭਾਖੜਾ ਨਹਿਰ ਦੀ ਸਮਰੱਥਾ 9500 ਕਿਊਸਿਕ ਹੈ ਪਰ ਸਾਡੇ ਯਤਨਾਂ ਸਦਕਾ ਹੁਣ ਕਿਸਾਨਾਂ ਨੂੰ 11,000 ਕਿਊਸਿਕ ਨਹਿਰੀ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਨੇ ਇੱਕ ਇੰਚ ਜ਼ਮੀਨ ਐਕਵਾਇਰ ਕੀਤੇ ਬਿਨਾਂ ਇੱਕ ਨਵੀਂ ਭਾਖੜਾ ਨਹਿਰ ਬਣਾ ਦਿੱਤੀ ਹੈ। ਉਨ੍ਹਾਂ ਅੱਗੇ ਕਿਹਾ, ਪਹਿਲੀ ਵਾਰ, ਪਾਣੀ ਦੀ ਬੂੰਦ-ਬੂੰਦ ਦਾ ਹਿਸਾਬ ਰੱਖਿਆ ਜਾ ਰਿਹਾ ਹੈ, ਜਿਸ ਨਾਲ ਕੇਵਲ ਪੈਦਾਵਾਰ ਵਧੇਗੀ, ਸਗੋਂ ਖੇਤੀ ਖੇਤਰ ਨੂੰ ਮੁਫ਼ਤ ਬਿਜਲੀ ਇਸੇ ਤਰ੍ਹਾਂ ਮਿਲਦੀ ਰਹੇਗੀ।

ਬਿਜਲੀ ਸਪਲਾਈ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਹਿਲੀ ਵਾਰ, ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਅੱਠ ਘੰਟੇ ਤੋਂ ਵੱਧ ਬਿਜਲੀ ਸਪਲਾਈ ਮਿਲੀ ਅਤੇ ਦਿਨ ਵੇਲੇ 95 ਫੀਸਦ ਸਪਲਾਈ ਯਕੀਨੀ ਬਣਾਈ ਗਈ। ਉਨ੍ਹਾਂ ਅੱਗੇ ਕਿਹਾ, ਘਰੇਲੂ ਖਪਤਕਾਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਪ੍ਰਦਾਨ ਕੀਤੀ



ਜਾ ਰਹੀ ਹੈ ਅਤੇ ਲਗਪਗ 90ਫੀਸਦ ਘਰਾਂ ਨੂੰ ਜ਼ੀਰੋ ਬਿਜਲੀ ਬਿੱਲ ਆ ਰਹੇ ਹਨ।

ਰੁਜ਼ਗਾਰ ਮੌਕਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅਪ੍ਰੈਲ 2022 ਤੋਂ ਪੀਐਸਪੀਸੀਐਲ ਅਤੇ ਪੀਐਸਟੀਸੀਐਲ ਵਿੱਚ ਲਗਪਗ 9593 ਕਰਮਚਾਰੀਆਂ ਦੀ ਭਰਤੀ ਕੀਤੀ ਗਈ ਹੈ, ਜਿਸ ਵਿੱਚ 8014 ਸਿੱਧੀਆਂ ਭਰਤੀਆਂ ਅਤੇ 1579 ਤਰਸ ਦੇ ਆਧਾਰ 'ਤੇ ਦਿੱਤੀਆਂ ਨੌਕਰੀਆਂ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ, ਪੀ.ਐਸ.ਪੀ.ਸੀ.ਐਲ. ਵਿੱਚ 1181 ਅਤੇ ਪੀ.ਐਸ.ਟੀ.ਸੀ.ਐਲ. ਵਿੱਚ 569 ਅਸਾਮੀਆਂ ਲਈ ਭਰਤੀ ਚੱਲ ਰਹੀ ਹੈ ਅਤੇ ਜੂਨ 2026 ਤੱਕ ਪੂਰੀ ਹੋ ਜਾਵੇਗੀ।

ਰਿਕਾਰਡ ਪ੍ਰਾਪਤੀਆਂ ਗਿਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਨੇ 5 ਜੂਨ, 2025 ਨੂੰ 16,670 ਮੈਗਾਵਾਟ ਦੀ ਹੁਣ ਤੱਕ ਦੀ ਸਭ ਤੋਂ ਵੱਧ ਬਿਜਲੀ ਦੀ ਮੰਗ ਨੂੰ ਪੂਰਾ ਕੀਤਾ, ਜੋ ਕਿ 29 ਜੂਨ, 2024 ਨੂੰ 16,058 ਮੈਗਾਵਾਟ ਦੇ ਪਿਛਲੇ ਰਿਕਾਰਡ ਨੂੰ ਪਾਰ ਕਰ ਗਈ ਹੈ। ਉਨ੍ਹਾਂ ਅੱਗੇ ਕਿਹਾ, ਭਾਵੇਂ ਜ਼ਿਆਦਾਤਰ ਸਰਕਾਰਾਂ ਵੱਲੋਂ ਜਨਤਕ ਜਾਇਦਾਦਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ, ਪਰ ਪੰਜਾਬ ਸਰਕਾਰ ਨੇ 1080 ਕਰੋੜ ਰੁਪਏ ਦੀ ਲਾਗਤ ਨਾਲ ਨਿੱਜੀ ਥਰਮਲ ਪਲਾਂਟ ਖ਼ਰੀਦ ਕੇ ਨਵੀਂ ਪਿਰਤ ਪਾਈ ਹੈ। ਇਸ ਪ੍ਰਾਪਤੀ ਬਾਰੇ ਫ਼ਖ਼ਰ ਨਾਲ ਜ਼ਿਕਰ ਕਰਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਸੇ ਤਰ੍ਹਾਂ ਦੀ ਸਮਰੱਥਾ ਵਾਲੇ ਇੱਕ ਨਵੇਂ ਪਲਾਂਟ ਦੀ ਲਾਗਤ 4,320 ਕਰੋੜ ਹੋਵੇਗੀ, ਜਿਸ ਨਾਲ ਇਹ ਕਿਸੇ ਵੀ ਸਰਕਾਰ ਵੱਲੋਂ ਅਮਲ 'ਚ ਲਿਆਂਦੀ ਸਭ ਤੋਂ ਸਸਤੀ ਤੇ ਲਾਹੇਵੰਦ ਪੇਸ਼ਕਦਮੀ ਹੋਵੇਗੀ। ਪਹਿਲਾਂ ਜੀਕੇਵੀ ਥਰਮਲ ਪਾਵਰ ਪਲਾਂਟ ਵਜੋਂ ਜਾਣੇ ਜਾਂਦੇ ਇਸ ਪਲਾਂਟ ਦਾ ਨਾਮ ਹੁਣ ਬਦਲ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ 'ਤੇ ਰੱਖਿਆ ਗਿਆ ਹੈ। ਉਨ੍ਹਾਂ ਅੱਗੇ ਕਿਹਾ, ਫਰਵਰੀ 2024 ਵਿੱਚ ਇਸ ਦੀ ਪ੍ਰਾਪਤੀ ਤੋਂ ਬਾਅਦ, ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਥਰਮਲ ਪਲਾਂਟ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਵਿੱਤੀ ਸਾਲ 2024-25 ਵਿੱਚ ਪੀਐਲਐਫ 34 ਫੀਸਦੀ ਤੋਂ ਵੱਧ ਕੇ 65 ਫੀਸਦੀ ਹੋਇਆ ਹੈ, ਜੁਲਾਈ 2024 ਵਿੱਚ 90 ਫੀਸਦ ਅਤੇ ਜੁਲਾਈ 2025 ਵਿੱਚ 82 ਫੀਸਦੀ ਨੂੰ ਛੋਹ ਗਿਆ । ਬੁਨਿਆਦੀ ਢਾਂਚੇ ਅਤੇ ਬਾਲਣ ਸਪਲਾਈ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਟ੍ਰਾਂਸਮਿਸ਼ਨ ਸਮਰੱਥਾ 7,400/ 8,000 ਮੈਗਾਵਾਟ ਤੋਂ ਵਧ ਕੇ 10400/10,900 ਮੈਗਾਵਾਟ ਹੋ ਗਈ ਹੈ, ਜਿਸ ਨਾਲ ਰਾਸ਼ਟਰੀ ਗਰਿੱਡ ਤੋਂ ਬਿਜਲੀ ਦਾ ਅਨੁਪਾਤ ਵਧਿਆ ਹੈ। ਉਨ੍ਹਾਂ ਅੱਗੇ ਕਿਹਾ, ਪਛਵਾੜਾ ਕੋਲਾ ਖਾਨ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋ ਗਈ ਹੈ, ਸਾਲ 2024-25 ਵਿੱਚ 70 ਲੱਖ ਮੀਟ੍ਰਿਕ ਟਨ ਸਪਲਾਈ ਕੀਤੀ ਗਈ ਅਤੇ ਅਕਤੂਬਰ 2022 ਤੋਂ ਹੁਣ ਤੱਕ 1,462 ਕਰੋੜ ਰੁਪਏ ਦੀ ਬਚਤ ਹੋਈ ਹੈ।"

ਉਨ੍ਹਾਂ ਅੱਗੇ ਕਿਹਾ, ਕਿਸੇ ਵੀ ਥਰਮਲ ਪਲਾਂਟ ਵਿੱਚ ਕੋਲੇ ਦੀ ਕੋਈ ਘਾਟ ਨਹੀਂ ਹੈ, ਰੋਪੜ ਕੋਲ 41 ਦਿਨਾਂ ਦਾ ਸਟਾਕ ਹੈ, ਲਹਿਰਾ ਮੁਹੱਬਤ ਕੋਲ 37 ਦਿਨ ਦਾ ਹੈ ਅਤੇ ਗੋਇੰਦਵਾਲ ਸਾਹਿਬ ਕੋਲ 32 ਦਿਨ ਸਟਾਕ ਉਪਲਬਧ ਹੈ। ਉਨ੍ਹਾਂ ਅੱਗੇ ਕਿਹਾ ਕਿ 206 ਮੈਗਾਵਾਟ ਸ਼ਾਹਪੁਰ ਕੰਢੀ ਹਾਈਡਲ ਪ੍ਰਾਜੈਕਟ ਦੇ ਮਈ 2027 ਤੱਕ ਉਤਪਾਦਨ ਸ਼ੁਰੂ ਹੋਣ ਦੀ ਉਮੀਦ ਹੈ, ਜਿਸ ਵਿੱਚ ਸਤੰਬਰ 2025 ਤੱਕ 5,192.51 ਕਰੋੜ ਰੁਪਏ ਖਰਚ ਹੋਏ ਹਨ।

ਸਾਫ਼ ਤੇ ਸਵੱਛ ਊਰਜਾ ਨੂੰ ਉਤਸ਼ਾਹਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅਗਲੇ ਛੇ ਸਾਲਾਂ ਵਿੱਚ ਗਰੀਨ ਊਰਜਾ ਦੀ ਵਰਤੋਂ ਨੂੰ 20 ਫੀਸਦ ਤੋਂ ਵਧਾ ਕੇ 80 ਫੀਸਦੀ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ, 2720 ਮੈਗਾਵਾਟ ਸੂਰਜੀ ਊਰਜਾ ਨੂੰ 2.33 -2.97 ਰੁਪਏ ਪ੍ਰਤੀ ਯੂਨਿਟ 'ਤੇ ਜੋੜਿਆ ਗਿਆ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਦੌਰਾਨ ਇਹ ਦਰ 15.20 ਪ੍ਰਤੀ ਯੂਨਿਟ ਸੀ। ਉਨ੍ਹਾਂ ਅੱਗੇ ਕਿਹਾ, 2,062 ਮੈਗਾਵਾਟ ਸੋਲਰ ਪ੍ਰਗਤੀ ਅਧੀਨ ਹੈ, 658 ਮੈਗਾਵਾਟ ਚਾਲੂ ਹੋ ਚੁੱਕਾ ਹੈ ਅਤੇ 581 ਮੈਗਾਵਾਟ ਰੂਫ਼ਟਾਪ ਸੋਲਰ ਲਗਾਇਆ ਗਿਆ ਹੈ।

ਨੈੱਟਵਰਕ ਮਜ਼ਬੂਤੀ ਬਾਰੇ ਵਿਸਥਾਰ ਨਾਲ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, 26 ਨਵੇਂ 66 ਕੇਵੀ ਸਬਸਟੇਸ਼ਨ ਸਥਾਪਤ ਕੀਤੇ ਗਏ ਹਨ, 194 ਟ੍ਰਾਂਸਫਾਰਮਰ ਅਪਗ੍ਰੇਡ ਕੀਤੇ ਗਏ ਹਨ ਅਤੇ 2738 ਐਮ.ਵੀ.ਏ. ਸਮਰੱਥਾ ਦੇ ਵਾਧੇ ਅਤੇ 337 ਸਰਕਟ ਕਿਲੋ ਮੀਟਰ ਨਵੀਆਂ ਲਾਈਨਾਂ ਦੇ ਨਾਲ 34 ਨਵੇਂ ਟ੍ਰਾਂਸਫਾਰਮਰ ਲਗਾਏ ਗਏ ਹਨ।

ਇੱਕ ਨਵੀਂ ਪਹਿਲਕਦਮੀ ਬਾਰੇ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਰਕਾਰ ਜਲਦ ਹੀ ਕਿਸਾਨਾਂ ਦੇ ਖੇਤਾਂ 'ਚੋਂ ਲੰਘਦੀਆਂ ਹਾਈ-ਟੈਂਸ਼ਨ ਤਾਰਾਂ ਨੂੰ ਜ਼ਮੀਨਦੋਜ਼ ਕਰਨ ਲਈ ਯੋਜਨਾ ਸ਼ੁਰੂ ਕਰੇਗੀ, ਜਿਸਦੀ ਸ਼ੁਰੂਆਤ ਮੇਰੇ ਜੱਦੀ ਪਿੰਡ ਤੋਂ ਹੋਵੇਗੀ, ਜਿੱਥੇ 413 ਟਿਊਬਵੈੱਲ ਅਤੇ 1100 ਬਿਜਲੀ ਦੇ ਖੰਭੇ 2,000 ਏਕੜ ਵਿੱਚ ਫੈਲੇ ਹੋਏ ਹਨ। ਉਨ੍ਹਾਂ ਅੱਗੇ ਕਿਹਾ, ਇਹ ਕਿਸਾਨਾਂ ਅਤੇ ਉਨ੍ਹਾਂ ਦੀਆਂ ਫਸਲਾਂ ਨੂੰ ਦਰਪੇਸ਼ ਜੋਖਮਾਂ ਨੂੰ ਘਟਾ ਕੇ ਵੱਡੀ ਰਾਹਤ ਪ੍ਰਦਾਨ ਕਰੇਗਾ।

ਕਾਨੂੰਨ ਵਿਵਸਥਾ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਈਬਰ ਅਪਰਾਧ ਨੂੰ ਪ੍ਰਭਾਵੀ ਢੰਗ ਨਾਲ ਨਜਿੱਠਣ ਲਈ ਪੰਜਾਬ ਪੁਲਿਸ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਕਰਨ ਵਾਲੀਆਂ ਕਾਲੀਆਂ ਭੇਡਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਬਠਿੰਡਾ ਵਿੱਚ ਸ਼ਿਕਾਇਤਾਂ ਤੋਂ ਬਾਅਦ ਇੱਕ ਸਟੇਸ਼ਨ ਵਿਖੇ ਤਾਇਨਾਤ ਪੁਲਿਸ ਮੁਲਾਜ਼ਮਾਂ ਦਾ ਤਬਾਦਲਾ ਕਰ ਦਿੱਤਾ ਗਿਆ ਹੈ।

ਕਿਸਾਨਾਂ ਦੀਆਂ ਚਿੰਤਾਵਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਹਾਲੀਆ ਮੌਸਮ ਕਾਰਨ ਕਣਕ ਦੀ ਫਸਲ ਦੇ ਖਰਾਬੇ ਦਾ ਮੁਲਾਂਕਣ ਕਰਨ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ ਅਤੇ ਡਿਪਟੀ ਕਮਿਸ਼ਨਰਾਂ ਦੀਆਂ ਰਿਪੋਰਟਾਂ ਤੋਂ ਬਾਅਦ ਨਿਯਮਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਭਰੋਸਾ ਦਿੱਤਾ, ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਪ੍ਰੀਤਮ ਨਗਰ ਵਿੱਚ ਗੰਦੇ ਪਾਣੀ ਨਾਲ ਵਧਿਆ ਬਿਮਾਰੀਆਂ ਦਾ ਖ਼ਤਰਾ, ਡਾ. ਗੌਰਵ ਅਰੋੜਾ ਵੱਲੋਂ ਪ੍ਰਸ਼ਾਸਨ ਨੂੰ ਚੇਤਾਵਨੀ



**ਲੁਧਿਆਣਾ, 9 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਦੱਖਣ ਦੇ ਪ੍ਰੀਤਮ ਨਗਰ ਇਲਾਕੇ ਵਿੱਚ ਗੰਦੇ ਅਤੇ ਦੂਸ਼ਿਤ ਪਾਣੀ ਦੀ ਸਮੱਸਿਆ ਨੇ ਗੰਭੀਰ ਰੂਪ ਧਾਰ ਲਿਆ ਹੈ, ਜਿਸ ਕਾਰਨ ਇਲਾਕੇ ਦੇ ਲੋਕ ਬਿਮਾਰੀਆਂ ਦੇ ਖ਼ਤਰੇ ਹੇਠ ਜੀਣ ਲਈ ਮਜਬੂਰ ਹਨ। ਨਿਵਾਸੀਆਂ ਮੁਤਾਬਕ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਮਿਲ ਕੇ ਆ ਰਿਹਾ ਹੈ, ਜਿਸ ਨਾਲ ਸਿਹਤ ਸੰਬੰਧੀ ਖਤਰੇ ਲਗਾਤਾਰ ਵੱਧ ਰਹੇ ਹਨ। ਇਸ ਗੰਭੀਰ ਮਾਮਲੇ ਨੂੰ ਲੈ ਕੇ ਇਲਾਕੇ ਦੇ ਲੋਕਾਂ ਨੇ ਕਰਪਸ਼ਨ ਇਨਫੋਰਮੇਸ਼ਨ ਟੀਮ ਦੇ ਪੰਜਾਬ ਪ੍ਰਧਾਨ ਐਡਵੋਕੇਟ ਡਾ. ਗੌਰਵ ਅਰੋੜਾ ਨੂੰ ਮੌਕੇ 'ਤੇ ਸੱਦਿਆ। ਮੌਕਾ ਵੇਖਣ ਤੋਂ ਬਾਅਦ ਡਾ. ਅਰੋੜਾ ਨੇ ਪ੍ਰਸ਼ਾਸਨ ਅਤੇ ਚੁਣੇ ਹੋਏ ਨੁਮਾਇੰਦਿਆਂ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਹਲਕਾ ਦੱਖਣ ਦੇ ਵਸਨੀਕ ਨਰਕ ਵਰਗੀਆਂ ਹਾਲਤਾਂ ਵਿੱਚ ਜੀ ਰਹੇ ਹਨ। ਉਨ੍ਹਾਂ ਕਿਹਾ ਕਿ ਨਾ ਤਾਂ ਸਥਾਨਕ ਵਿਧਾਇਕ ਨੇ ਇਲਾਕੇ ਦਾ ਦੌਰਾ ਕੀਤਾ ਹੈ ਅਤੇ ਨਾ ਹੀ ਪ੍ਰਸ਼ਾਸਨ ਵੱਲੋਂ ਕੋਈ ਢੰਗ ਦੀ ਕਾਰਵਾਈ ਕੀਤੀ ਗਈ ਹੈ। ਡਾ. ਅਰੋੜਾ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਜਲਦ ਇਸ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਮਾਮਲੇ ਨੂੰ ਅਦਾਲਤ ਵਿੱਚ ਲਿਜਾਇਆ ਜਾਵੇਗਾ। ਇਸ ਮੌਕੇ ਇਲਾਕੇ ਦੇ ਲੋਕਾਂ ਨੇ ਵੀ ਆਪਣਾ ਗੁੱਸਾ ਜਤਾਉਂਦਿਆਂ ਕਿਹਾ ਕਿ ਚੋਣਾਂ ਦੌਰਾਨ ਵੱਡੇ ਵਾਅਦੇ ਕਰਨ ਵਾਲੇ ਨੁਮਾਇੰਦੇ ਹੁਣ ਗਾਇਬ ਹਨ ਅਤੇ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ।

ਸਥਾਨਕ ਵਸਨੀਕਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ ਤਾਂ ਜੋ ਇਲਾਕੇ ਵਿੱਚ ਸਾਫ਼ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾ ਸਕੇ।

ਸੂਫ਼ੀ ਸਿਲਸਿਲਾ (11)



# ਮਵੇਲਵੀ

ਸੂਫ਼ੀਆਂ ਦੀ ਸੰਪਰਦਾਇ ਨੂੰ ਸਿਲਸਿਲਾ ਆਖਦੇ ਹਨ। ਸੂਫ਼ੀ ਸਿਲਸਿਲਿਆਂ ਦਾ ਆਰੰਭ ਹਜ਼ਰਤ ਅਬੂ ਬਕਰ ਸਿੱਦੀਕੀ ਤੇ ਹਜ਼ਰਤ ਅਲੀ ਮੁਰਤਜ਼ਾ ਦੇ ਸਮੇਂ ਤੋਂ ਮੰਨਿਆ ਜਾਂਦਾ ਹੈ। ਸੂਫ਼ੀਮਤ ਦੇ ਮੁੱਢਲੇ ਦੌਰ ਵਿਚ 14 ਸੂਫ਼ੀ ਸਿਲਸਿਲੇ ਪ੍ਰਚਲਿਤ ਹੋਏ। ਬਾਅਦ 'ਚ ਇਨ੍ਹਾਂ ਸਿਲਸਿਲਿਆਂ ਵਿੱਚੋਂ ਹੋਰ ਬਹੁਤ ਸਾਰੇ ਸਿਲਸਿਲੇ ਸ਼ੁਰੂ ਹੋਏ। ਭਾਰਤ 'ਚ ਪ੍ਰਚਲਿਤ ਕੁਝ ਪ੍ਰਸਿੱਧ ਸੂਫ਼ੀ ਸਿਲਸਿਲਿਆਂ ਵਿਚ ਚਿਸ਼ਤੀ ਸਿਲਸਿਲਾ, ਕਾਦਿਰੀ, ਸੁਹਰਵਰਦੀ, ਨਕਸ਼ਬੰਦੀ ਅਤੇ ਮਵੇਲਵੀ ਸਿਲਸਿਲਾ ਅਹਿਮ ਮੰਨੇ ਜਾਂਦੇ ਹਨ।

ਮਵੇਲਵੀ ਸੂਫ਼ੀ ਸਿਲਸਿਲਾ ਹਜ਼ਰਤ ਮੌਲਾਨਾ ਜਲਾਲੁੱਦੀਨ ਰੂਮੀ ਦੇ ਉਤਰਾਧਿਕਾਰੀਆਂ ਨੇ ਚਲਾਇਆ। ਇਸ ਤਰ੍ਹਾਂ ਇਸ ਸਿਲਸਿਲੇ ਦਾ ਸਬੰਧ ਮੌਲਾਨਾ ਜਲਾਲੁੱਦੀਨ ਰੂਮੀ ਨਾਲ ਜੁੜਦਾ ਹੈ। ਮੌਲਾਨਾ ਰੂਮ ਦੇ ਖ਼ਲੀਫ਼ਾ ਸ਼ੇਖ਼ ਹਿਸਾਮੁੱਦੀਨ ਚਿਲਪੀ ਨੇ ਮਵੇਲੀਆ ਸਿਲਸਿਲੇ ਦੇ ਪ੍ਰਚਾਰ ਵਿਚ ਅਹਿਮ ਯੋਗਦਾਨ ਪਾਇਆ। ਉਸ ਤੋਂ ਮਗਰੋਂ ਮੌਲਾਨਾ ਜਲਾਲੁੱਦੀਨ ਰੂਮੀ ਦੇ ਪੁੱਤਰ ਸੁਲਤਾਨ ਵਲਦ ਨੇ ਇਸ ਸਿਲਸਿਲੇ ਦੀ ਯੋਗ ਅਗਵਾਈ ਕੀਤੀ। ਇਸ ਸਿਲਸਿਲੇ ਦੇ ਪੈਰੋਕਾਰ ਮਸਤੀ ਦੇ ਆਲਮ ਵਿਚ ਰਹਿੰਦੇ ਹਨ ਅਤੇ ਗੇੜਾ ਬੰਨ੍ਹ ਕੇ ਨੱਚਦੇ ਹਨ, ਰਕਸ ਕਰਦੇ ਹਨ। ਰਕਸ ਵਿਚ ਸੰਗੀਤ ਵੀ ਸ਼ਾਮਲ ਹੁੰਦਾ ਹੈ। ਇਹ ਸਿਲਸਿਲਾ ਤੁਰਕੀ, ਸੀਰੀਆ, ਮਿਸਰ ਤੇ ਕੀਨੀਆ ਵਿਚ ਜ਼ਿਆਦਾ ਪ੍ਰਚਲਿਤ ਹੋਇਆ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ
94634-63193



# ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ

ਮੱਕਾ, ਕਾਅਬਾ ਤੇ ਬਗ਼ਦਾਦ ਤੋਂ ਹੁੰਦੇ ਹੋਏ ਗੁਰੂ ਨਾਨਕ ਸਾਹਿਬ ਬਗ਼ਦਾਦ ਸ਼ਹਿਰ ਤੋਂ ਅਗਲੇ ਮੁਕਾਮ ਵੱਲ ਚੱਲ ਪਏ।

### ਫ਼ਕੀਰ ਬਹਿਲੋਲ ਨੂੰ ਨਜਾਤ

ਸ਼ਹਿਰ ਬਗ਼ਦਾਦ ਦੇ ਬਾਹਰ ਦਜ਼ਲਾ ਨਾਂ ਦਾ ਦਰਿਆ ਹੈ। ਉਸ ਦੇ ਕੰਢੇ ਇਕ ਫ਼ਕੀਰ ਝੌਂਪੜੀ ਬਣਾ ਕੇ ਰਹਿੰਦਾ ਸੀ। ਉਸ ਦਾ ਨਾਂ ਬਹਿਲੋਲ ਸੀ। ਉਸ ਨੇ ਆਪਣੇ ਮੁਰੀਦਾਂ ਕੋਲੋਂ ਬਾਬਾ ਨਾਨਕ ਦੀ ਸਿਫ਼ਤ-ਸਲਾਹ ਸੁਣੀ ਕਿ ਕਿਵੇਂ ਮੱਕਾ ਕਾਬਾ ਨੇ ਉਨ੍ਹਾਂ ਦਾ ਤੁਵਾਫ਼ (ਪਰਿਕਰਮਾ) ਕੀਤਾ ਹੈ।

ਪੀਰ ਦਸਤਗੀਰ ਆਪਣੇ ਮੁਰੀਦਾਂ ਤੇ ਸਾਥੀਆਂ ਨਾਲ ਆਇਆ ਤੇ ਬਾਬਾ ਜੀ ਦੇ ਦੀਦਾਰ ਕਰ ਕੇ ਬੜਾ ਖ਼ੁਸ਼ ਹੋਇਆ। ਉਸ ਨੇ ਆਪਣੇ ਸ਼ੰਕੇ ਮਿਟਾਉਣ ਲਈ ਗੁਰੂ ਸਾਹਿਬ ਨੂੰ ਕਈ ਸਵਾਲ ਕੀਤੇ, ਜਿਨ੍ਹਾਂ ਦੇ ਜਵਾਬ ਸੁਣ ਕੇ ਉਸ ਦੀ ਤਸੱਲੀ ਹੋਈ ਤੇ ਦਿਲ ਵਿਚ ਬਾਬਾ ਜੀ ਲਈ ਬਹੁਤ ਇੱਜ਼ਤ ਤੇ ਪਿਆਰ ਪੱਕਾ ਹੋ ਗਿਆ। ਗੁਰੂ ਜੀ ਨੇ ਕਿਹਾ ਕਿ ਬੰਦੇ ਨੂੰ ਸੰਸਾਰਕ ਖ਼ਾਹਿਸ਼ਾਂ ਨੂੰ ਮਾਰ ਕੇ, ਲੋਭ-ਲਾਲਚ ਮਿਟਾ ਕੇ ਖ਼ੁਦਾ ਦੀ ਹਰ ਸਮੇਂ, ਹਰ ਥਾਂ ਹਾਜ਼ਰ ਨਾਜ਼ਰ ਜਾਣਦੇ ਹੋਏ ਬੰਦਗੀ ਕਰਨੀ ਚਾਹੀਦੀ ਹੈ।

ਇਹ ਸੁਣ ਕੇ ਬਹਿਲੋਲ ਫ਼ਕੀਰ ਬਹੁਤ ਖ਼ੁਸ਼ ਹੋਇਆ ਤੇ ਅਰਜ਼ ਕੀਤੀ ਕਿ ਉਸ ਦੀ ਝੌਂਪੜੀ ਨੂੰ ਆਪਣੇ ਪਵਿੱਤਰ ਕਦਮਾਂ ਨਾਲ ਫ਼ੈਜ਼ਯਾਬ (ਪਵਿੱਤਰ) ਕਰੋ। ਗੁਰੂ ਜੀ ਨੇ ਉਸ ਦਾ ਪਿਆਰ ਦੇਖ ਕੇ ਬੇਨਤੀ ਕਬੂਲ ਕੀਤੀ ਤੇ ਬਹਿਲੋਲ ਆਪਣੇ ਮੁਰੀਦਾਂ ਨਾਲ ਬਾਬਾ ਜੀ ਨੂੰ ਆਪਣੀ ਝੌਂਪੜੀ ਵਿਚ ਲੈ ਗਿਆ ਤੇ ਝੌਂਪੜੀ ਦੇ ਬਾਹਰ ਆਪਣੇ ਹੱਥੀਂ ਬਾਬਾ ਜੀ ਦੇ ਬੈਠਣ ਲਈ ਚਾਦਰ ਵਿਛਾਈ। ਕਾਫ਼ੀ ਦੇਰ ਤਕ ਗੁਰੂ ਜੀ ਨਾਲ ਗਿਆਨ-ਚਰਚਾ ਹੁੰਦੀ ਰਹੀ। ਖਾਣੇ ਦਾ ਸਮਾਂ ਜਾਣ ਕੇ ਖਾਣਾ ਖਾਣ ਲਈ ਅਰਜ਼ ਕੀਤੀ ਤਾਂ ਬਾਬਾ ਜੀ ਚੁੱਪ ਰਹੇ। ਇਸ ਚੁੱਪ ਨੂੰ ਗੁਰੂ ਜੀ ਦੀ ਹਾਂ ਸਮਝ ਕੇ ਬਹਿਲੋਲ ਜੀ ਨੇ ਆਪਣੇ ਮੁਰੀਦ ਅਮਰ ਰਜ਼ਾ ਨੂੰ ਕਿਹਾ ਕਿ ਬਾਜ਼ਾਰ ਤੋਂ ਖਾਣੇ ਦਾ ਸਾਮਾਨ ਲੈ ਕੇ ਖਾਣਾ ਤਿਆਰ ਕਰੋ। ਉਸ ਸਮੇਂ ਬਾਬਾ ਜੀ ਸਿਰ ਤੇ ਕੰਘਾ ਕਰ ਰਹੇ ਸਨ ਤੇ ਦੋ ਵਾਲ ਕੰਘੇ 'ਚ ਆਏ। ਬਾਬਾ ਜੀ ਨੇ ਅਮਰ ਰਜ਼ਾ ਨੂੰ ਪੁੱਛਿਆ ਇਹ ਕੀ ਹੈ? ਉਸ ਨੇ ਕਿਹਾ ਮੁਏ (ਵਾਲ) ਹਨ। ਬਾਬਾ ਜੀ ਨੇ ਕਿਹਾ ਵਾਲ ਨਹੀਂ, ਇਹ ਐਨਕ ਹੈ। ਜੋ ਤੁਸੀਂ ਖਾਣੇ ਦਾ ਸਾਮਾਨ ਲੈਣ ਜਾ ਰਹੇ ਹੋ, ਉਹ ਕਿਸੇ ਇਨਸਾਨ ਦੀ ਦੁਕਾਨ ਤੋਂ ਲੈ ਕੇ ਆਣਾ। ਸੁਣ ਕੇ ਬਹਿਲੋਲ ਜੀ ਬੋਲੇ, ਇਹ ਸ਼ਹਿਰ ਪੀਰਾਨੇ-ਪੀਰ ਦਸਤਗੀਰ ਜੀ ਦਾ ਹੈ। ਸਾਰਿਆਂ ਨੂੰ ਯਕੀਨ ਹੈ ਕਿ ਦਸਤਗੀਰ ਜੀ ਦੇ ਸ਼ਹਿਰ 'ਚ ਰਹਿਣ ਕਾਰਨ ਸਾਰੇ ਨਜਾਤ (ਗੁਨਾਹਾਂ ਦੀ ਮਾਫ਼ੀ) ਪਾਉਣਗੇ।

ਗੁਰੂ ਜੀ ਨੇ ਕਿਹਾ, ਐਸਾ ਨਹੀਂ ਹੈ। ਜ਼ਿੰਦਗੀ ਵਿਚ ਜੋ ਜੋ ਕਿਸੇ ਨੇ ਕੀਤਾ ਹੁੰਦਾ ਹੈ, ਖ਼ੁਦਾ ਦੇ ਘਰ ਵਿਚ ਉਸ ਦਾ ਹਿਸਾਬ ਹੁੰਦਾ ਹੈ। ਇਹ ਖ਼ਿਆਲ ਕਿ ਅਸੀਂ ਪੀਰ ਜੀ ਦੇ ਸ਼ਹਿਰ 'ਚ ਰਹਿੰਦੇ ਹਾਂ, ਇਸ ਲਈ ਬਖ਼ਸ਼ੇ ਜਾਵਾਂਗੇ, ਦਰੁਸਤ ਨਹੀਂ। ਗੁਰੂ ਜੀ ਨੇ ਅਮਰ ਰਜ਼ਾ ਨੂੰ ਇਕ ਟਕਾ ਦਿੱਤਾ ਤੇ ਕਿਹਾ ਕਿ ਇਸ ਟਕੇ ਦਾ ਸਾਮਾਨ ਲੈਣ ਜੀ ਜੋ ਐਨਕ ਤੈਨੂੰ ਦਿੱਤੀ ਹੈ, ਉਸ ਨੂੰ ਅੱਖਾਂ 'ਤੇ ਲਟਕਾ ਕੇ ਦੇਖ ਲੈਣਾ ਕਿ ਦੁਕਾਨਦਾਰ ਇਨਸਾਨ ਹੈ! ਜੀ ਹਜ਼ੂਰ ਕਹਿ ਕੇ ਉਹ ਬਾਜ਼ਾਰ ਗਿਆ ਤੇ ਇਕ ਦੁਕਾਨ ਵਿਚ ਐਨਕ ਲਗਾ ਕੇ ਦੇਖਿਆ ਤਾਂ ਉਹ ਹਿਰਨ ਦਿਸਿਆ। ਦੂਸਰੀ ਦੁਕਾਨ 'ਤੇ ਜਾ ਕੇ ਦੇਖਿਆ ਤਾਂ ਉਹ ਮੁਰਗਾ ਦਿਸਿਆ। ਇਸੇ ਤਰ੍ਹਾਂ ਕਈ ਦੁਕਾਨਾਂ ਦੇਖੀਆਂ ਤਾਂ ਕੋਈ ਵੀ ਇਨਸਾਨ ਨਾ ਦਿਸਿਆ। ਪਰੇਸ਼ਾਨ ਹੋ ਕੇ ਉਹ ਖ਼ਾਲੀ ਹੱਥ ਤੁਰ ਪਿਆ। ਅਖ਼ੀਰ ਇਕ ਛੋਟੀ ਜਿਹੀ ਦੁਕਾਨ ਦੇਖੀ, ਜਿਸ ਦਾ ਮਾਲਕ ਜਟਾਜੂਟ ਧਾਰੀ ਸੀ। ਉਸ ਦੀਆਂ ਅੱਖਾਂ 'ਚ ਮਸਤੀ ਤੇ ਮੱਥੇ 'ਤੇ ਚਮਕ ਸੀ। ਅਮਰ ਰਜ਼ਾ ਨੇ ਐਨਕ ਲਾ ਕੇ ਦੇਖੀ ਦਾ ਉਹੀ ਸੂਰਤ ਦੇਖੀ ਜੋ ਬਗ਼ੈਰ ਐਨਕ ਦੇ ਸੀ। ਦੁਬਾਰਾ ਐਨਕ ਲਾ ਕੇ ਵੇਖਿਆ ਤਾਂ ਤਸੱਲੀ ਹੋ ਗਈ ਕਿ ਇਹੋ ਅਸਲੀ ਇਨਸਾਨ ਹੈ। ਦੁਕਾਨਦਾਰ ਨੂੰ ਟਕਾ ਦੇ ਕੇ ਜੋ ਚਾਹੀਦਾ ਸੀ ਉਹ ਦੱਸ ਦਿੱਤਾ। ਦੁਕਾਨਦਾਰ ਨੇ ਟਕੇ ਨੂੰ ਪਛਾਣ ਕੇ ਮੱਥੇ 'ਤੇ ਲਾਇਆ ਤੇ ਫਿਰ ਉਸ ਨੂੰ ਅੰਦਰ ਰੱਖ ਕੇ ਅਮਰ ਰਜ਼ਾ ਨੂੰ ਸਾਮਾਨ ਦਿੱਤਾ ਤਾਂ ਅਮਰ ਰਜ਼ਾ ਨੇ ਕਿਹਾ, 'ਮੈਂ ਤੁਹਾਨੂੰ ਇਕ ਟਕਾ ਦਿੱਤਾ ਸੀ ਪਰ ਤੁਸਾਂ ਗ਼ਲਤੀ ਨਾਲ ਵੱਧ ਸਾਮਾਨ ਦੇ ਦਿੱਤਾ ਹੈ।' ਉਸ ਨੇ ਕਿਹਾ, ' ਇਹ ਸਾਮਾਨ ਉਸ ਟਕੇ ਦਾ ਨਹੀਂ, ਉਸ ਟਕੇ ਦੀ ਕੀਮਤ ਬੇਸ਼ੁਮਾਰ ਹੈ, ਜੋ ਮੈਂ ਦੇ ਨਹੀਂ ਸਕਦਾ। ਜੋ ਸਾਮਾਨ ਦਿੱਤਾ ਹੈ, ਉਹ ਉਸ ਟਕੇ ਦੇ ਦੀਦਾਰ ਦੀ ਕੀਮਤ ਹੈ। ਜਲਦੀ ਜਾਵੋ, ਤੁਹਾਡੀ ਇੰਤਜ਼ਾਰ ਹੋ ਰਹੀ ਹੈ।' ਅਮਰ ਰਜ਼ਾ ਨੇ ਜੋ ਦੇਖਿਆ ਸੀ ਆ ਕੇ ਬਹਿਲੋਲ ਨੂੰ ਦੱਸਿਆ। ਬਹਿਲੋਲ ਜੀ ਦਾ ਬਾਬਾ ਜੀ 'ਤੇ ਭਰੋਸਾ ਹੋਰ ਵਧ ਗਿਆ ਉਨ੍ਹਾਂ ਨੂੰ ਅੱਲ੍ਹਾ ਦੀ ਜ਼ਾਤ ਕਰ ਕੇ ਮੰਨਣ ਲੱਗੇ। ਬਾਬਾ ਜੀ ਸ਼ਾਮ ਨੂੰ ਆਪਣੀ ਥਾਂ 'ਤੇ ਆ ਗਏ। ਕੀਰਤਨ ਵਿਚ ਬੇਅੰਤ ਲੋਕ ਆਏ, ਜਿਸ ਦੀ ਵਜ੍ਹਾ ਇਹ ਸੀ ਕਿ ਬਗ਼ਦਾਦਾ ਦਾ ਉਹ ਵੱਡਾ ਪੀਰ ਅਬਦੁਲ ਰਹਿਮਾਨ ਦਸਤਗੀਰ ਵੀ ਸਾਥੀਆਂ ਸਮੇਤ ਹਾਜ਼ਰ ਸੀ।

ਇਕ ਦਿਨ ਕੀਰਤਨ ਤੋਂ ਬਾਅਦ ਗੁਰੂ ਜੀ ਨੂੰ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਹੁਣ ਕਿਸੇ ਦੂਸਰੀ ਥਾਂ ਚੱਲੋ ਕਿਉਂਕਿ ਇਥੇ ਦਾ ਪਾਣੀ ਬੜਾ ਕੌੜਾ ਹੈ। ਬਾਬਾ ਜੀ ਨੇ ਆਖਿਆ ਕਿ ਇਸ ਜ਼ਮੀਨ ਨੇ ਖ਼ੁਦਾ ਦੀ ਸਿਫ਼ਤ-ਸਲਾਹ ਦਾ ਕੀਰਤਨ ਸੁਣਿਆ ਹੈ। ਇਹ ਜ਼ਰੂਰ ਮਿੱਠਾ ਪਾਣੀ ਦੇਵੇਗੀ। ਬਾਬਾ ਜੀ ਨੇ ਮਰਦਾਨਾ ਜੀ ਨੂੰ ਆਪਣੀ ਆਸਾ (ਸੋਟੀ) ਦਿੱਤੀ ਤੇ ਕਿਹਾ ਕਿ ਇਸ ਨੂੰ ਜ਼ਮੀਨ 'ਚ ਗੱਡ ਦਿਓ। ਮਰਦਾਨਾ ਜੀ ਨੇ ਆਸਾ ਜ਼ਮੀਨ 'ਚ ਗੱਡੀ ਹੀ ਸੀ ਕਿ ਪਾਣੀ ਦਾ ਚਸ਼ਮਾ ਨਿਕਲ ਆਇਆ, ਜੋ ਮਿੱਠਾ ਸੀ। ਇਸ ਆਬੇ-ਹਯਾਤ (ਅੰਮ੍ਰਿਤ) ਨੂੰ ਪੀ ਕੇ ਸੰਗਤ ਨੇ ਆਪਣੇ ਦਿਲਾਂ ਨੂੰ ਪਵਿੱਤਰ ਕੀਤਾ। ਬਾਅਦ 'ਚ ਇਸ ਚਸ਼ਮੇ ਨੂੰ ਖੂਹ ਦੀ ਸ਼ਕਲ 'ਚ ਬਦਲ ਦਿੱਤਾ ਗਿਆ, ਜਿਸ ਦਾ ਨਾਂ 'ਵਲੀ ਹਿੰਦ ਦਾ ਚਸ਼ਮਾ' ਹੈ।




ਬਗ਼ਦਾਦ ਵਿਖੇ ਗੁਰੂ ਨਾਨਕ ਸਾਹਿਬ ਦੀ ਯਾਦਗਾਰ ਉੱਪਰ ਅਰਬੀ ਤੇ ਤੁਰਕੀ ਭਾਸ਼ਾ 'ਚ ਲੱਗਾ ਸ਼ਿਲਾਲੇਖ।

ਬਹਿਲੋਲ ਜੀ ਨੇ ਗੁਰੂ ਜੀ ਨੂੰ ਬੇਨਤੀ ਕਰ ਕੇ ਕਾਫ਼ੀ ਦਿਨ ਇਥੇ ਰੱਖਿਆ। ਬਾਅਦ 'ਚ ਬਾਬਾ ਜੀ ਦੀ ਯਾਦਗਾਰ ਇਕ ਚਬੂਤਰੇ ਦੀ ਸ਼ਕਲ 'ਚ ਬਣਵਾਈ, ਜਿਸ ਦੇ ਹੇਠਾਂ ਅਰਬੀ ਤੇ ਤੁਰਕੀ ਜ਼ਬਾਨਾਂ ਵਿਚ ਲਿਖਿਆ ਅੱਜ ਵੀ ਮੌਜੂਦ ਹੈ। ਬਹਿਲੋਲ ਕਹਿੰਦੇ ਹਨ, "ਐ ਮੁਰਾਦਾਂ ਪੂਰੀਆਂ ਕਰਨ ਵਾਲੇ ਖ਼ੁਦਾ ਤੂੰ ਜ਼ਾਹਿਰ ਖ਼ੁਦਾ ਹੈਂ। ਕੀ ਹੋਇਆ ਜੋ ਬਾਬਾ ਨਾਨਕ ਨਾਮ ਨਾਲ ਫ਼ਕੀਰੀ ਲਿਬਾਸ ਵਿਚ ਦੁਨੀਆ 'ਚ ਆਏ ਹੋ! ਮੈਂ ਪਛਾਣ ਲਿਆ ਹੈ। ਇਸ ਯਾਦਗਾਰੀ ਇਮਾਰਤ ਨੂੰ ਕਾਇਮ ਕਰਦਾ ਹਾਂ, ਜੋ ਆਉਣ ਵਾਲੀਆਂ ਪੁਸ਼ਤਾਂ ਤਕ ਕਾਇਮ ਰਹੇ। ਇਸ ਦੀ ਕਾਇਮੀ ਲਈ ਜ਼ਰੂਰੀ ਹੈ ਕਿ ਮੈਂ ਆਪ ਦੀ ਮਦਦ ਮੰਗਾਂ ਕਿ ਆਪਣੇ ਇਸ ਨੇਕ ਬਖ਼ਤ ਮੁਰੀਦ ਨੂੰ ਹਮੇਸ਼ਾ ਰਹਿਣ ਵਾਲਾ ਸਵਾਬ ਮਿਲਦਾ ਰਹੇ (917 ਹਿਜਰੀ)।"

1914 ਦੀ ਆਲਮੀ ਜੰਗ 'ਚ ਸਿੱਖ ਫ਼ੌਜੀਆਂ ਨੇ ਇਸ ਚਬੂਤਰੇ 'ਤੇ ਛੋਟਾ ਜਿਹਾ ਕਮਰਾ ਬਣਾਇਆ। ਲੜਾਈ ਤੋਂ ਬਾਅਦ ਬਗ਼ਦਾਦ ਆਜ਼ਾਦ ਹੋਇਆ ਤਾਂ ਬਹੁਤ ਸਾਰੇ ਸਿੰਧੀ ਤੇ ਦੂਸਰੇ ਸਿੱਖ ਵਪਾਰੀ ਇਥੇ ਪੁੱਜੇ। ਗੁਰੂ ਸਾਹਿਬ ਦੇ ਕਦਮਾਂ ਨੂੰ ਛੂਹ ਵਾਲੀ ਮਿੱਟੀ ਨੂੰ ਚੁੰਮਿਆ ਤੇ ਆਪਣੀ ਨੇਕ ਕਮਾਈ 'ਚੋਂ ਸ਼ਾਨਦਾਰ ਮੀਨਾਰ ਬਣਵਾਇਆ। ਇਸ ਮੀਨਾਰ ਦਾ ਨਿਸ਼ਾਨ ਸਾਹਿਬ ਬਗ਼ਦਾਦ ਸ਼ਹਿਰ ਤੋਂ ਉੱਚਾ ਝੂਲ ਰਿਹਾ ਹੈ ਤੇ ਸ਼ਹਿਰ ਦੇ ਚਾਰੇ ਪਾਸਿਓਂ ਦਿਸਦਾ ਹੈ। ਜੋ ਪੱਟੀ (ਸ਼ਿਲਾਲੇਖ) ਚਬੂਤਰੇ 'ਤੇ ਲੱਗੀ ਸੀ, ਉਹ ਹੁਣ ਦਰਬਾਰ ਦੀ ਦਹਿਲੀਜ਼ ਦੇ ਸਾਹਮਣੇ ਲੱਗੀ ਹੈ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਇਕ ਗ੍ਰੰਥੀ ਸਾਹਿਬ ਰੱਖਿਆ ਗਿਆ ਹੈ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਬਹਿਲੋਲ ਜੀ ਦੇ ਮੁਰੀਦ ਅਮਰ ਰਜ਼ਾ ਦੀ ਵੰਸ਼ ਕੋਲ ਹੈ। ਇਨ੍ਹਾਂ ਕੋਲ ਇਕ ਪਵਿੱਤਰ ਕਿਤਾਬ ਵੀ ਹੈ, ਜਿਸ 'ਚ ਜਪੁਜੀ ਸਾਹਿਬ ਅਤੇ ਮੱਕਾ ਤੇ ਬਗ਼ਦਾਦ ਦੀ ਵਾਰਤਾਲਾਪ ਵੀ ਹੈ।

### ਮੁਸ਼ਤਾਕ ਹੁਸੈਨ ਦੀ ਪਿਤਾ ਨਾਲ ਮੁਲਾਕਾਤ

ਮੁਸ਼ਤਾਕ ਹੁਸੈਨ ਨੇ 'ਸਿਹਾਯਤੋ ਬਾਬਾ ਨਾਨਕ ਫ਼ਕੀਰ' ਤੇ 'ਤਵਾਰੀਖ਼-ਏ-ਅਰਬ' ਦੀ ਨਕਲ ਕਰ ਕੇ ਕਿਤਾਬੀ ਸ਼ਕਲ ਦੇ ਕੇ ਆਪਣੇ ਪਿਤਾ ਜੀ ਨੂੰ ਦਿੱਤੀ ਤਾਂ ਕਿ ਉਨ੍ਹਾਂ ਦੇ ਵਿਚਾਰ ਜਾਣ ਲਵੇ ਤੇ ਸੋਚਣ ਲੱਗਾ ਕਿ ਦੋ ਦਿਨ ਪੜ੍ਹ ਕੇ ਆਪਣੇ ਵਿਚਾਰ ਮੇਰੇ ਨਾਲ ਸਾਂਝੇ ਕਰਨਗੇ। ਪਰ ਦੋ ਦਿਨਾਂ ਤਕ ਮੈਨੂੰ ਨਹੀਂ ਬੁਲਾਇਆ ਤੇ ਤੀਸਰੇ ਦਿਨ ਮੈਂ ਆਪਣੀ ਕਿਤਾਬ ਮੰਗੀ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਮੈਂ ਬੜਾ ਮਾਯੂਸ ਹੋਇਆ, ਜਿਵੇਂ ਮੇਰਾ ਸਭ ਕੁਝ ਗੁੰਮ ਗਿਆ ਹੋਵੇ। ਮੈਂ ਮਦੀਨੇ ਦੀਆਂ ਗਲੀਆਂ 'ਚ ਫਿਰ ਕੇ ਗੁਰੂ ਨਾਨਕ ਸਾਹਿਬ ਦੀ ਨਿਸ਼ਾਨੀ ਦੀ ਤਲਾਸ਼ ਕਰਨ ਲੱਗਾ ਤਾਂ ਮੈਨੂੰ ਇਕ ਕਾਫ਼ਲਾ ਦਿਸਿਆ, ਜੋ ਬਹਿਤੁਲ ਮੁਕੱਦਸ ਜਾ ਰਿਹਾ ਸੀ। ਮੈਂ 'ਸਿਹਾਯਤੋ ਬਾਬਾ ਨਾਨਕ ਫ਼ਕੀਰ' ਕਿਤਾਬ 'ਚ ਪੜ੍ਹਿਆ ਸੀ ਕਿ ਮੱਕਾ ਜਾਣ ਤੋਂ ਪਹਿਲਾਂ ਗੁਰੂ ਜੀ ਇਸ ਸ਼ਹਿਰ 'ਚ ਆਏ ਸਨ। ਮੈਂ ਸੋਚਿਆ ਕਿ ਇਸ ਕਾਫ਼ਲੇ ਦੇ ਨਾਲ ਜਾ ਕੇ ਇਸ ਥਾਂ ਦੇ ਦੀਦਾਰ ਕੀਤੇ ਜਾਣ ਤੇ ਉੱਥੋਂ ਦੇ ਲੋਕਾਂ ਕੋਲੋਂ ਗੁਰੂ ਸਾਹਿਬ ਬਾਰੇ, ਉਨ੍ਹਾਂ ਦੇ ਵਿਚਾਰ ਹਾਸਲ ਕੀਤੇ ਜਾਣ। ਮੈਂ ਕਾਫ਼ਲੇ ਨਾਲ ਤੁਰ ਪਿਆ। ਇਕ ਊਠ ਵਾਲਾ, ਜੋ ਇਕੱਲਾ ਹੀ ਸੀ, ਉਸ ਨਾਲ ਹੋ ਗਿਆ। ਉਹ ਊਠ ਜ਼ਰੀਏ ਪੰਜ ਦਿਨਾਂ 'ਚ ਰੇਗਿਸਤਾਨੀ ਇਲਾਕਾ ਪਾਰ ਕਰ ਕੇ ਬੈਹਤੁਲ ਮੁਕੱਦਸ ਪੁੱਜੇ। ਪਤਾ ਲੱਗਾ ਕਿ ਊਠ ਵਾਲਾ ਸਿੰਧੀ ਹੈ ਤੇ ਬਾਬਾ ਨਾਨਕ ਜੀ ਨੂੰ ਮੰਨਣ ਵਾਲਾ ਹੈ। ਉਸ ਨੇ ਉਨ੍ਹਾਂ ਨੂੰ ਇਕ ਛੋਟੀ ਜਿਹੀ ਕਿਤਾਬ ਵਿਖਾਈ ਜੋ ਸੁਨਹਿਰੀ ਹਰਫ਼ਾਂ ਨਾਲ ਅਰਬੀ ਵਿਚ ਲਿਖਿਆ 'ਜਪੁਜੀ ਸਾਹਿਬ' ਦਾ ਗੁਟਕਾ ਸੀ। ਸ਼ਹਿਰ ਵਿਚ ਜਾ ਕੇ ਉਸ ਊਠ ਵਾਲੇ ਦੇ ਨਾਲ ਸ਼ਹਿਰ ਦੇ ਬਾਹਰ ਕਬਰਿਸਤਾਨ 'ਚ ਬਣੇ ਗੁੰਬਦਨੁਮਾ ਆਲੀਸ਼ਾਨ ਗੁਰਦੁਆਰੇ ਦੇ ਦਰਸ਼ਨ ਕੀਤੇ, ਜਿਸ ਦਾ ਜ਼ਿਕਰ 'ਸਿਹਾਯਤੋ ਬਾਬਾ ਨਾਨਕ ਫ਼ਕੀਰ' ਕਿਤਾਬ 'ਚ ਪੜ੍ਹਿਆ ਸੀ ਤੇ ਜਿਸ ਦਾ ਨਾਂ ਉਸ ਵਿਚ 'ਨਾਨਕ ਸ਼ਾਹ ਕਲੰਦਰ' ਲਿਖਿਆ ਸੀ। ਅੰਦਰ ਹਾਲ ਦੇ ਵਿਚ ਇਕ ਚਬੂਤਰਾ ਬਣਿਆ ਹੋਇਆ ਸੀ, ਜਿਸ 'ਤੇ ਚਾਦਰ ਵਿਛੀ ਹੋਈ ਸੀ ਤੇ ਕੁਝ ਪ੍ਰੇਮੀ ਅਰਬੀ ਜ਼ਬਾਨ ਵਿਚ ਕੀਰਤਨ ਕਰ ਰਹੇ ਸਨ। ਕੀਰਤਨ ਤੋਂ ਬਾਅਦ ਮੈਂ ਉਨ੍ਹਾਂ ਨੂੰ ਪੁੱਛਿਆ, "ਫਲਾ ਹਾਜ਼ਾ ਮਜ਼ਹਬੂ?", (ਆਪ ਦਾ ਮਜ਼ਹਬ ਜਾਂ ਧਰਮ ਕੀ ਹੈ?)

ਉਨ੍ਹਾਂ ਆਖਿਆ, "ਅੱਲ੍ਹਾ ਇਨਾਹੂ ਨਾਨਕ ਸ਼ਾਹ ਹਿੰਦੁਲ ਪੀਰ।" (ਸਾਡਾ ਮਜ਼ਹਬ ਹਿੰਦ ਦੇ ਫ਼ਕੀਰ ਨਾਨਕ ਸ਼ਾਹ ਪੀਰ ਦਾ ਹੈ)ਪੁੱਛਿਆ, ਆਪ ਦਾ ਨਬੀ ਕੌਣ ਹੈ? ਜਵਾਬ ਮਿਲਿਆ, "ਨਾਨਕ ਨਬੀਯਨ ਵ ਅਨ ਆਮਨਾ ਬੇਹੀ।" (ਨਾਨਕ ਹੀ ਸਾਡਾ ਨਬੀ ਤੇ ਈਮਾਨ ਹੈ, ਜਿਸ ਤੇ ਸਾਡਾ ਈਮਾਨ ਕਾਇਮ ਹੈ) ਫਿਰ ਪੁੱਛਿਆ ਪੈਗ਼ੰਬਰ ਜਾਂ ਨਬੀ ਦੇ ਤਿੰਨ ਨਿਸ਼ਾਨ ਹੁੰਦੇ ਹਨ 1. ਕਿਤਾਬ, 2 ਤਾਕਤ 3 ਮੁਰੀਦ। ਜਿਸ ਵਿਅਕਤੀ ਨਾਲ ਗੱਲਬਾਤ ਹੋ ਰਹੀ ਸੀ, ਉਹ ਤਾਂ ਚੁੱਪ ਹੋ ਗਿਆ ਪਰ ਨਾਲ ਬੈਠੇ ਇਕ ਬੁੱਢੇ ਆਦਮੀ ਨੇ ਛਾਤੀ ਠੋਕ ਕੇ ਕਿਹਾ, "ਅਮਾਂ ਉਮਤੀ।" (ਅਸੀਂ ਸਾਰੇ ਉਸ ਦੇ ਮੁਰੀਦ ਹਾਂ) ਉਸ ਨੇ ਆਪਣੀ ਬਗਲ 'ਚੋਂ ਛੋਟਾ ਗੁਟਕਾ ਕੱਢ ਕੇ ਆਖਿਆ, "ਰਾਜ਼ਾ ਕਲਾਮੁਨ।" (ਇਹ ਕਲਾਮ ਪਾਕ ਹੈ) ਤਾਕਤ ਬਾਰੇ ਉਸ ਨੇ ਆਖਿਆ, "ਰਾਜ਼ਾ ਬੈਤੁਲਾ ਸ਼ਹਾਦਨ ਯੁਮੇ ਹਸ਼ਰ।" (ਮੱਕਾ ਕਾਅਬਾ ਤੋਂ ਆਪਣਾ 'ਤੁਆਫ਼' ਕਰਵਾਇਆ) ਇਨ੍ਹਾਂ ਸਵਾਲਾਂ-ਜਵਾਬਾਂ ਨਾਲ ਮੇਰਾ ਯਕੀਨ ਬਹੁਤ ਵਧ ਗਿਆ ਸੀ।

ਮਦੀਨੇ ਪਹੁੰਚ ਕੇ ਪਿਤਾ ਜੀ ਮਿਲੇ ਤਾਂ ਉਨ੍ਹਾਂ ਦੇ ਕਿਤਾਬ ਬਾਰੇ ਖ਼ਿਆਲਾਤ ਪੁੱਛੇ। ਮੇਰੇ ਪਰੇਸ਼ਾਨੀ ਨੂੰ ਭਾਂਪਦੇ ਹੋਏ, ਉਨ੍ਹਾਂ ਕਿਤਾਬ ਵਾਪਸ ਕਰ ਦਿੱਤੀ ਤੇ ਕਹਿਣ ਲੱਗੇ ਤੂੰ ਇਥੇ ਕਹਾਣੀਆਂ ਪੜ੍ਹਨ ਨਹੀਂ ਆਇਆ। ਆਪਣੇ ਮਕਸਦ ਨੂੰ ਹਾਸਲ ਕਰੋ। ਕਿਤਾਬ ਲੈ ਕੇ ਮੈਂ ਕਮਰੇ 'ਚ ਆ ਗਿਆ ਤੇ ਦੁਬਾਰਾ ਕਿਤਾਬ ਨੂੰ ਪੜ੍ਹਿਆ ਤਾਂ ਰਾਤ ਦਾ ਪਹਿਲਾ ਹਿੱਸਾ ਖ਼ਤਮ ਹੋ ਚੁੱਕਾ ਸੀ। ਮੈਂ ਗੁਰੂ ਨਾਨਕ ਸਾਹਿਬ ਅੱਗੇ ਅਰਦਾਸ ਕੀਤੀ ਕਿ ਜੋ ਕੁਝ ਮੈਂ ਤੁਹਾਡੇ ਬਾਰੇ ਪੜ੍ਹਿਆ ਹੈ, ਜੇ ਉਹ ਸਹੀ ਹੈ ਤੰ ਮੈਨੂੰ ਸੂਝ-ਬੂਝ ਬਖ਼ਸ਼ਿਸ਼ ਕਰੋ, ਜਿਸ ਤੋਂ ਮੈਂ ਸਹੀ ਰਸਤਾ ਫੜ ਸਕਾਂ। ਰਾਤ ਬਹੁਤ ਹੋਣ ਕਾਰਨ ਨੀਂਦ ਨੇ ਫ਼ਰਸ਼ 'ਤੇ ਹੀ ਲੰਮੇ ਪਾ ਦਿੱਤਾ ਸੀ। ਸੁਪਨੇ 'ਚ ਦੇਖਦਾ ਹਾਂ ਕਿ ਜਿਸ ਤਰ੍ਹਾਂ ਇਸਲਾਮ ਦੀਆਂ ਕਿਤਾਬਾਂ 'ਚ ਲਿਖਿਆ ਹੈ, ਹੂਬਹੂ ਉਸੇ ਤਰ੍ਹਾਂ ਕਿਆਮਤ ਦਾ ਨਜ਼ਾਰਾ ਹੈ। ਲੋਕ, ਜਿਨ੍ਹਾਂ ਨੂੰ ਨਜਾਤ ਨਹੀਂ ਮਿਲੀ, ਖੁੱਲ੍ਹੇ ਮੈਦਾਨ 'ਚ ਨੰਗੇ ਖੜ੍ਹੇ ਆਪਣੇ ਹੱਥਾਂ ਵਿਚ ਸੰਸਾਰ 'ਚ ਰਹਿੰਦਿਆਂ ਕੀਤੇ ਕਰਮਾਂ ਦਾ ਲੇਖਾ ਜੋਖਾ ਦੇਖ ਕੇ ਹੈਰਾਨ ਹੋ ਰਹੇ ਹਨ। ਸੂਰਜ ਨੇ ਜ਼ਮੀਨ ਨੂੰ ਤਾਂਬੇ ਦੀ ਤਰ੍ਹਾਂ ਗਰਮ ਕੀਤਾ ਹੋਇਆ ਹੈ ਤੇ ਲੋਕ ਗਰਮੀ ਨਾਲ ਤੜਪ ਰਹੇ ਹਨ। ਇਸਲਾਮ ਨੇ ਦੱਸਿਆ ਹੈ ਕਿ ਐਸੇ ਖ਼ੌਫ਼ਨਾਕ ਸਮੇਂ ਖ਼ੁਦਾ ਦੀਦਾਰ ਬਖ਼ਸ਼ ਕੇ ਜਨਤਾ ਦੇ ਦੁੱਖ ਆਪ ਮਿਟਾਉਣਗੇ ਤੇ ਆਪ ਜੰਨਤ ਤੇ ਦੋਜ਼ਕ ਦਾ ਫ਼ੈਸਲਾ ਕਰਨਗੇ। ਸਾਹਮਣੇ ਹੀਰੇ ਜੜਤ ਤਖ਼ਤ ਵੀ ਦਿਸ ਰਿਹਾ ਸੀ, ਜਿਸ ਉੱਪਰ ਸੁਨਹਿਰੀ ਪਾਲਕੀ ਸੀ। ਹਾਜ਼ਰੀਨ ਨੂੰ ਭਰੋਸਾ ਸੀ ਕਿ ਹੁਣ ਖ਼ੁਦਾਵੰਦ ਕਰੀਮ ਦੇ ਪਾਲਕੀ 'ਚੋਂ ਦੀਦਾਰ ਹੋਣਗੇ ਤੇ ਅਸੀਂ ਬਖ਼ਸ਼ੇ ਜਾਵਾਂਗੇ। ਇਨ੍ਹਾਂ ਤੜਪ ਰਹੇ ਲੋਕਾਂ ਵਿੱਚੋਂ ਆਵਾਜ਼ ਆਈ ਕਿ ਹਜ਼ਰਤ ਈਸਾ ਪੈਗ਼ੰਬਰ ਆ ਰਹੇ ਹਨ। ਸਾਰਿਆਂ ਨੂੰ ਉਮੀਦ ਹੋਈ ਕਿ ਈਸਾ ਜੀ ਸਾਡੀ ਸਿਫ਼ਾਰਸ਼ ਕਰ ਕੇ ਦੁੱਖਾਂ ਤੋਂ ਛੁਟਕਾਰਾ ਪਾਉਣ 'ਚ ਮਦਦ ਕਰਨਗੇ। ਦੇਖਿਆ ਕਿ ਅੱਗੇ-ਅੱਗੇ ਈਸਾ ਜੀ ਤੇ ਪਿੱਛੇ ਉਨ੍ਹਾਂ ਦੀ ਉੱਮਤ ਆ ਰਹੀ ਹੈ। ਈਸਾ ਜੀ ਪਾਲਕੀ ਨੂੰ ਸਜਦਾ ਕਰ ਖੱਬੇ ਪਾਸੇ ਖੜ੍ਹੇ ਹੋ ਗਏ ਤੇ ਉਨ੍ਹਾਂ ਦੀ ਉੱਮਤ ਲੋਕਾਂ 'ਚ ਮਿਲ ਗਈ। ਫਿਰ ਇਕ ਆਵਾਜ਼ ਆਈ ਕਿ ਹਜ਼ਰਤ ਮੂਸਾ ਆ ਰਹੇ ਹਨ ਪਰ ਉਹ ਵੀ ਹਜ਼ਰਤ ਈਸਾ ਵਾਂਗ ਪਾਲਕੀ ਨੂੰ ਸਜਦਾ ਕਰ ਕੇ ਉਸ ਦੇ ਨਾਲ ਖੜ੍ਹੇ ਹੋ ਗਏ। ਫਿਰ ਹਜ਼ਰਤ ਦਾਊਦ ਦੇ ਆਉਣ ਦੀ ਆਵਾਜ਼ ਆਈ। ਉਹ ਵੀ ਪਾਲਕੀ ਨੂੰ ਸਜਦਾ ਕਰ ਕੇ ਹਜ਼ਰਤ ਈਸਾ ਤੇ ਮੂਸਾ ਦੇ ਪਾਸ ਖੜ੍ਹੇ ਹੋ ਗਏ। ਹੁਣ ਹਜ਼ਰਤ ਮੁਹੰਮਦ ਸਾਹਿਬ ਦੇ ਆਉਣ ਦੀ ਆਵਾਜ਼ ਆਈ। ਲੋਕਾਂ ਨੂੰ ਭਰੋਸਾ ਹੋ ਗਿਆ ਕਿ ਇਹ ਸਾਡੀ ਸਿਫ਼ਾਰਸ਼ ਕਰ ਕੇ ਦੁੱਖਾਂ ਮੁਸੀਬਤਾਂ ਤੋਂ ਛੁਟਕਾਰਾ ਦਿਵਾਉਣਗੇ ਕਿਉਂਕਿ ਉਨ੍ਹਾਂ ਨੇ ਦੁਨੀਆ 'ਚ ਵਾਅਦਾ ਕੀਤਾ ਸੀ ਕਿ ਕਿਆਮਤ ਦੇ ਦਿਨ ਉਹ ਸਿਫ਼ਾਰਸ਼ ਕਰ ਕੇ ਲੋਕਾਂ ਨੂੰ ਦੁੱਖਾਂ ਤੋਂ ਛੁਟਕਾਰਾ ਦਿਵਾਉਣਗੇ। ਉਹ ਵੀ ਪਹਿਲੇ ਹਜ਼ਰਤਾਂ ਵਾਂਗ ਆ ਕੇ ਖੜ੍ਹੇ ਹੋ ਗਏ। ਚਾਰਾਂ ਨੂੰ ਖ਼ਾਮੋਸ਼ ਦੇਖ ਕੇ ਲੋਕ ਹੋਰ ਦੁਖੀ ਹੋਏ। ਫਿਰ ਇਕੱਠ ਵਿੱਚੋਂ ਆਵਾਜ਼ ਆਈ ਮਰਹਬਾ (ਵਾਹ-ਵਾਹ) ਅੱਲ੍ਹਾ ਬਾਬਾ ਨਾਨਕ ਆ ਰਹੇ ਹਨ। ਸਾਰਿਆਂ ਨੇ ਸਾਹਿਬਾਨ-ਸਾਹਿਬਾਨ ਸ਼ੁਰੂ ਕਰ ਦਿੱਤਾ। ਮੈਨੂੰ ਕਿਉਂਕਿ ਨਾਨਕ ਨਾਮ 'ਚ ਖ਼ਾਸ ਦਿਲਚਸਪੀ ਸੀ, ਸਾਹਮਣੇ ਦੇਖਿਆ ਕਿ ਨੂਰੀ ਜਲਵੇ ਦੇ ਮਾਲਕ ਆ ਰਹੇ ਹਨ ਤੇ ਡੂੰਘੀ ਨਜ਼ਰ ਨਾਲ ਜਨਤਾ ਨੂੰ ਦੇਖਦੇ ਹੋਏ ਨਿਧੜਕ ਰਫ਼ਤਾਰ ਵਿਚ ਆ ਰਹੇ ਹਨ। ਜਿੱਥੇ-ਜਿੱਥੇ ਨਜ਼ਰ ਪੈਂਦੀ ਸੀ ਲੋਕਾਂ ਨੂੰ ਆਜ਼ਾਦੀ ਮਿਲ ਕੇ ਠੰਢਕ ਮਿਲ ਰਹੀ ਸੀ। ਆਪ ਦੇ ਪਿੱਛੇ ਜਟਾਜੂਟ ਸੰਗਤ ਕੇਸਰੀ ਨਿਸ਼ਾਨ ਸਾਹਿਬ ਲੈ ਕੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰ ਰਹੀ ਸੀ ਤੇ ਨੂਰਾਨੀ ਚਿਹਰੇ ਦਾ ਜਲਾਲ ਲੱਖਾਂ ਸੂਰਜਾਂ ਦੀ ਚਮਕ ਨੂੰ ਸ਼ਰਮਸਾਰ ਕਰ ਰਿਹਾ ਸੀ। ਹਜ਼ੂਰ ਦੇ ਸਿਰ 'ਤੇ ਮੁਬਾਰਕ ਚਿੱਟੇ ਰੰਗ ਦੀ ਗੋਲ ਦਸਤਾਰ ਸੀ। ਗੋਡਿਆਂ ਤਕ ਕਲੀਦਾਰ ਚੋਲਾ ਤੇ ਹੱਥ ਵਿਚ ਸ਼ਾਨਦਾਰ ਮਾਲਾ ਸੀ। ਹੱਥ ਗੋਡਿਆਂ ਤੋਂ ਹੇਠਾਂ ਤਕ ਆਉਂਦੇ ਸਨ। ਮੁਸ਼ਤਾਕ ਜੀ ਨੇ ਦੱਸਿਆ ਕਿ ਪੂਰੇ ਪੰਥ ਵਿਚ ਕੋਸ਼ਿਸ਼ ਕੀਤੀ ਕਿ ਉਸ ਸੂਰਤ ਜਿਹੀ ਕੋਈ ਫੋਟੋ ਮਿਲ ਜਾਵੇ ਪਰ ਕਾਮਯਾਬੀ ਨਹੀਂ ਮਿਲੀ। •



ਡਾ. ਜਸਬੀਰ ਸਿੰਘ ਸਰਨਾ
99065-66604



# ਮਹਾਨ ਸਿੱਖ ਜਰਨੈਲ ਅਕਾਲੀ ਬਾਬਾ ਫੂਲਾ ਸਿੰਘ

ਅਕਾਲੀ ਬਾਬਾ ਫੂਲਾ ਸਿੰਘ ਉਹ ਮਹਾਨ ਸਿੱਖ ਜਰਨੈਲ ਸਨ, ਜਿਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵਡਮੱਲਾ ਯੋਗਦਾਨ ਪਾਇਆ। ਆਪ ਦਾ ਜਨਮ ਪਹਿਲੀ ਜਨਵਰੀ 1761 ਈਸਵੀ ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੀਹਾਂ ਵਿਖੇ ਪਿਤਾ ਸਰਦਾਰ ਈਸ਼ਰ ਸਿੰਘ ਤੇ ਮਾਤਾ ਹਰਿ ਕੌਰ ਦੇ ਘਰ ਹੋਇਆ। ਵੱਡੇ ਘੱਲੂਘਾਰੇ ਸਮੇਂ ਅਕਾਲੀ ਫੂਲਾ ਸਿੰਘ ਦੇ ਪਿਤਾ ਨੇ ਹਿੱਸਾ ਲਿਆ। ਉਸ ਵੇਲੇ ਅਕਾਲੀ ਬਾਬਾ ਫੂਲਾ ਸਿੰਘ ਦੀ ਉਮਰ ਇਕ ਸਾਲ ਦੇ ਕਰੀਬ ਸੀ। ਕੁਝ ਸਮੇਂ ਪਿੱਛੋਂ ਆਪ ਦੇ ਮਾਤਾ ਜੀ ਵੀ ਅਕਾਲ ਚਲਾਣਾ ਕਰ ਗਏ। ਪਿਤਾ ਦੇ ਦੋਸਤ ਸਰਦਾਰ ਨਰੈਣ ਸਿੰਘ (ਨੈਣਾ ਸਿੰਘ) ਨੇ ਫੂਲਾ ਸਿੰਘ ਦੀ ਪਰਵਰਿਸ਼ ਕੀਤੀ, ਉਹ ਬੁੱਢਾ ਦਲ ਦੇ 5ਵੇਂ ਜਥੇਦਾਰ ਸਨ।

ਛੋਟੀ ਉਮਰ 'ਚ ਹੀ ਅਕਾਲੀ ਫੂਲਾ ਸਿੰਘ ਘੋੜ-ਸਵਾਰੀ, ਨਿਸ਼ਾਨੇਬਾਜ਼ੀ ਤੇ ਬੀਰਤਾ ਭਰਪੂਰ ਕਰਤੱਵਾਂ 'ਚ ਨਿਪੁੰਨਤਾ ਹਾਸਲ ਕਰ ਗਏ। ਆਪ ਨੇ ਸ. ਨਰੈਣ ਸਿੰਘ (ਨੈਣਾ ਸਿੰਘ) ਤੋਂ ਪ੍ਰਭਾਵਿਤ ਹੋ ਕੇ ਨਿਹੰਗ ਬਾਣਾ ਧਾਰਨ ਕੀਤਾ। ਸ. ਨਰੈਣ ਸਿੰਘ ਦੀ ਮੌਤ ਤੋਂ ਬਾਅਦ ਆਪ ਅੰਮ੍ਰਿਤਸਰ ਰਹਿਣ ਲੱਗੇ। 1802 'ਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ 'ਤੇ ਚੜ੍ਹਾਈ ਕਰ ਦਿੱਤੀ। ਇਸ ਸ਼ਹਿਰ 'ਤੇ ਭੰਗੀ ਮਿਸਲ ਦਾ ਕਬਜ਼ਾ ਸੀ। ਜਦ ਅਕਾਲੀ ਫੂਲਾ ਸਿੰਘ ਨੇ ਖ਼ਾਲਸੇ ਨੂੰ ਖ਼ਾਲਸੇ ਵਿਰੁੱਧ ਟਕਰਾਅ ਦੀ ਹਾਲਤ 'ਚ ਦੇਖਿਆ ਤਾਂ ਉਨ੍ਹਾਂ ਨੇ ਦੋਹਾਂ ਧਿਰਾਂ ਦਾ ਸਮਝੌਤਾ ਕਰਵਾਇਆ। ਉਨ੍ਹਾਂ ਸ਼ਹਿਰ ਰਣਜੀਤ ਸਿੰਘ ਦੇ ਹਵਾਲੇ ਕਰਵਾ ਕੇ ਭੰਗੀ ਸਰਦਾਰਾਂ ਨੂੰ ਜਾਗੀਰ ਦਿਵਾਈ।

ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਜੀ ਦੇ ਨਾਂ 'ਤੇ 'ਅਕਾਲ ਰੈਜੀਮੈਂਟ' ਬਣਾਈ ਤੇ ਉਨ੍ਹਾਂ ਨੂੰ ਉਸ ਦਾ ਮੁਖੀ ਥਾਪਿਆ। ਮਹਾਰਾਜਾ ਰਣਜੀਤ ਸਿੰਘ ਅਕਾਲੀ ਫੂਲਾ ਸਿੰਘ ਦਾ ਬੇਹੱਦ ਸਤਿਕਾਰ ਕਰਦੇ ਸਨ। ਗਿਆਨੀ ਰੇਸ਼ਮ ਸਿੰਘ ਲਿਖਦੇ ਹਨ ਕਿ 1813 ਵਿਚ ਕਸ਼ਮੀਰ ਦੀ ਮੁਹਿੰਮ, 1816 'ਚ ਖ਼ਾਨਗੜ੍ਹ ਦੀ ਮੁਹਿੰਮ, 1816 ਦੀ ਮੁਲਤਾਨ ਦੀ ਫ਼ਤਹਿ, 1818 ਨੂੰ ਪੇਸ਼ਾਵਰ ਦੀ ਚੜ੍ਹਾਈ ਸਮੇਂ ਅਕਾਲੀ ਫੂਲਾ ਸਿੰਘ ਨੇ ਮੂਹਰੇ ਹੋ ਕੇ ਜੰਗਾਂ ਲੜੀਆਂ।

ਮੁਲਤਾਨ ਦੀ ਲੜਾਈ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਫੂਲਾ ਸਿੰਘ ਨੂੰ 'ਖ਼ਾਲਸਾ ਰਾਜ ਦੇ ਰਾਖੇ' ਦਾ ਖ਼ਿਤਾਬ ਦਿੱਤਾ। ਅਕਾਲੀ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਔਖੀਆਂ ਮੁਹਿੰਮਾਂ ਵਿਚ ਸਹਾਇਤਾ ਕੀਤੀ। ਮੁਲਤਾਨ ਦੀ ਮੁਹਿੰਮ ਵੇਲੇ ਅਕਾਲੀ ਫੂਲਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਾਥ ਦੇਣ ਦੀ ਬੇਨਤੀ ਕੀਤੀ, ਤਾਂ ਆਪ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਆਪਣੇ ਅਕਾਲੀ ਸੂਰਬੀਰ ਘੋੜ ਸਵਾਰਾਂ ਨੂੰ ਲੈ ਕੇ ਮੁਲਤਾਨ 'ਤੇ ਚੜ੍ਹਾਈ ਕੀਤੀ। ਕਿਲ੍ਹੇ ਦੀ ਕੰਧ 'ਚ ਪਾੜ ਪਾ ਕੇ ਆਪ ਘੋੜ ਸਵਾਰ ਯੋਧੇ ਲੈ ਕੇ ਕਿਲ੍ਹੇ ਅੰਦਰ ਦਾਖ਼ਲ ਹੋਏ ਤੇ ਐਸੀ ਤਲਵਾਰ ਚਲਾਈ ਕਿ ਲਾਸ਼ਾਂ ਦੇ ਢੇਰ ਲੱਗ ਗਏ। ਨਵਾਬ ਤੇ ਉਸ ਦੇ ਪੁੱਤਰਾਂ ਨੂੰ ਮਾਰ ਕੇ ਆਪ ਨੇ ਕਿਲ੍ਹਾ ਫ਼ਤਹਿ ਕਰ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਕਸ਼ਮੀਰ, ਪਿਸ਼ਾਵਰ ਤੇ ਨੌਸ਼ਹਿਰੇ ਦੇ ਯੁੱਧਾਂ 'ਚ ਸ਼ਾਮਲ ਹੋ ਕੇ ਸਿੱਖ ਰਾਜ ਦੀ ਉਸਾਰੀ 'ਚ ਵਡਮੁੱਲਾ ਯੋਗਦਾਨ ਪਾਇਆ। ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਨਿਹੰਗ ਵੱਲੋਂ ਲੜੀ ਗਈ ਆਖ਼ਰੀ ਲੜਾਈ ਨੌਸ਼ਹਿਰੇ ਦੀ ਸੀ। ਇਸ ਲੜਾਈ 'ਚ ਜਿੱਤ ਦਾ ਝੰਡਾ ਲਹਿਰਾਉਂਦਿਆਂ ਆਪ 14 ਮਾਰਚ 1823 ਨੂੰ ਸ਼ਹੀਦ ਹੋਏ। ਇਹ ਜੰਗ ਆਪ ਦੀ ਸੂਰਬੀਰਤਾ ਕਰਕੇ ਜਿੱਤੀ ਜਾ ਸਕੀ ਸੀ।

ਅਕਾਲੀ ਬਾਬਾ ਫੂਲਾ ਸਿੰਘ ਨਿਰਭੈ, ਅਣਖੀਲੇ ਤੇ ਨਿਧੜਕ ਜਰਨੈਲ ਸਨ। ਇਤਿਹਾਸ ਗਵਾਹ ਹੈ ਕਿ ਉਹ ਮਰਯਾਦਾ ਦੇ ਉਲਟ ਕੋਈ ਕਾਰਵਾਈ ਬਰਦਾਸ਼ਤ ਨਹੀਂ ਸਨ ਕਰਦੇ। ਇਸੇ ਦਾ ਨਤੀਜਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੁੰਦਿਆਂ ਆਪ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਦੀ ਸਜ਼ਾ ਸੁਣਾਈ। ਉਹ ਸੱਚ 'ਤੇ ਪਹਿਰਾ ਦਿੰਦੇ ਸਨ ਤੇ ਸੱਚੀ ਗੱਲ ਮੂੰਹ 'ਤੇ ਕਹਿ ਦਿੰਦੇ ਸਨ। ਇਹ ਹਕੀਕਤ ਹੈ ਕਿ ਸਿੱਖ ਰਾਜ ਵਿਚ ਸਿੰਘ ਸਾਹਿਬ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨਿਹੰਗ ਤੋਂ ਵੱਧ ਸੂਰਬੀਰ, ਧਾਰਮਿਕ ਤੌਰ 'ਤੇ ਪ੍ਰਪੱਕ ਤੇ ਨਿਡਰ ਜਰਨੈਲ ਹੋਰ ਕੋਈ ਨਜ਼ਰ ਨਹੀਂ ਆਉਂਦਾ।

ਆਪ ਅੰਮ੍ਰਿਤਸਰ ਵਿਖੇ ਜਿਸ ਸਥਾਨ 'ਤੇ ਰਹੇ, ਉੱਥੇ 'ਬੁਰਜ ਬਾਬਾ ਫੂਲਾ ਸਿੰਘ ਅਕਾਲੀ' ਬਣਿਆ ਹੋਇਆ ਹੈ। ਇਸ ਨੂੰ ਬਾਬਾ ਨਰੈਣ ਸਿੰਘ ਨੇ ਸੰਗਤ ਦੇ ਸਹਿਯੋਗ ਨਾਲ ਪੰਥ ਦੇ ਮਹਾਨ ਜਰਨੈਲ ਕੌਮੀ ਨਿਧੜਕ ਆਗੂ ਅਕਾਲੀ ਬਾਬਾ ਫੂਲਾ ਸਿੰਘ ਦੀ ਯਾਦ 'ਚ ਉਸਾਰਿਆ। ਇਸ ਅਸਥਾਨ ਦੇ ਉੱਪਰੋਂ ਸ਼ਹਿਰ ਦੇ ਕੋਹਾਂ ਤਕ ਦਰਸ਼ਨ ਹੁੰਦੇ ਹਨ, ਨਾਲ ਹੀ ਉਸ ਸਮੇਂ ਦੀ ਸੁਰੱਖਿਆ ਪੱਖੋਂ ਵੀ ਇਹ ਅਦਭੁਤ ਇਮਾਰਤ ਹੈ। ਇਥੇ ਹੀ ਛਾਉਣੀ ਨਿਹੰਗ ਸਿੰਘਾਂ ਵੀ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਕੋਲ ਹੈ।

ਹਰ ਸਾਲ 14 ਮਾਰਚ ਨੂੰ ਬਾਬਾ ਫੂਲਾ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਸ਼੍ਰੋਮਣੀ ਸੇਵਾ ਰਤਨ ਨਾਲ ਨਿਵਾਜੇ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਮਨਾਇਆ ਜਾਂਦਾ ਹੈ, ਜੋ ਇਸ ਵਾਰ ਵੀ ਸਤਿਕਾਰ ਸਹਿਤ ਮਨਾਇਆ ਜਾਵੇਗਾ। ਇਸ ਸ਼ਹੀਦੀ ਸਮਾਗਮ ਵਿਚ ਸਿੱਖ ਕੌਮ ਦੀਆਂ ਪ੍ਰਮੁੱਖ ਧਾਰਮਿਕ ਸ਼ਖ਼ਸੀਅਤਾਂ, ਰਾਗੀ, ਢਾਡੀ ਤੇ ਕਥਾਵਾਚਕ ਹਾਜ਼ਰੀ ਭਰ ਕੇ ਸਿੰਘ ਸਾਹਿਬ ਅਕਾਲੀ ਫੂਲਾ ਸਿੰਘ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨਗੇ। •



ਦਿਲਜੀਤ ਸਿੰਘ 'ਬੇਦੀ'
98148-98570

ਚਾਣਕਯ ਨੀਤੀ



**ਚਾਣਕਯ ਨੀਤੀ 'ਚ 17 ਅਧਿਆਏ ਅਤੇ 333 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਪੇਸ਼ ਕੀਤਾ ਗਿਆ ਹੈ...**

ਡਾ. ਅਮਰ ਕੋਮਲ

ਆਚਾਰਿਆ ਚਾਣਕਯ ਭਾਰਤ ਦੇ ਅਮੀਰ ਇਤਿਹਾਸਕ ਵਿਰਸੇ ਦੀ ਇਕ ਮਹਾਨ ਸ਼ਖ਼ਸੀਅਤ, ਵਿਦਵਾਨ ਸਿਆਸਤਦਾਨ, ਕੂਟ ਨੀਤੀਵਾਨ, ਨਿਪੁੰਨ ਪ੍ਰਬੰਧਕ ਅਤੇ ਸਰਲ ਸਾਦਾ ਜੀਵਨ ਜਿਊਂਣ ਵਾਲੇ ਪੰਡਿਤ ਸਨ। ਉਨ੍ਹਾਂ ਦੀ ਜੀਵਨ ਕਾਲ 350-283 ਪੂਰਵ ਈਸਵੀ ਸੀ। ਉਨ੍ਹਾਂ ਦੁਆਰਾ ਰਚਿਤ 'ਚਾਣਕਯ ਨੀਤੀ' ਉਨ੍ਹਾਂ ਦੀ ਵਡਮੁੱਲੀਆਂ ਸਿੱਖਿਆਵਾਂ ਵਾਲੀ ਪੁਸਤਕ ਹੈ। ਚਾਣਕਯ ਨੀਤੀ ਵਿਚ 17 ਅਧਿਆਏ ਅਤੇ ਕੁੱਲ 333 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਉਨ੍ਹਾਂ ਨੇ ਜ਼ਿੰਦਗੀ, ਘਰ, ਪਰਿਵਾਰ, ਸਮਾਜ ਤੇ ਸਮਾਜ ਲਈ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਟੱਲ ਸੱਚਾਈਆਂ ਦੇ ਰੂਪ ਵਿਚ ਪੇਸ਼ ਕੀਤਾ ਹੈ।

**ਸਲੋਕ** (1.12)
ਆਤੁਰੇ ਵ੍ਯਸਨੇ ਪ੍ਰਾਪਤੇ
ਦੁਰਭਿਕਸ਼ੇ ਸ਼ਤਰੁ-ਸੰਕਟੇ।
ਰਾਜਦਵ੍ਹਾਰੇ ਸ਼੍ਮਸ਼ਾਨੇ 'ਚ
ਯਸਿਤ੍ਰਸ਼੍ਠਤਿ ਸ ਬਾਨ੍ਧਵਹ॥

**ਅਰਥ**
ਸੱਚੇ ਰਿਸ਼ਤੇਦਾਰ, ਮਿੱਤਰ ਬੰਧੂ ਉਹ ਹੈ, ਜਿਹੜੇ ਬਿਮਾਰੀ, ਦੁੱਖ, ਸੰਤਾਪ, ਅਕਾਲ ਪੈਣ 'ਤੇ, ਦੁਸ਼ਮਣ ਵੱਲੋਂ ਪੈਦਾ ਕੀਤੇ ਸੰਕਟ ਸਮੇਂ, ਕਿਸੇ ਮੁਕੱਦਮੇ ਸਮੇਂ, ਗਵਾਹ ਸਹਾਇਕ ਬਣ ਕੇ ਕਚਹਿਰੀ (ਰਾਜ ਸਭਾ) ਵਿਖੇ ਜਾਂ ਸ਼ਮਸ਼ਾਨ ਘਾਟ ਸਮੇਂ ਆਪਣੇ ਕਿਸੇ ਪਿਆਰੇ ਦੇ ਮਰਨ ਸਮੇਂ, ਸਾਥ ਦਿੰਦਾ ਹੈ, ਉਹੋ ਹੀ ਪਰਮ ਮਿੱਤਰ ਅਤੇ ਸੱਚਾ ਸਾਥੀ ਹੈ। •

**ਵਿਆਖਿਆ**
ਦੋਸਤ ਦੀ ਪਰਖ ਸੰਕਟ ਸਮੇਂ ਕੀਤੀ ਜਾਂਦਾ ਹੀ। ਸੰਕਟ ਭਾਵੇਂ ਬਿਮਾਰੀ, ਭੁੱਖਮਰੀ, ਦੁਸ਼ਮਣ ਦੀ ਕਰੋਪੀ, ਮੁਕੱਦਮੇ ਜਾਂ ਮੌਤ ਦਾ ਹੋਵੇ, ਸੰਕਟ ਸਮੇਂ ਦੋਸਤ ਵੱਲੋਂ ਸਾਥ ਦੇਣਾ ਹੀ ਅਸਲ ਦੋਸਤੀ ਦੀ ਪਰਖ-ਪਹਿਚਾਣ ਹੈ।

84378-73565

# ਹਿੰਦੂ ਧਰਮ ਦੀ ਸ਼ਾਨ ਬਹਾਲ ਕਰਨ ਵਾਲੇ ਜਗਤ ਗੁਰੂ ਸ਼ੰਕਰਾਚਾਰੀਆ



ਬਲਰਾਜ ਸਿੰਘ ਸਿੱਧੂ ਐੱਸਪੀ
95011-00062

ਹਿੰਦੂ ਧਰਮ ਸੰਸਾਰ ਦਾ ਸਭ ਤੋਂ ਪ੍ਰਾਚੀਨ ਧਰਮ ਹੈ। ਇਹ ਵਿਸ਼ਵ ਦਾ ਇਕੋ ਇਕ ਧਰਮ ਹੈ, ਜਿਸ ਦੀ ਸਥਾਪਨਾ ਕਿਸੇ ਵਿਅਕਤੀ ਵਿਸ਼ੇਸ਼ ਨੇ ਨਹੀਂ ਕੀਤੀ। ਇਹ ਮਨੁੱਖ ਜ਼ਾਤੀ ਦਾ ਕੁਦਰਤੀ ਧਰਮ ਹੈ। ਸ਼ੁਰੂ ਵਿਚ ਆਰੀਆ ਸਿਰਫ਼ ਕੁਦਰਤ ਦੀ ਪੂਜਾ ਕਰਦੇ ਸਨ। ਦੇਵੀ-ਦੇਵਤੇ ਵੀ ਕੁਦਰਤ ਰੂਪੀ ਸਨ, ਜਿਵੇਂ ਬਾਰਸ਼ ਦਾ ਦੇਵਤਾ ਇੰਦਰ ਦੇਵਾ, ਹਵਾ ਦਾ ਦੇਵਤਾ ਪਵਨ ਦੇਵ, ਅੱਗ ਦਾ ਦੇਵਤਾ ਅਗਨੀ ਦੇਵ ਤੇ ਮੌਤ ਦਾ ਦੇਵਤਾ ਯਮਰਾਜ ਆਦਿ। ਅਸ਼ੋਕ ਮਹਾਨ (ਸਾਸ਼ਨ 268 ਬੀਸੀ ਤੋਂ 232 ਬੀਸੀ) ਦੇ ਸਮੇਂ ਤਕ ਭਾਰਤ, ਅਫ਼ਗਾਨਿਸਤਾਨ, ਨੇਪਾਲ, ਬਰਮਾ ਤੇ ਸ੍ਰੀਲੰਕਾ ਤਕ ਹਿੰਦੂ ਧਰਮ ਫੈਲ ਚੁੱਕਾ ਸੀ। ਹੌਲੀ-ਹੌਲੀ ਧਰਮ ਗੁੰਝਲਦਾਰ ਹੁੰਦਾ ਗਿਆ। ਇਸ ਵਿਚ ਕਰਮ ਕਾਂਡ ਜ਼ਿਆਦਾ ਸ਼ਾਮਲ ਹੋ ਗਏ। ਇਸ ਤੋਂ ਇਲਾਵਾ ਮਹਾਤਮਾ ਬੁੱਧ (480-400 ਬੀਸੀ) ਦੁਆਰਾ ਸਥਾਪਿਤ ਬੁੱਧ ਧਰਮ ਨੇ ਹਿੰਦੂ ਧਰਮ ਨੂੰ ਸਖ਼ਤ ਨੁਕਸਾਨ ਪਹੁੰਚਾਇਆ। ਨਵੀਨ ਅਤੇ ਕਰਮ ਕਾਂਡ ਰਹਿਤ ਹੋਣ ਕਾਰਨ ਬੁੱਧ ਧਰਮ ਨੂੰ ਵੱਡੇ ਪੱਧਰ 'ਤੇ ਸ਼ਾਹੀ ਸਰਪ੍ਰਸਤੀ ਹਾਸਲ ਹੋਈ। ਅਸ਼ੋਕ ਮਹਾਨ, ਸਮਰਾਟ ਕਨਿਸ਼ਕ (127-150 ਈਸਵੀ), ਗੁਪਤ ਸਾਮਰਾਜ (240-455 ਈਸਵੀ), ਸਮਰਾਟ ਹਰਸ਼ ਵਰਧਨ (606-647 ਈਸਵੀ) ਤੇ ਦੱਖਣ ਦੇ ਰਾਸ਼ਟਰਕੂਟ ਰਾਜਿਆਂ ਨੇ ਬੁੱਧ ਧਰਮ ਦਾ ਵਿਸਥਾਰ ਕੀਤਾ। ਜਥਾ ਰਾਜਾ, ਤਥੀ ਪਰਜਾ, ਰਾਜ ਧਰਮ ਬੁੱਧ ਹੋਣ ਕਾਰਨ ਜ਼ਿਆਦਾਤਰ ਪਰਜਾ ਵੀ ਬੋਧੀ ਹੋ ਗਈ।

ਅੱਜ ਭਾਰਤ ਵਿਚ ਹਿੰਦੂਆਂ ਦੀ ਅਬਾਦੀ 80 ਫ਼ੀਸਦੀ ਦੇ ਕਰੀਬ ਹੈ। ਸ਼ੰਕਰਾਚਾਰੀਆ ਦੇ ਜਨਮ ਵੇਲੇ ਇਹ ਗਿਣਤੀ 50 ਫ਼ੀਸਦੀ ਤੋਂ ਵੀ ਘਟ ਗਈ ਸੀ। ਹਿੰਦੂ ਧਰਮ ਦੱਖਣ ਤੇ ਉੱਤਰੀ ਭਾਰਤ ਦੇ ਕੁਝ ਹਿੱਸਿਆਂ ਤਕ ਸਿਮਟ ਗਿਆ ਸੀ। ਹਿੰਦੂ ਧਰਮ ਦੀ ਸ਼ਾਨ ਦੁਬਾਰਾ ਸਥਾਪਿਤ ਕਰਨ ਦਾ ਮਾਣ ਜਗਤ ਗੁਰੂ ਸ਼ੰਕਰਾਚਾਰੀਆ ਨੂੰ ਜਾਂਦਾ ਹੈ। ਉਨ੍ਹਾਂ ਇਕੱਲਿਆਂ ਨੇ ਉਹ ਕੰਮ ਕਰ ਵਿਖਾਇਆ, ਜੋ ਕਿਸੇ ਚੱਕਰਵਰਤੀ ਸਮਰਾਟ ਦੀ ਫ਼ੌਜ ਵੀ ਨਹੀਂ ਕਰ ਸਕਦੀ। ਉਨ੍ਹਾਂ ਨੇ 32 ਸਾਲ ਦੀ ਛੋਟੀ ਜਿਹੀ ਜ਼ਿੰਦਗੀ ਵਿਚ ਹੀ ਹਿੰਦੂ ਧਰਮ ਦੀ ਸਨਾਤਨੀ ਸ਼ਾਨ ਦੁਬਾਰਾ ਕਾਇਮ ਕੀਤੀ ਤੇ ਹਿੰਦੂ ਧਰਮ ਦੁਬਾਰਾ ਭਾਰਤ ਦਾ ਬਹੁਗਿਣਤੀ ਧਰਮ ਬਣਿਆ।

ਜਗਤ ਗੁਰੂ ਸ਼ੰਕਰਚਾਰੀਆ ਦਾ ਜਨਮ ਇਕ ਨੰਬੂਦਰੀ ਬ੍ਰਾਹਮਣ ਪਰਿਵਾਰ ਵਿਚ ਕੇਰਲਾ ਦੇ ਕੋਚੀ ਜ਼ਿਲ੍ਹੇ ਦੇ ਪਿੰਡ ਕਾਲਾਦੀ ਵਿਖੇ 788 ਈਸਵੀ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦੀ ਬਚਪਨ ਵਿਚ ਹੀ ਮੌਤ ਹੋ ਗਈ ਸੀ ਤੇ ਉਨ੍ਹਾਂ ਦਾ ਬਚਪਨ ਤੋਂ ਹੀ ਸੰਨਿਆਸ ਤੇ ਹਿੰਦੂ ਧਰਮ ਦੀ ਸੇਵਾ ਵੱਲ ਝੁਕਾਅ ਸੀ। ਉਨ੍ਹਾਂ ਨੇ ਗੁਰੂ ਭਾਗਵਤਪਾਦ ਤੋਂ ਸ਼ਾਸਤਰਾਂ ਤੇ ਸੰਸਕ੍ਰਿਤ ਦੀ ਸਿੱਖਿਆ ਹਾਸਲ ਕੀਤੀ। ਉਹ ਬਚਪਨ ਤੋਂ ਹੀ ਵੇਦਾਂ, ਪੁਰਾਣਾਂ, ਉਪਨਿਸ਼ਦਾਂ ਤੇ ਹੋਰ ਧਾਰਮਿਕ ਗ੍ਰੰਥਾਂ ਦੇ ਗਿਆਤਾ ਬਣ ਗਏ। ਉਹ ਅਦਵੈਤ ਵੇਦਾਂਤ (ਇਕ ਰੱਬ) ਦੇ ਸਿਧਾਂਤ ਦੇ ਪ੍ਰਚਾਰਕ ਸਨ ਤੇ ਹਿੰਦੂ ਧਰਮ 'ਚ ਘੁਸਪੈਠ ਕਰ ਚੁੱਕੇ ਫਜ਼ੂਲ ਕਰਮ ਕਾਂਡਾਂ ਦੇ ਸਖ਼ਤ ਵਿਰੋਧੀ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਰੱਬ ਸਿਰਫ਼ ਇਕ ਹੈ ਜੋ ਸੱਚ ਤੇ ਅਟੱਲ ਹੈ। ਬਾਕੀ ਸਾਰੇ ਦੇਵੀ ਦੇਵਤਾ ਉਸ ਦੇ ਅਧੀਨ ਹਨ। ਉਹ ਜ਼ਾਤ-ਪਾਤ ਦੇ ਸਖ਼ਤ ਵਿਰੋਧੀ ਸਨ। ਉਹ ਸ਼ਿਸ਼ ਚੁਣਦੇ ਸਮੇਂ ਜ਼ਾਤ-ਪਾਤ ਦਾ ਭੇਦ-ਭਾਵ ਨਹੀਂ ਕਰਦੇ ਸਨ। ਉਨ੍ਹਾਂ ਦੇ ਇਸੇ ਗੁਣ ਕਾਰਨ ਹਰ ਜ਼ਾਤ ਦੇ ਲੋਕ ਵਾਪਸ ਹਿੰਦੂ ਬਣ ਗਏ।



ਸ਼ੰਕਰਾਚਾਰੀਆ ਨੂੰ ਭਗਵਾਨ ਸ਼ਿਵ ਦਾ ਅਵਤਾਰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਵਿਸਥਾਰ ਸਹਿਤ ਵਿਆਖਿਆ ਕੀਤੀ ਕਿ ਬੁੱਧ ਧਰਮ ਤੇ ਹਿੰਦੂ ਧਰਮ ਵਿਚ ਬਹੁਤ ਗਹਿਰਾ ਫ਼ਰਕ ਹੈ। ਬੁੱਧ ਧਰਮ ਅਤਮਾ ਨੂੰ ਨਹੀਂ ਮੰਨਦਾ ਤੇ ਨਾ ਪੁਨਰ ਜਨਮ 'ਚ ਵਿਸ਼ਵਾਸ ਰੱਖਦਾ ਹੈ ਜਦਕਿ ਹਿੰਦੂ ਧਰਮ ਆਤਮਾ ਨੂੰ ਮੰਨਦਾ ਹੈ ਤੇ ਪੁਨਰ ਜਨਮ 'ਚ ਵਿਸ਼ਵਾਸ਼ ਰੱਖਦਾ ਹੈ। ਹਿੰਦੂ ਧਰਮ ਰੱਬ ਦੀ ਹੋਂਦ ਨੂੰ ਮੰਨਦਾ ਹੈ ਪਰ ਬੁੱਧ ਧਰਮ ਇਸ ਵਿਸ਼ੇ 'ਤੇ ਚੁੱਪ ਹੈ। ਉਨ੍ਹਾਂ ਨੇ ਧਰਮ ਦੇ ਪ੍ਰਚਾਰ ਲਈ ਛੋਟੀ ਉਮਰ ਵਿਚ ਹੀ ਘਰ ਛੱਡ ਦਿੱਤਾ ਤੇ ਸਾਰੇ ਭਾਰਤ ਦਾ ਭਰਮਣ ਕੀਤਾ। ਉਨ੍ਹਾਂ ਨੇ ਜਗ੍ਹਾ-ਜਗ੍ਹਾ ਪਰਜਾ ਤੇ ਰਾਜਿਆਂ ਦੀ ਹਾਜ਼ਰੀ 'ਚ ਜੈਨ ਤੇ ਬੁੱਧ ਧਰਮ ਦੇ ਅਚਾਰੀਆਂ ਨੂੰ ਸ਼ਾਸ਼ਤਾਰਥ 'ਚ ਹਰਾਇਆ ਤੇ ਭਾਰਤ ਵਿਚ ਹਿੰਦੂ ਧਰਮ ਦਾ ਡੰਕਾ ਦੁਬਾਰਾ ਵਜਾ ਦਿੱਤਾ। ਉਨ੍ਹਾਂ ਦੇ ਗਿਆਨ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਰਾਜੇ ਦੁਬਾਰਾ ਹਿੰਦੂ ਧਰਮ 'ਚ ਸ਼ਾਮਲ ਹੋ ਗਏ ਤੇ ਉਨ੍ਹਾਂ ਦੀ ਪਰਜਾ ਵੀ ਹਿੰਦੂ ਬਣ ਗਈ।

ਉਨ੍ਹਾਂ ਨੇ ਭਾਰਤ ਦੇ ਚਾਰਾਂ ਕੋਨਿਆਂ ਵਿਚ ਚਾਰ ਮੱਠ ਸਥਾਪਿਤ ਕੀਤੇ ਤੇ ਆਪਣੇ ਸਭ ਤੋਂ ਲਾਇਕ ਚਾਰ ਸ਼ਿਸ਼ ਉੱਥੋਂ ਦੇ ਮਠਾਧਿਕਾਰੀ ਨਿਯੁਕਤ ਕੀਤੇ। ਪੂਰਬ ਵਿਚ ਪੁਰੀ (ਉੜੀਸਾ), ਪੱਛਮ ਵਿਚ ਦਵਾਰਕਾ (ਗੁਜਰਾਤ), ਉੱਤਰ ਵਿਚ ਬਦਰੀਨਾਥ (ਉਤਰਾਖੰਡ) ਤੇ ਦੱਖਣ ਵਿਚ ਸ਼੍ਰੰਗੇਰੀ (ਕਰਨਾਟਕ)। ਪੁਰੀ ਦਾ ਮੱਠਾਦੀਸ਼ 'ਪਦਮਪਾਦਚਾਰੀਆ', ਦਵਾਰਕਾ ਦਾ 'ਹਸਤਮਾਲਾਕਾਚਾਰੀਆ', ਬਦਰੀਨਾਥ ਦਾ 'ਤੋਕਾਚਾਰੀਆ' ਤੇ ਸ਼੍ਰੰਗੇਰੀ ਦਾ ਮੱਠਾਦੀਸ਼ 'ਸੁਰੇਸ਼ਵਰਾਚਾਰੀਆ' ਨੂੰ ਨਿਯੁਕਤ ਕੀਤਾ। ਇਨ੍ਹਾਂ ਮੱਠਾਧੀਸ਼ਾ ਨੇ ਸ਼ੰਕਾਰਚਾਰੀਆ ਦੇ ਮਿਸ਼ਨ ਨੂੰ ਅੱਗੇ ਵਧਾਇਆ। ਇਹ ਮੱਠ ਅੱਜ ਵੀ ਉਸੇ ਤਨਦੇਹੀ ਨਾਲ ਕੰਮ ਕਰ ਰਹੇ ਹਨ।

ਸ਼ੰਕਰਾਚਾਰੀਆ ਨੇ ਇਕ ਹੋਰ ਬਹੁਤ ਮਹਾਨ ਕੰਮ ਕੀਤਾ। ਉਨ੍ਹਾਂ ਨੇ ਸ਼ੈਵ ਤੇ ਵੈਸ਼ਨਵ ਫ਼ਿਰਕਿਆਂ 'ਚ ਵੰਡੇ ਹੋਏ ਹਿੰਦੂ ਧਰਮ ਨੂੰ ਇਕੱਠਾ ਕੀਤਾ। ਉੱਤਰੀ ਭਾਰਤ ਵਿਚ ਇਹ ਫ਼ਰਕ ਬਹੁਤਾ ਨਹੀਂ ਹੈ ਪਰ ਦੱਖਣੀ ਭਾਰਤ ਵਿਚ ਸ਼ੈਵਾਂ (ਸ਼ਿਵ ਜੀ ਨੂੰ ਮੰਨਣ ਵਾਲੇ) ਅਤੇ ਵੈਸ਼ਨਵਾਂ (ਵਿਸ਼ਨੂੰ ਜੀ ਨੂੰ ਮੰਨਣ ਵਾਲੇ) ਵਿਚ ਸਖ਼ਤ ਦੁਸ਼ਮਣੀ ਸੀ। ਸ਼ੈਵ ਤੇ ਵੈਸ਼ਨਵ ਰਾਜੇ ਇਕ-ਦੂਜੇ ਦਾ ਕਤਲੇਆਮ ਕਰਦੇ ਤੇ ਇਕ-ਦੂਜੇ ਦੇ ਮੰਦਰ ਤੋੜ ਦਿੰਦੇ ਸਨ। ਸ਼ੰਕਰਾਚਾਰੀਆ ਨੇ ਪੰਜ ਦੇਵਤਿਆਂ, ਸ਼ਿਵ, ਵਿਸ਼ਨੂੰ, ਗਣੇਸ਼, ਸੂਰਜ ਤੇ ਦੇਵੀ ਨੂੰ ਇਕੱਠੇ ਇਕ ਹੀ ਮੰਦਰ ਵਿਚ ਪੂਜਣ ਲਈ ਉਤਸ਼ਾਹਿਤ ਕੀਤਾ ਤੇ ਦੱਸਿਆ ਕਿ ਇਹ ਪੰਜੇ ਇਕ ਹੀ ਪਰਮ ਪ੍ਰਮਾਤਮਾ ਦਾ ਰੂਪ ਹਨ।

ਸ਼ੰਕਰਾਚਾਰੀਆ ਨੇ ਬਹੁਤ ਸਾਰੀ ਸਾਹਿਤ ਰਚਨਾ ਵੀ ਕੀਤੀ। ਉਨ੍ਹਾਂ ਨੇ ਸੰਸਕ੍ਰਿਤ ਵਿਚ ਬ੍ਰਹਮ ਸੂਤਰ, ਉਪਨਿਸ਼ਦਾਂ, ਭਗਵਤ ਗੀਤਾ, ਯੋਗ ਸੂਤਰਾਂ ਤੇ ਪ੍ਰਾਚੀਨ ਗ੍ਰੰਥਾਂ ਦੇ ਸੈਂਕੜੇ ਟੀਕੇ (ਭਾਸ਼ਿਆ, ਵਿਆਖਿਆ ਲੇਖ) ਲਿਖੇ। ਉਨ੍ਹਾਂ ਦੇ ਗ੍ਰੰਥ 'ਬ੍ਰਹਮਸੂਤਰਭਾਸ਼ਿਆ' ਤੇ 'ਉਪਦੇਸ਼ਸਹਸਰੀ' ਅਨਮੋਲ ਕ੍ਰਿਤਾਂ ਹਨ ਤੇ ਵੇਦਾਂਤ ਸ਼ਾਖਾ ਦਾ ਮੂਲ ਗਿਆਨ ਸਰੋਤ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕਈ ਕਾਵਿ ਗ੍ਰੰਥ (ਸਤੋਤਰ) ਵੀ ਲਿਖੇ ਜਿਵੇਂ, 'ਦਕਸ਼ਿਨਮੂਰਤੀ ਸਤੋਤਰ', 'ਭਜਗੋਵਿੰਦ ਸਤੋਤਰ', 'ਸ਼ਿਵਨੰਦਹਰੀ ਸਤੋਤਰ', 'ਕ੍ਰਿਸ਼ਨ ਸਤਾਕ', 'ਦਾਸ ਸ਼ਲੋਕੀ' ਤੇ 'ਵਿਸ਼ਨੂੰ ਸਤਪਦੀ' ਆਦਿ। ਸ਼ੰਕਰਚਾਰੀਆ ਦੀ ਜ਼ਿੰਦਗੀ ਬਾਰੇ ਕਰੀਬ 14 ਜੀਵਨੀਆਂ ਲਿਖੀਆਂ ਮਿਲਦੀਆਂ ਹਨ। ਇਨ੍ਹਾਂ ਵਿੱਚੋਂ ਸਿਤਸੁਖ ਦੁਆਰਾ ਲਿਖੀ 'ਬ੍ਰਹਮ ਸ਼ੰਕਰਵਿਜੇ' ਸਭ ਤੋਂ ਪੁਰਾਣੀ ਹੈ ਪਰ ਇਹ ਸਾਰੀ ਨਹੀਂ ਮਿਲਦੀ, ਕਾਫ਼ੀ ਗੁੰਮ ਹੋ ਚੁੱਕੀ ਹੈ ਪਰ ਸਭ ਤੋਂ ਠੋਸ ਜਾਣਕਾਰੀ ਦੇਣ ਵਾਲੀ ਜੀਵਨੀ ਵਿਦਿਆਰਣ ਦੁਆਰਾ ਲਿਖਿਤ 'ਸ਼ੰਕਰਦਿਗਵਿਜੇ' ਅਤੇ ਆਨੰਦਗਿਰੀ ਦੁਆਰਾ ਲਿਖਿਤ 'ਸ਼ੰਕਰਵਿਜੇ' ਹੈ।

ਸ਼ੰਕਰਾਚਾਰੀਆ ਨੇ ਹਿੰਦੂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਭਾਰਤ ਯਾਤਰਾ ਕੀਤੀ। ਉਹ ਗੁਜਰਾਤ ਤੋਂ ਬੰਗਾਲ ਅਤੇ ਹਿਮਾਲੀਆ ਤਕ ਪਹੁੰਚੇ ਤੇ ਜਗ੍ਹਾ-ਜਗ੍ਹਾ ਗਿਆਨ ਦਾ ਪ੍ਰਕਾਸ਼ ਵੰਡਿਆ। ਉਨ੍ਹਾਂ ਦੇ ਸੁਰੇਸ਼ਵਰ, ਤੋਥਾਕ, ਚਿਤਸੁਖ, ਪ੍ਰਿਥਵੀਧਾਰ, ਸਿੱਧਵਿਲਾਸਤੀ, ਬੋਧੇਂਦਰ, ਬ੍ਰਹਮਿੰਦਰ ਅਤੇ ਸਦਾਨੰਦ ਨਾਮਕ ਯੋਗ ਸ਼ਿਸ਼ ਸਨ, ਜਿਨ੍ਹਾਂ ਨੇ ਉਨ੍ਹਾਂ ਦੇ ਫ਼ਲਸਫ਼ੇ ਨੂੰ ਅੱਗੇ ਵਧਾਇਆ। ਸਿਰਫ਼ 32 ਸਾਲ ਦੀ ਛੋਟੀ ਉਮਰ ਵਿਚ 820 ਈਸਵੀ ਨੂੰ ਉਨ੍ਹਾਂ ਦੀ ਕੇਦਾਰਨਾਥ ਵਿਖੇ ਮੌਤ ਹੋ ਗਈ। ਉਨ੍ਹਾਂ ਦੇ ਚੇਲਿਆਂ ਨੇ ਉਨ੍ਹਾਂ ਨੂੰ ਹਿਮਾਲੀਆ ਵੱਲ ਜਾਂਦੇ ਵੇਖਿਆ, ਜਿਸ ਤੋਂ ਬਾਅਦ ਉਨ੍ਹਾਂ ਬਾਰੇ ਕੋਈ ਪਤਾ ਨਹੀਂ ਲੱਗਾ। ਹਿੰਦੂ ਧਰਮ ਨੂੰ ਉਨ੍ਹਾਂ ਦੀ ਦੇਣ ਹੋਰਨਾਂ ਸੰਤਾਂ-ਮਹਾਤਮਾ ਨਾਲੋਂ ਵਡੇਰੀ, ਠੋਸ ਤੇ ਅਦੁੱਤੀ ਹੈ। •

# ਕੁਝ ਕਹਿੰਦੀ ਐ ਤਸਵੀਰ...

• ਸੰਜੀਵ ਧਰਮਾਣੀ



ਸਾਡਾ ਪਤਾ ਹੈ :

# ਵਿਅੰਗ

# ਸੁਖੀ ਰਾਮ ਨੂੰ ਗੁੱਸਾ ਕਿਉਂ ਆਉਂਦੈ

• ਸੁਖਮਿੰਦਰ ਸੇਖੋਂ
98145-07693

'ਮੈਨੂੰ ਬੌਤ ਗੁੱਸਾ ਔਂਦੈ ਬਚਕੇ ਰਿਹੋ ਮੈਥੋਂ ਕਿਤੇ ਹੋਰ ਕਿਸੇ ਦੀ ਐਹੀ ਤੈਹੀ ਹੋ ਜੇ।' ਸੁਖੀ ਰਾਮ ਜਦੋਂ ਵੀ ਤੇ ਜਿੱਥੇ ਵੀ ਕਿਸੇ ਨੂੰ ਮਿਲਦੇ ਹਨ ਉਨ੍ਹਾਂ ਦੀ ਜ਼ੁਬਾਨ 'ਤੇ ਇਹ ਸ਼ਬਦ ਆਪ-ਮੁਹਾਰੇ ਗੁੜ ਦੀ ਰੋੜੀ ਵਾਂਗ ਭੁਰਨ ਲੱਗਦੇ ਹਨ। ਬੇਸ਼ਕ ਉਨ੍ਹਾਂ ਦੀ ਪੜ੍ਹਾਈ ਲਿਖਾਈ ਤਾਂ ਮੰਦਰ-ਮਦਰੱਸੇ ਵਿਚ ਹੀ ਹੋਈ ਹੈ ਪ੍ਰੰਤੂ ਉਨ੍ਹਾਂ ਦੀ ਨਾਲਿਜ ਕਿਸੇ ਵੀ ਖੱਬੀ ਖਾਂ ਤੇ ਨਾਢੂ ਖਾਂ ਤੋਂ ਘੱਟ ਨਹੀਂ। ਜਦੋਂ ਉਹ ਬੋਲਦੇ ਹਨ ,'ਕਯਾ ਰੱਖੈ ਜੀ ਅੱਜ ਹਿੰਦੁਸਤਾਨ ਮਾਂ।' ਅੰਗਰੇਜ਼ੋਂ ਕੇ ਜ਼ਮਾਨੇ ਕੀਆਂ ਕਯਾ ਬਾਤੇਂ ਥੀ। ਉਨ ਲੋਗੋਂ ਕੇ ਕੁਛ ਅਸੂਲ ਥੇ ਭਾਈ, ਇਵ ਤੋ ਇਤਨੀ ਅਜ਼ਾਦੀ ਹੋ ਗੀ ਐ ਕੋਈ ਜਹਾਂ ਮਰਜ਼ੀ ਨੰਗਾ ਹੋ ਕੇ ਘੁੰਮਾਂ ਫਿਰੇ। ਅੰਗਰੇਜ਼ੋਂ ਕੇ ਜ਼ਮਾਨੇ ਮੇਂ ਮਜਾਲ ਐ ਕੋਈ ਬਿਨ ਆਗਿਆ ਖੰਘ ਵੀ ਜਾਏ?'

ਸੁਖੀ ਰਾਮ ਜੀ ਨੂੰ ਬੋਲਦਿਆਂ-ਬੋਲਦਿਆਂ ਕਈ ਵਾਰ ਖੰਘ ਵੀ ਛਿੜ ਪੈਂਦੀ ਹੈ। ਉਸ ਨੂੰ ਆਪਣੇ ਪੁਰਾਣੇ ਦਿਨ ਚੇਤੇ ਕਰ ਕੇ ਆਨੰਦ ਤੇ ਸਕੂਨ ਵੀ ਬਹੁਤ ਮਿਲਦਾ ਹੈ। ਉਹ ਗੱਲ-ਗੱਲ 'ਤੇ ਪੁਰਾਣੀਆਂ ਗੱਲਾਂ ਸੁਣ ਕੇ ਤੇ ਸੁਣਾ ਕੇ ਬੇਹੱਦ ਖ਼ੁਸ਼ ਹੁੰਦੇ। ਇਕੇਰਾਂ ਉਨ੍ਹਾਂ ਕੋਲ ਇਕ ਨੇਤਾ ਜੀ ਠੂਠਾ ਲੈ ਕੇ ਵੋਟਾਂ ਦੀ ਭੀਖ ਮੰਗਣ ਆ ਗਏ ਤੇ ਆਪ ਜੀ ਨੇ ਚਾਹ ਪਾਣੀ ਦੀ ਸੇਵਾ ਉਪਰੰਤ ਹੱਥ ਜੋੜ ਕੇ ਨੇਤਾ ਜੀ ਨੂੰ ਪ੍ਰਵਚਨ ਕੀਤੇ,ਚਾਹ ਪੀ ਲੀ? ਚਲੋ ਇਵੇਂ ਮੇਰੀ ਵੀ ਇਕ ਬਾਤ ਸੁਣ ਲੋ। ਗਾਂਧੀ ਜੀ ਕਾ ਨਾਮ ਸੁਣਾ ਕਭੀ? ਅਗਰ ਨਹੀਂ ਸੁਣਾ ਤੋ ਫਿਰ ਇਹ ਗਾਂਧੀ ਟੋਪੀ ਕਾਸ ਕੋ ਪਾਵੈ? ਉਨ ਕੀ ਬੇਇਜ਼ਤੀ ਕਰੇ? ਉਨ੍ਹਾਂ ਕੇ ਨਾਮ ਕੀ ਖਿੱਲ੍ਹੀ ਉਡਾਵੈ ਨੇਤਾ ਜੀ?-ਓ ਕਾਸ ਕੇ ਨੇਤਾ-? ਨੇਤਾਗਿਰੀ ਕੀ ਐਸੀ ਕੀ ਤੈਸੀ।'

ਵੋਟਾਂ ਮੰਗਣ ਆਏ ਨੇਤਾ ਜੀ ਸੁਖੀ ਰਾਮ ਜੀ ਦਾ ਭਾਸ਼ਨ ਜਿਹਾ ਸੁਣ ਕੇ ਇਵੇਂ ਜਿਵੇਂ ਹੱਥ ਜੋੜਕੇ ਖਿੜ੍ਹ ਖਿੜ੍ਹਾ ਕੇ ਜਦੋਂ ਹੱਸਣ ਲੱਗੇ ਤਾਂ ਉਨ੍ਹਾਂ ਨੇ ਨੇਤਾ ਜੀ ਤੇ ਘੁਰਕੀ ਦਾ ਪਟਾਕਾ ਠਾਹ ਦੇਣੇ ਮਾਰਿਆ,' ਇਵੇਂ ਖਿੜ ਖਿੜਾ ਕੇ ਕਯ ਹੱਸੈ...? ਆਪਣੇ ਪਿਓ ਕੀ ਸ਼ਾਦੀ ਮੇ ਚਲੇ ਆਮਾਂ? ਸ਼ਰਮ ਨੀ ਔਂਦੀ ਸੋਡੇ ਅਰਗੇ ਲੋਕਾਂ ਨੂੰ। ਭੀਖ ਕੀ ਕਟੋਰੀ ਹੱਥ ਮੇ ਲੈ ਕੇ ਟੁਰ ਪਵੈਂ, ਉਏ ਸ਼ਰਮ ਕਰੋ-ਕੁਛ ਤੋ ਸ਼ਰਮ ਕਰੋ ਭਾਰਤ ਮਾਂ ਕੀ...ਥਾਡੇ ਅਰਗੇ ਲੋਗਾਂ ਨੇ ਭਾਰਤ ਮਾਂ ਕੇ ਬਸਤਰ ਉਤਾਰ ਕੇ ਵੇਚ ਵੱਟ ਲੀਆ। ਅਬ ਕੌਣ ਸੇ ਮੂਹ ਸੇ ਵੋਟੋਂ ਕੀ ਭੀਖ ਮੰਗਨੇ ਤੁਰ ਆਏ? ਸ਼ਰਮ ਕਰੋ ਉਏ ਕੁਛ ਤੋ ਸ਼ਰਮ ਕਰੋ ਭਾਰਤ ਮਾ ਕੇ ਦਲਾਲੋ? ਮੈਨੂੰ ਬੌਤ ਗੁੱਸਾ ਔਂਦੈ---ਬਚਕੇ ਰਿਹੋ ਮੈਥੋਂ ਕਿਤੇ ਹੋਰ ਕਿਸੇ ਦੀ ਐਹੀ ਤੈਹੀ ਹੋ ਜੇ।'

ਨੇਤਾ ਜੀ ਸੁਖੀ ਰਾਮ ਜੀ ਦੇ ਬੋਲ ਕਬੋਲ ਸੁਣ ਕੇ ਜਿਵੇ ਧੰਨ-ਧੰਨ ਹੋ ਉਠੇ ਹੋਣ। ਉਨ੍ਹਾਂ ਉਵੇਂ ਜਿਵੇਂ ਹੀ ਹੱਥ ਜੋੜ ਕੇ ਸੁਖੀ ਰਾਮ ਜੀ ਨੂੰ ਫੇਰ ਬੇਸ਼ਰਮੀ ਸਹਿਤ ਪ੍ਰਾਰਥਨਾ ਕੀਤੀ,'ਮਾਈ ਬਾਪ! ਆਪਣੀ ਤੇ ਆਪਣੇ ਪਰਿਵਾਰ ਦੀਆਂ ਕੀਮਤੀ ਵੋਟਾਂ ਸਾਨੂੰ ਪਾ ਕੇ ਜੇਤੂ ਬਣਾਉਣਾ। ਅਸੀ ਤੁਹਾਡੇ ਨਾਲ ਵਾਅਦਾ ਕਰਦੇ ਆਂ ਕਿ ਭਾਰਤ ਮਾਂ ਨੂੰ ਨਵੇਂ ਕੱਪੜੇ ਸਿਲਵਾਕੇ ਦੇਵਾਂਗੇ।

ਨੇਤਾ ਜੀ ਚਲੇ ਗਏ ਪਰ ਸੁਖੀ ਰਾਮ ਜੀ ਕਿੰਨੀ ਹੀ ਦੇਰ ਆਪਣੀ ਪਤਨੀ ਨਾਲ ਬਹਿਸਦੇ ਖਹਿਬੜਦੇ ਰਹੇ। 'ਇਵ ਦੇਖ ਲੀਆ ਭਾਗਵਾਨੇ ਕੈਸਾ-ਕੈਸਾ ਜ਼ਮਾਨਾ ਆ ਗਿਐ? ਕਿਮੇ ਖ਼ੁਸ਼ ਹੁੰਦੇ ਨੇ ਆਪਣੀ ਮਾਂ ਕੇ ਕੱਪੜੇ ਉਤਾਰ-ਉਤਾਰ ਕੇ? ਕਹਿਤੇ ਹੈਂ ਭਾਰਤ ਮਾਂ ਕੋ ਹਮ ਨਯੇ ਕੱਪੜੇ ਸਿਲਵਾਕੇ ਦੇਂਗੇ---? ਉਏ ਨਕਾਰਿਓ ਤੁਸੀ ਕੀ ਕੱਪੜੇ ਸਮਾਕੇ ਦੇਵੋਗੇ ਤੁਸੀ ਤੋ ਖੁਦ ਈ ਨੰਗੇ ਫਿਰਦੇ ਓ--ਕੁੱਤਿਆਂ ਕੀ ਮਾਫਕ-? ਸ਼ਰਮ ਤਾਂ ਸੋਡੀ ਘਾਸ ਚਰਨੇ ਕੋ ਚਲੀ ਗਈ---। ਧਰਮ ਨਾ ਬੌਤ ਗੁੱਸਾ ਔਂਦੈ ਮੈਨੂੰ ਇਨ੍ਹਾਂ ਲੋਕਾਂ 'ਤੇ---ਬਚਕੇ ਰਿਹੋ ਮੈਥੋਂ ਕਿਤੇ ਹੋਰ ਕਿਸੇ ਦੀ ਐਹੀ ਤੇਹੀ ਹੋ ਜੇ।'

ਇਕੇਰਾਂ ਸੁਖੀ ਰਾਮ ਜੀ ਦੀ ਧਰਮ ਪਤਨੀ ਤੋਂ ਵੀ ਜਿਵੇਂ ਰਿਹਾ ਨਾ ਗਿਆ,ਉਹ ਬੋਲ ਹੀ ਉਠੀ 'ਕਿਉਂ ਜਣੇ ਖਣੇ ਦੀ ਐਸੀ ਤੈਸੀ ਕਰਨ 'ਤੇ ਤੁਲੇ ਰਹਿੰਦੇ ਹੋ ਕਦੇ ਆਵਦੇ ਜੁਆਕਾਂ ਖਾਤਰ ਵੀ ਕੁਛ ਸੋਚਿਐ?'

'ਬੱਚਿਆਂ ਖਾਤਰ... ਕਿਉਂ ਮੈਂ ਇਨ੍ਹਾਂ ਦੀ ਖਾਤਰ ਕੀ ਕੁਛ ਨੀ ਕੀਤਾ। ਪੜ੍ਹਾ ਲਿਖਾ ਲਿਆ, ਕੋਰਸ ਕਰਵਾ ਲਏ। ਹੋਰ ਮੈਂ ਉਨ੍ਹਾਂ ਨੂੰ... ਮੈਥੋਂ ਫੇਰ ਕੁਛ ਹੋਰ ਸੁਣਦੀ ਐਂ।'

'ਮੈਂ ਕੀ ਸੁਣਨੈ ਹਮੇਸ਼ਾ ਤੁਸੀਓਂ ਤਾਂ ਸੁਣਾਂਦੇ ਆਏ ਹੋ। ਲੋਕਾਂ ਦੇ ਜੁਆਕ ਮਾਰਕੇ ਕੋਈ ਅੰਜੀਨੀਅਰ ਲੱਗ ਗਿਆ ਕੋਈ ਡਾਕਟਰ...ਕੋਈ ਮੱਜੀਸਟ੍ਰੇਟ...ਕੋਈ ਪਰਫੈਸਰ-ਹੋਰ ਖਣੀ ਕੀ ਕੀ...ਪਰ ਤੁਸੀ...ਕਦੇ ਆਵਦੇ ਬੱਚਿਆਂ ਦੀ ਸਾਰ ਲਈ ਐ?'

ਭਾਗਵੰਤੀ ਨੇ ਲਾਲ-ਪੀਲੀ ਹੁੰਦਿਆਂ ਆਪਣੇ ਬੱਚਿਆਂ ਦੇ ਭਵਿੱਖ ਦੀ ਚਿੰਤਾ ਜਤਲਾਈ।

'ਹੁਣ ਮੈਂ ਇਨ੍ਹਾਂ ਝਰੀਟਾਂ ਦੀ ਖਾਤਰ ਲੋਕਾਂ ਨੂੰ ਸਫਾਰਸ਼ਾਂ ਕਰਦਾ ਫਿਰਾਂ? ਆਪਣੀ ਹੱਕ ਹਲਾਲ ਦੀ ਕਮਾਈ ਨੂੰ ਮੈਂ ਹਰਾਮੀਆਂ ਕੋਲ ਲੁਟਾਂਦਾ ਫਿਰਾਂ? ਨਾ...ਨਾ...ਇਹ ਨੀ ਮੈਥੋਂ ਹੋਣਾ ਭਾਗਵੰਤੀਏ। ਨਾਲੇ ਤੂੰ ਅੱਛੀ ਤਰ੍ਹਾਂ ਮੇਰੇ ਵਚਾਰਾਂ ਤੋ ਜਾਣੂੰ ਐਂ ਕਿ ਮੈਂ ਕਿਸ ਟੈਪ ਦਾ ਬੰਦੈ?'

ਸੁਖੀ ਰਾਮ ਇਹ ਕਹਿੰਦਿਆਂ ਫੇਰ ਉੱਚੀ-ਉੱਚੀ ਬੋਲਣ ਲੱਗ ਪਏ। 'ਮੈਥੋਂ ਬਚਕੇ ਰਿਹੋ ਬੌਤ ਗੁੱਸਾ ਔਂਦੈ ਮੈਨੂੰ ਹੋਰ ਕਿਸੇ ਦੀ ਐਹੀ ਤੈਹੀ ਹੋ ਜੇ?'

ਸੁਖੀ ਰਾਮ ਨੂੰ ਸੱਚਮੁੱਚ ਹੀ ਗੁੱਸਾ ਆ ਜਾਂਦਾ ਹੈ। ਦਰਅਸਲ ਇਹ ਆਉਣਾ ਸੁਭਾਵਕ ਵੀ ਹੈ। 'ਕਿਉਂਕਿ ਉਹ ਅੰਦੋਲਨਾਂ ਵਿਚ ਭਾਗ ਲੈਂਦੇ ਰਹੇ ਹਨ। ਇਕ ਸੱਚੀ ਤੇ ਸੁੱਚੀ ਛਵੀ ਵਾਲੇ ਆਗੂ। ਫਿਰ ਇਕ ਸਰਕਾਰੀ ਅਦਾਰੇ ਵਿਚ ਪੂਰੀ ਮਿਹਨਤ ਤੇ ਈਮਾਨਦਾਰੀ ਨਾਲ ਸੇਵਾ ਕੀਤੀ। ਹੁਣ ਰਿਟਾਇਰਮੈਂਟ ਵੇਲੇ ਮਿਲੀ ਕੁਲ ਜਮ੍ਹਾਂ ਪੂੰਜੀ ਉਨ੍ਹਾਂ ਬੱਚਿਆਂ ਦੀ ਉਚੇਰੀ ਪੜ੍ਹਾਈ 'ਤੇ ਖ਼ਰਚ ਕਰ ਦਿੱਤੀ। ਵੱਡੀ ਕੁੜੀ ਨੂੰ ਐੱਮ. ਐੱਸ. ਈ ਕਰਵਾਕੇ ਉਸ ਦਾ ਇਕ ਚੰਗੀ ਥਾਵੇਂ ਰਿਸ਼ਤਾ ਦੇਖਕੇ ਭਲੇ ਮੁੰਡੇ ਨਾਲ ਵਿਆਹ ਕਰ ਦਿੱਤਾ। ਇਕ ਲੜਕੇ ਨੂੰ ਐੱਲਐੱਲਬੀ ਕਰਵਾਈ ਤੇ ਦੂਸਰੇ ਨੂੰ ਐੱਮ ਏ ਬੀਐੱਡ। ਸਾਰਿਆਂ ਨੇ ਟਾਪ ਕੀਤਾ,ਪਰ ਨੌਕਰੀ? ਬਿਨਾਂ ਸਿਫਾਰਸ਼ ਤੇ ਪੈਸਿਆਂ ਦੇ ਨੌਕਰੀ ਕਿਵੇਂ ਮਿਲੇ।

'ਨਹੀ ਮਿਲਦੀ ਨਾ ਮਿਲੇ। ਨੌਕਰੀ ਦਾ ਕੀ ਐ...ਪਰ-ਪਰ ਮੈਂ...ਮੈ ਨੀ ਕਿਸੇ ਲੰਡੀ ਬੁੱਚੀ ਕੋਲ ਸਫਾਰਸ਼ ਕਰਨ ਜਾਂਦਾ। ਮੈਂ ਨੀ ਨੌਕਰੀ ਖ਼ਾਤਰ ਕਿਸੇ ਨੂੰ ਕਾਣੀ ਕੌਡੀ ਵੀ ਦੇਣੀ। ਨੌਕਰੀ ਨਹੀ ਮਿਲਦੀ ਨਾ ਮਿਲੇ...ਨੌਕਰੀ ਦਾ ਕੀ ਐ...ਨੌਕਰੀ ਕੀ ਐਹੀ ਕੀ ਤੈਹੀ।

ਸੁਖੀ ਰਾਮ ਨੂੰ ਬੇਸ਼ੱਕ ਰੋਸ ਤੇ ਗੁੱਸੇ ਦੇ ਦੌਰੇ ਤਾਂ ਰੋਜ਼ਾਨਾ ਹੀ ਪੈਂਦੇ ਹਨ ਪਰ ਅੱਜ ਦਾ ਦੌਰਾ ਤਾਂ ਟਲਣ ਵਿਚ ਨਹੀ ਸੀ ਆ ਰਿਹਾ। ਉਨ੍ਹਾਂ ਦੇ ਮੱਥੇ ਦੀਆਂ ਨਸਾਂ ਇਉਂ ਤਣ ਗਈਆਂ ਜਿਵੇਂ ਹੁਣੇ ਤੇ ਇਸੇ ਵਕਤ ਫਟ ਜਾਣਗੀਆਂ। ਉਨ੍ਹਾਂ ਮੋਟੇ ਫਰੇਮ ਦੀਆਂ ਐਨਕਾਂ ਲਾਹ ਕੇ ਆਪਣੀਆਂ ਅੱਖਾਂ ਖੱਦਰ ਦੇ ਵੱਡੇ ਰੁਮਾਲ ਨਾਲ ਸਾਫ਼ ਕੀਤੀਆਂ। ਕੁਝ ਵਰ੍ਹਿਆਂ ਤੋਂ ਉਨ੍ਹਾਂ ਦਾ ਸਹਾਰਾ ਬਣੀ ਖੂੰਡੀ ਨੂੰ ਫ਼ਰਸ਼ 'ਤੇ ਕਈ ਬਾਰ ਖੜਕਾਇਆ ਤੇ ਦਰਵਾਜ਼ੇ ਦੀ ਚਿਟਕਨੀ ਖੋਲ੍ਹਕੇ ਬਾਹਰ ਨੂੰ ਜਾਂਦੇ ਹੋਏ ਫੇਰ ਗੁੱਸੇ ਵਿਚ ਬੋਲਣ ਲੱਗ ਪਏ...'ਮੈਨੂੰ ਬੌਤ ਗੁੱਸਾ ਔਂਦੈ ਬਚਕੇ ਰਿਹੋ ਮੈਥੋਂ... ਕਿਤੇ ਹੋਰ ਕਿਸੇ ਦੀ ਐਹੀ ਤੈਹੀ ਹੋ ਜੇ।' •

> ਸੁਖੀ ਰਾਮ ਜੀ ਨੂੰ ਬੋਲਦਿਆਂ-ਬੋਲਦਿਆਂ ਕਈ ਵਾਰ ਖੰਘ ਵੀ ਛਿੜ ਪੈਂਦੀ ਹੈ। ਉਸ ਨੂੰ ਆਪਣੇ ਪੁਰਾਣੇ ਦਿਨ ਚੇਤੇ ਕਰ ਕੇ ਆਨੰਦ ਤੇ ਸਕੂਨ ਵੀ ਬਹੁਤ ਮਿਲਦਾ ਹੈ। ਉਹ ਗੱਲ-ਗੱਲ 'ਤੇ ਪੁਰਾਣੀਆਂ ਗੱਲਾਂ ਸੁਣ ਅਤੇ ਸੁਣਾ ਕੇ ਬੇਹੱਦ ਖ਼ੁਸ਼ ਹੁੰਦੈ...





• ਗੁਰਸੇਵਕ ਸਿੰਘ ਪ੍ਰੀਤ
88472-98293



# ਖ਼ਿਜ਼ਲ

ਕਹਾਣੀ

ਦੀਪੇ ਨੇ ਬੂਟਾਂ ਨੂੰ ਕੱਪੜੇ ਦੀ ਟਾਕੀ ਮਾਰ ਕੇ ਚਮਕਾਉਣ ਦੀ ਕੋਸ਼ਿਸ਼ ਕੀਤੀ। ਫਿਰ ਪੈਰਾਂ 'ਚ ਪਾ ਕੇ ਟੁੱਟੂੰ-ਟੁੱਟੂੰ ਕਰਦੇ ਫੀਤਿਆਂ ਨੂੰ ਸਹਿਜ ਨਾਲ ਗੰਢ ਮਾਰੀ ਤੇ ਕੰਧ ਨਾਲ ਟੰਗੇ ਧੁੰਦਲੇ ਜਿਹੇ ਸ਼ੀਸ਼ੇ 'ਚ ਪੱਗ ਸੁਆਰਦਿਆਂ ਕਮਰੇ 'ਚੋਂ ਬਾਹਰ ਆ ਗਿਆ।

ਵਿਹੜੇ 'ਚ ਬਹੁਕਰ ਕੱਢਦੀ ਉਸਦੀ ਮਾਂ ਭਾਨੋ ਨੇ ਮੋਹ ਨਾਲ ਉਸ ਵੱਖ ਵੇਖਿਆ। ਖੇਸ ਦੀ ਬੁੱਕਲ ਮਾਰੀ ਕੰਧ ਨਾਲ ਢਾਸਣਾ ਲਾਈ ਬੈਠਾ ਉਸਦਾ ਬਾਪ ਉਜਾਗਰ ਸਿੰਘ ਖ਼ਾਲੀ ਅੱਖਾਂ ਨਾਲ ਉਸ ਵੱਲ ਝਾਕਿਆ। ਵਿਹੜੇ ਵਿਚ ਬਣੀ ਲੰਬੀ ਖੁਰਲੀ ਉਪਰ ਬੱਝਾ ਇਕ ਮਾੜਚੂ ਜਿਹਾ ਅਮਰੀਕਨ ਵੱਛਾ ਮੂੰਹ ਚੁੱਕੀ ਖੜ੍ਹਾ ਸੀ। ਖਾਂਗੜ ਮੱਝ ਝੁੱਲ ਨੂੰ ਮੂੰਹ ਮਾਰ ਰਹੀ ਸੀ। ਬਾਕੀ ਦੀ ਖ਼ਾਲੀ ਖੁਰਲੀ ਨਾਲ ਗੱਡੇ ਪਏ ਦਰਜਨ ਭਰ ਕਿੱਲੇ ਸੁੰਨੇ ਪਏ ਸਨ।

ਦੀਪੇ ਨੇ ਆਪਣਾ ਧਿਆਨ ਇਸ ਸਭ ਕਾਸੇ ਤੋਂ ਪਾਸੇ ਕੀਤਾ ਤੇ ਹੌਲੀ-ਹੌਲੀ ਤੁਰਦਾ ਘਰ ਦੇ ਬੂਹਿਓਂ ਬਾਹਰ ਹੋ ਗਿਆ। ਮਾਰਚ ਦੇ ਮਹੀਨੇ ਠੰਢ ਕੋਈ ਬਹੁਤੀ ਤਾਂ ਨਹੀਂ ਸੀ ਪਰ ਘਸ-ਘਸ ਕੇ ਪਤਲੇ ਹੋ ਚੁੱਕੇ ਕੁੜਤੇ ਪਜਾਮੇ ਵਿੱਚੋਂ ਲੰਘਦੀ ਸਵੇਰ ਦੀ ਹਵਾ ਨਾਲ ਦੀਪੇ ਨੂੰ ਧੁੜ ਧੁੜੀ ਆਈ। ਉਹ ਹੱਥ ਕੱਛਾਂ ਵਿਚ ਦੇ ਕੇ ਚੱਕਵੇਂ ਪੈਰੀਂ ਅੱਡੇ ਵੱਲ ਨੂੰ ਹੋ ਤੁਰਿਆ।

ਦੀਪੇ ਦਾ ਬਾਪ ਉਜਾਗਰ ਸਿੰਘ ਇਕ ਸਿਰੜੀ ਤੇ ਭਲਾਮਾਣਸ ਵਾਹੀਵਾਨ ਆਦਮੀ ਸੀ। ਉਸਦੀ ਦੁਨੀਆ ਉਸਦੇ ਖੇਤਾਂ ਬੰਨਿਆਂ ਤਕ ਹੀ ਸੀਮਤ ਸੀ। ਉਹ ਹੱਡ ਭੰਨਵੀਂ ਮਿਹਨਤ ਕਰਦਾ। ਫ਼ਸਲ ਬੀਜਣ ਤੋਂ ਲੈ ਕੇ ਪੱਕਣ ਤਕ ਦੀ ਇਕ-ਇਕ ਘੜੀ ਜੱਚਾ ਵਾਂਗ ਲੰਘਾਉਂਦਾ। ਬੈਚੇਨੀ ਭਰੀ ਖ਼ੁਸ਼ੀ ਉਸ 'ਤੇ ਛਾਈ ਰਹਿੰਦੀ।

ਆਪਣੇ ਬਾਪ ਦੇ ਘਰ ਉਜਾਗਰ ਸਿੰਘ ਪੰਜ ਭੈਣਾਂ ਦਾ ਇਕੱਲਾ ਭਾਈ ਹੋਣ ਦਾ ਮਾਣ ਤੇ ਚਿੰਤਾਵਾਂ ਦੇ ਮਿਲਗੋਭੇ ਪਾਤਰ ਦਾ ਰੂਪ ਹੰਢਾ ਚੁੱਕਿਆ ਸੀ। ਇਸੇ ਕਰਕੇ ਉਸਦੇ ਮਨ ਵਿਚ ਵੱਡੇ ਪਰਿਵਾਰ ਪ੍ਰਤੀ ਇਕ ਉਦਾਸੀਨਤਾ ਬਣ ਗਈ ਸੀ। ਉਹ ਕਹਿੰਦਾ ਸੀ ਜੱਟ ਦੇ ਤਾਂ ਇਕ ਹੀ ਮੁੰਡਾ ਹੋਣਾ ਚਾਹੀਦਾ। ਦੂਜਾ ਤਾਂ ਜੰਮੇ ਜੇ ਉਸ ਜੋਗੀ ਪੈਲੀ ਹੋਵੇ। ਜੱਟ ਤੋਂ ਨਾ ਹੱਟੀ ਹੁੰਦਾ ਆ ਨਾ ਮਜ਼ਦੂਰੀ। ਜਦੋਂ ਦੀਪਾ ਸਾਲ ਕੁ ਦਾ ਹੋਇਆ ਤਾਂ ਉਜਾਗਰ ਸਿੰਘ ਨੇ ਵੱਡੇ ਬੂਹੇ ਦੇ ਦੋਹੀਂ ਪਾਸੀਂ ਸ਼ਰੀਂਹ ਟੰਗਣ ਲਈ ਲੱਗੇ ਕਿੱਲੇ ਸਦਾ ਲਈ ਪੁੱਟ ਦਿੱਤੇ। ਤੇ ਮੁੜ ਦੀਪੇ ਦਾ ਕੋਈ ਭੈਣ ਭਾਈ ਇਸ ਦੁਨੀਆ 'ਤੇ ਨਹੀਂ ਆਇਆ।

ਪੜ੍ਹਨੇ ਪਾਇਆ ਦੀਪਾ ਪਹਿਲੇ ਦਰਜੇ 'ਚ ਪਾਸ ਹੁੰਦਾ ਦਸਵੀਂ ਤਕ ਪਹੁੰਚ ਗਿਆ। ਗਿਆਰਵੀਂ ਦੀ ਪੜ੍ਹਾਈ ਲਈ ਦੀਪੇ ਨੂੰ ਸ਼ਹਿਰ ਭੇਜਣਾ ਉਜਾਗਰ ਸਿੰਘ ਲਈ ਖ਼ਰਚ ਦੀ ਵਿਤੋਂ ਬਾਹਰੀ ਪੰਡ ਚੁੱਕਣ ਦੇ ਬਰੋਬਰ ਸੀ। ਪਰ ਉਸਨੇ ਆਪਣੇ ਤਕੜੇ ਜੁੱਸੇ ਤੇ ਇਕੋ ਪੁੱਤਰ ਹੋਣ ਦੀ ਢੁੱਕਵੇਂ ਮੇਲ ਨੂੰ ਮਾਪਦਿਆਂ ਦੀਪੇ ਨੂੰ ਸ਼ਹਿਰ ਤੋਰ ਦਿੱਤਾ। ਸਮਾਂ ਬੀਤਦਿਆਂ ਪਤਾ ਹੀ ਨਹੀਂ ਲੱਗਿਆ। ਦੀਪੇ ਦੇ ਪੰਦਰਵੀਂ ਵਿੱਚੋਂ ਪਾਸ ਹੋਣ 'ਤੇ ਸਾਰੇ ਪਿੰਡ ਨੇ ਉਜਾਗਰ ਸਿੰਘ ਤੇ ਭਾਨੋ ਨੂੰ ਵਧਾਈ ਦਿੱਤੀ।

ਪਿੰਡ ਵਿਚ ਅਨੋਖੀ ਖੁੰਢ ਚਰਚਾ ਛਿੜ ਗਈ। ਜਿਹੜੇ ਸਾਰਾ ਦਿਨ ਡੰਗਰਾਂ ਮਗਰ ਲਲਾ-ਲਲਾ ਕਰਦੇ ਫਿਰਦੇ ਤੇ ਵਾਹੀ-ਬਿਜਾਈ ਦੇ ਚੱਕਰ ਵਿਚ ਅੱਧਖੜ ਜਿਹੇ ਹੋ ਗਏ ਸਨ, ਉਨ੍ਹਾਂ ਦੇ ਨਾਲ ਦਾ ਲੂੰਆਂ ਜਿਹਾ ਦੀਪਾ ਬੀਏ ਪਾਸ ਕਰ ਗਿਆ! ਦੀਪੇ ਦੇ ਹਾਣੀਆਂ ਨੂੰ ਚੰਗਾ ਵੀ ਲੱਗਦਾ ਤੇ ਸਾੜੇ ਵਾਲਾ ਵੀ।

ਐਮਏ ਪਾਸ ਕਰਨ ਤੋਂ ਬਾਅਦ ਦੀਪੇ ਨੇ ਸੋਚਿਆ, 'ਹੁਣ ਤਕ ਤਾਂ ਐਵੇਂ ਈ ਤੁਰੀ ਗਿਆ ਜਿਧਰ ਨੂੰ ਸੂਤ ਲੱਗਿਆ, ਪਰ ਕਿੰਨਾ ਕੁ ਚਿਰ। ਪਹਿਲਾਂ ਕਿਸੇ ਤਣ ਪੱਤਣ ਲੱਗ ਹੋ ਜੇ... ਬਾਕੀ ਪੜ੍ਹਾਈ ਫੇਰ ਵੇਖੀ ਜਾਊ... ਨਾਲੇ ਬਾਪੂ ਦਾ ਹੱਥ ਕੁਝ ਸੌਖਾ ਹੋ ਜੂ...।'

ਦੀਪੇ ਦੀ ਮਾਂ ਉਠਦੀ ਬਹਿੰਦੀ ਸੋਚਦੀ ਰਹਿੰਦੀ ਕਿ ਉਸਦਾ ਪੁੱਤਰ ਕਿਸੇ ਨੌਕਰੀ 'ਤੇ ਲੱਗ ਜਾਵੇ ਤਾਂ ਵਿਆਹ ਦਾ ਚਾਰਾ ਕਰੀਏ।

ਦਾਤੀ ਵਾਲਿਆਂ ਦੇ ਭੈਂਗੇ ਨਾਜ਼ਰ ਦੀ ਵਹੁਟੀ ਨੂੰ ਡੋਲੀਓਂ ਲਾਹ ਕੇ ਪਾਣੀ ਵਾਰਦੀ ਉਸਦੀ ਮਾਂ ਨੂੰ ਵੇਖ ਕੇ ਭਾਨੋ ਆਪਣੇ ਸੋਨੇ ਵਰਗੇ ਪੁੱਤ ਦੇ ਸਾਕ ਵਿਚ ਹੁੰਦੀ ਦੇਰੀ 'ਤੇ ਮਨ 'ਚ ਝੂਰੀ, 'ਅੱਗ ਲੱਗਣੇ ਲੋਕਾਂ ਦੀ ਅਕਲ 'ਤੇ ਪਤਾ ਨੀਂ ਕੀ ਠੂਠਾ ਮੁਧਾ ਵੱਜਿਐ... ਜੈ ਖਾਣੇ ਜ਼ਮੀਨਾਂ 'ਤੇ ਮਰਦੇ ਨੇ... ਛੋਹਰ ਨੂੰ ਭਾਵੇਂ ਹੱਗਣ ਦਾ ਚੱਜ ਨਾ ਹੋਵੇ... ਬਈ ਦਾਦਨਿਓ ਜੇ ਮੁੰਡਾ ਗੁਣ ਆਲਾ ਹੋਇਆ ਤਾਂ ਭਾਵੇਂ ਪੰਜਾਹ ਕਿੱਲੇ ਪੈਲੀ ਬਣਾ ਲਵੇ... ਹੈਂ... ਨਈਂ ਤਾਂ ਪਹਿਲੀ ਵੀ ਵੇਚ ਕੇ ਪੀ ਜੂ... ਪਰ ਜੱਟਾਂ ਨੂੰ ਤਾਂ ਬੱਸ ਜ਼ਮੀਨਾਂ ਹੀ ਦੀਹਦੀਆਂ ... ਪੜ੍ਹਾਈ ਲਖਾਈ ਦੀ ਤਾਂ ਕੋਈ ਕਦਰ ਨੀਂ... ਕੋਈ ਨੀਂ ਰੱਬ ਸੱਚਾ ਮੇਰੀ ਵੀ ਸੁਣੂੰਗਾ ਕਦੇ ਤਾਂ...।

......

ਬੱਸ ਦਾ ਹਾਰਨ ਵੱਜਿਆ ਤਾਂ ਦੀਪਾ ਇਕ ਦਮ ਤ੍ਰਭਕਿਆ ਤੇ ਭੱਜ ਕੇ ਬਾਰੀ ਦੇ ਡੰਡੇ ਨੂੰ ਹੱਥ ਜਾ ਪਾਇਆ। ਸ਼ਹਿਰ ਦੇ ਬੱਸ ਅੱਡਿਓਂ ਉਹ ਸਿੱਧਾ ਅਖ਼ਬਾਰਾਂ ਵਾਲੇ ਪਰਿੰਦੇ ਦੀ ਦੁਕਾਨ ਵੱਲ ਚੱਲ ਪਿਆ।

ਸੁਣਾ ਬਈ ਚਾਚਾ ਕੀ ਹਾਲ ਆ... ਕੀ ਕਹਿੰਦਾ ਮਨਾਦੀ ਵਾਲਾ...।' ਦੀਪੇ ਨੇ ਪਰਿੰਦੇ ਨੂੰ ਛੇੜਦਿਆਂ ਅਖ਼ਬਾਰ ਨੂੰ ਹੱਥ ਪਾਇਆ।

ਸੱਠਾਂ ਨੂੰ ਢੁੱਕਿਆ ਪਰਿੰਦਾ ਸਾਰਾ ਦਿਨ ਬੁੜ-ਬੁੜ ਕਰਦਾ ਰਹਿੰਦਾ। ਉਹ ਹਮੇਸ਼ਾ ਅੱਕਿਆ, ਥੱਕਿਆ ਲੱਗਦਾ। ਅੱਧ ਵਲ੍ਹੇਟੀ ਪੱਗ 'ਚੋਂ ਜਟੂਰੀਆਂ ਬਾਹਰ ਲਟਕਦੀਆਂ ਰਹਿੰਦੀਆਂ।

> ਪਿੰਡ 'ਚ ਅਨੋਖੀ ਖੁੰਢ ਚਰਚਾ ਛਿੜ ਗਈ। ਜਿਹੜੇ ਸਾਰਾ ਦਿਨ ਡੰਗਰਾਂ ਮਗਰ ਲਲਾ-ਲਲਾ ਕਰਦੇ ਫਿਰਦੇ ਤੇ ਵਾਹੀ-ਬਿਜਾਈ ਦੇ ਚੱਕਰ 'ਚ ਅੱਧਖੜ ਹੋ ਗਏ ਸਨ, ਉਨ੍ਹਾਂ ਦੇ ਨਾਲ ਦਾ ਦੀਪਾ ਬੀਏ ਪਾਸ ਕਰ ਗਿਆ! ਉਸ ਦੇ ਹਾਣੀਆਂ ਨੂੰ ਚੰਗਾ ਵੀ ਲੱਗਦਾ ਤੇ ਸਾੜੇ ਵਾਲਾ ਵੀ...

ਜ਼ੋਰ ਨਾਲ ਸਿਰ ਹਿਲਾ ਕੇ ਬੋਲਦਾ ਤਾਂ ਅੱਖਾਂ 'ਤੇ ਲੱਗੀ ਮੋਟੇ ਸ਼ੀਸ਼ਿਆਂ ਦੀ ਐਨਕ ਨੱਕ ਦੀ ਚੁੰਜ 'ਤੇ ਆ ਜਾਂਦੀ। ਬੇਢੰਗੇ ਜਿਹੇ ਸਰੀਰ ਤੇ ਥੋੜੇ ਦੰਦਾਂ ਵਿੱਚੋਂ ਜਦੋਂ ਉਹ ਗੁੱਸੇ 'ਚ ਬੋਲਦਾ ਤਾਂ ਸੁਣਨ ਵਾਲੇ ਨੂੰ ਸਗੋਂ ਹਾਸਾ ਆ ਜਾਂਦਾ।

'ਲੈ ਆ ਗਏ ਸੂ ਵੱਡੇ ਪੜਾਕੂ... ਆਈਖੇ ਕੀ ਕਹਿੰਦਾ ਮਾਨਾਦੀ ਵਾਲਾ... ਅਰੇ ਮੈਂ ਖ਼ਬਾਰਾਂ ਬੇਚਦਾਂ ਕਿ ਪੜ-ਪੜ ਕੇ ਸੁਣਾਵਣਾਂ... ਅਖੈ ਕੀ ਕਹਿੰਦਾ ਮਨਾਦੀ ਵਾਲਾ... ਮਾਂਈ ਯਾ ਸਵੇਰ ਦੇ ਚਾਰ ਵਜੇ ਦਾ ਉਠਿਆਂ... ਤੂੰ ਤੇ ਵਾਹ ਕੇ ਪੱਟੀਆਂ ਤੇ ਖਾ ਕੇ ਮਨੀਆਂ ਆ ਗਿਆ ਏਥੇ... ਅਖੈ ਕੀ ਕਹਿੰਦਾ ਮਨਾਦੀ ਵਾਲਾ... (ਹੋਰ ਗਾਹਕ ਨਾਲ ਗੱਲ ਕਰਦਾ ਹੋਇਆ) ਤੂੰ ਲਿਆ ਓ ਬਾਊ ਅੱਜ ਦੇ ਤੇ ਕੱਲ ਦੇ ਖ਼ਬਾਰ ਦੇ ਪੈਹੇ... ਮੇਰੇ ਤੋਂ ਨੀਂਹ ਦਹ-ਦਹ ਦਿਨ ਯਾਦ ਰੱਖੀਦੇ ... ਨਕਦ ਦਿਆ ਕਰੋ... ਅੱਗੇ ਮੇਰੇ ਭਣਵਈਏ ਨਈਂ ਬੈਠੇ ਜਿਹੜੇ ਮੁਫਤੋ ਮੁਫਤੀ ਗੱਤੀ ਜਾਂਦੇ ਨੇ... ਅਖੈ ਕੀ ਕਹਿੰਦਾ ਮਨਾਦੀ ਵਾਲਾ ... ਸਵੇਰ ਦੀ ਘੁੱਟ ਚਾਹ ਨੀਂ ਪੀਤੀ ਚੱਜ ਨਾਲ... ਕਿਥੋਂ ਕੁੱਤੇ ਕੰਮ 'ਚ ਪਾ ਤੇ ਰੱਬ ਨੇ... ਨਾ ਸਾਲੀ ਕੋਈ ਛੁੱਟੀ... ਨਾ ਚੱਜ ਨਾਲ ਖਾਣ ਸੌਣ ਦਾ ਟੈਮ... (ਡੂੰਘਾ ਸਾਹ ਖਿੱਚ ਕੇ) ਬੱਸ ਭਰਾਵਾ ਰੋਟੀਆਂ ਬਣੀ ਜਾਂਦੀਆਂ ਚੱਲ... ਸ਼ੁਕਰ ਆ... ਨੀਂ ਤਾਂ ਹਾਅ ਵੇਖਲਾ ਮੰਡੀਰ ਵੀਹ ਵੀਹ ਪੜ ਕੇ ਫਿਰਦੀ ਐ ਕੰਧਾਂ ਕੋਲਿਆਂ ਨਾਲ ਵੱਜਦੀ।' ਪਰਿੰਦਾ ਨਾਲੇ ਗਾਹਕਾਂ ਨੂੰ ਅਖ਼ਬਾਰ ਵੇਚੀ ਜਾਂਦਾ ਸੀ ਨਾਲੇ ਦੀਪੇ 'ਤੇ ਹਰਖ ਝਾੜੀ ਜਾਂਦਾ ਸੀ।

ਦੀਪਾ ਅਖ਼ਬਾਰਾਂ 'ਤੇ ਨਿਗਾ ਮਾਰਦਾ ਪਰਿੰਦੇ ਦੀ ਦੁਕਾਨ ਅੰਦਰ ਪਏ ਬੈਂਚ 'ਤੇ ਬਹਿ ਗਿਆ। ਉਹ ਪਰਿੰਦੇ ਦੇ ਸੁਭਾਅ ਤੋਂ ਜਾਣੂ ਸੀ। ਹਰ ਇਕ ਨੂੰ ਵੱਢ ਖਾਊਂ ਕਰਨ ਦੀ ਉਸਦੀ ਆਦਤ ਸੀ। ਲਿਹਾਜ਼ ਘੱਟ ਹੀ ਕਰਦਾ ਸੀ ਕਿਸੇ ਨਾਲ। ਕਰੇ ਵੀ ਕੀ। ਅਗਲਾ ਲਿਹਾਜੋ ਲਿਹਾਜੀ ਅਖ਼ਬਾਰ ਪੜ੍ਹ ਕੇ ਉਹ ਜਾਂਦਾ ਤੇ ਪਰਿੰਦੇ ਦੇ ਪੱਲੇ ਰਹਿ ਜਾਂਦੀ ਰੱਦੀ। ਦੀਪੇ ਹੋਰਾਂ ਦੀ ਅੜਬ ਢਾਣੀ ਤੇ ਖ਼ਾਲੀ ਥੋੜਿਆਂ ਕਰਕੇ ਉਹ ਇਨ੍ਹਾਂ ਨੂੰ ਅਖ਼ਬਾਰ ਪੜ੍ਹਨ ਦੇ ਦਿੰਦਾ ਸੀ।

ਮੋਟੀਆਂ-ਮੋਟੀਆਂ ਸੁਰਖ਼ੀਆਂ 'ਤੇ ਨਜ਼ਰ ਮਾਰ ਕੇ ਦੀਪੇ ਨੇ ਬੇਮਨ ਨਾਲ ਨੌਕਰੀਆਂ ਵਾਲੇ ਇਸ਼ਤਿਆਰ ਦੀ ਤਲਾਸ਼ ਵਿਚ ਵਰਕੇ ਉਲੱਦਣੇ ਸ਼ੁਰੂ ਕਰ ਦਿੱਤੇ।

ਦੀਪੇ ਨੂੰ ਜਦੋਂ ਪਹਿਲੀ ਵਾਰ ਨੌਕਰੀ ਲਈ ਸੱਦਾ ਪੱਤਰ ਆਇਆ ਸੀ ਤਾਂ ਉਸਨੂੰ ਬੜਾ ਅਜੀਬ ਤੇ ਚੰਗਾ ਜਿਹਾ ਲੱਗਿਆ। ਉਸਦਾ ਨਾਮ, ਬਾਪ ਦਾ ਨਾਮ, ਪਿੰਡ ਦਾ ਨਾਮ, ਸਭ ਕੁਝ ਮੋਟੇ-ਮੋਟੇ ਅੱਖਰਾਂ ਵਿਚ ਲਿਖਿਆ ਸੀ ਜਿਵੇਂ ਵਿਆਹ ਦੇ ਕਾਰਡ ਉਪਰ ਲਾੜ੍ਹੇ ਦਾ ਲਿਖਿਆ ਹੁੰਦਾ। ਚੰਡੀਗੜ੍ਹੋਂ ਆਈ ਚਿੱਠੀ ਦੱਸ ਕੇ ਹੀ ਲਹੌਰੀਆ ਡਾਕੀਆ ਉਸ ਦੀ ਮਾਂ ਕੋਲੋਂ ਦਸ ਰੁਪਏ ਲੈ ਗਿਆ। ਕਹਿੰਦਾ, 'ਬੇਬੇ ਚੰਡੀਗੜ੍ਹੋਂ ਬੜੇ ਕਰਮਾਂ ਵਾਲੇ ਨੂੰ ਆਉਂਦੀ ਆ ਇਹੋ ਜਿਹੀ ਚਿੱਠੀ। ਪਿਛਲੇ ਸਾਲ ਬੰਬੀ ਆਲਿਆਂ ਦੇ ਘੋੜੇ ਦੀ ਆਈ ਤੀ ਆਹੀ ਜਹੀ ਚਿੱਠੀ... ਔਹ ਵੇਖਲਾ ਕਨੈਡੇ 'ਚ ਦੁੜੰਗੇ ਲਾਉਂਦਾ ਫਿਰਦੈ.. ਅੱਧੇ ਪਿੰਡ ਦੀ ਜ਼ਮੀਨ ਖ਼ਰੀਦ ਲੀ ਕੇਰਾਂ... ।'

ਦੀਪੇ ਨੇ ਕਈ ਵਾਰ ਚਿੱਠੀ ਪੜ੍ਹੀ। ਨੌਕਰੀ ਵਾਸਤੇ ਲਿਖਤੀ ਪੇਪਰ ਦੇਣ ਲਈ ਉਸ ਨੂੰ ਚੰਡੀਗੜ੍ਹ ਸੱਦਿਆ ਸੀ। ਉਸ ਨੇ ਚਾਂਭਲ ਕੇ ਆਪਣੀ ਮਾਂ ਨੂੰ ਜੱਫੀ ਪਾਉਂਦਿਆਂ ਕਿਹਾ, 'ਬੀਬੀ ਹੁਣ ਤਾਂ ਮੇਰੀ ਚੰਡੀਗੜ੍ਹ ਨੌਕਰੀ ਲੱਗਜੂ... ਤੂੰ ਕਿੱਥੇ ਰਹੇਂਗੀ, ਪਿੰਡ ਬਾਪੂ ਕੋਲੇ ਕਿ ਮੇਰੇ ਕੋਲ। ਉੱਥੇ ਆਪਣੇ ਪਿੰਡ ਆਂਗੂ ਗਲੀਆਂ 'ਚ ਨੀਂਹ ਬਹਿਣ ਦਿੰਦੇ। ਉਥੇ ਤਾਂ ਕੋਈ ਉਚੀ ਬੋਲਦਾ ਵੀ ਨਹੀਂ। ਯੋਧਾ ਦੱਸਦਾ ਹੁੰਦਾ। ਉਹ ਕਈ ਆਰੀ ਗਿਆ ਚੰਡੀਗੜ੍ਹ। ਤੇਰਾ ਉਥੇ ਚਿੱਤ ਨੀਂ ਲੱਗਣਾ ਬੀਬੀ...।'

ਉਹ ਇਕੋ ਸਾਹੇ ਕਈ ਕੁਝ ਬੋਲ ਗਿਆ। ਜਿਵੇਂ ਅਚਨਚੇਤ ਉਸ 'ਤੇ ਕਈ ਜ਼ਿੰਮੇਵਾਰੀਆਂ ਪੈ ਗਈਆਂ ਹੋਣ ; ਗ਼ਰੀਬ ਲੱਕੜਹਾਰੇ ਦੇ ਉਸ ਪੁੱਤ ਵਾਂਗ ਜੋ ਸਾਰੀ ਰਾਤ ਜੰਗਲ ਵਿੱਚੋਂ ਲੱਕੜਾਂ ਇਕੱਠੀਆਂ ਕਰਨ ਤੋਂ ਬਾਅਦ ਜਦੋਂ ਸਵੇਰੇ ਘਰ ਮੁੜਿਆ ਤਾਂ ਰਾਜ ਦੇ ਮੁੱਖ ਦਵਾਰ 'ਚੋਂ ਸਭ ਤੋਂ ਪਹਿਲਾਂ ਦਾਖ਼ਲ ਹੋਣ ਕਾਰਨ ਉਸ ਨੂੰ ਰਾਜਾ ਬਣਾ ਦਿੱਤਾ ਜਾਂਦੈ।

ਦੀਪਾ ਸਾਈਕਲ ਚੁੱਕ ਕੇ ਖੇਤਾਂ ਨੂੰ ਭੱਜ ਗਿਆ। ਉਹ ਆਪਣੇ ਬਾਪੂ ਨੂੰ ਜਲਦੀ ਤੋਂ ਜਲਦੀ ਇਹ ਖ਼ੁਸ਼ਖ਼ਬਰੀ ਦੇਣੀ ਚਾਹੁੰਦਾ ਸੀ। ਚਿੱਠੀ ਨੂੰ ਉਲਟਾ-ਪੁਲਟਾ ਕੇ ਕਈ ਵਾਰ ਵੇਖਦਿਆਂ ਉਜਾਗਰ ਨੇ ਦੀਪੇ ਦੀ ਪਿੱਠ ਥਾਪੜੀ।

'ਸ਼ਬਾਸ਼ੇ ਬਈ... ਵਾਖ਼ਰੂ ਮੇਹਰ ਕਰੇ... ਆਹ ਤਾਂ ਪੁੱਤ ਰੰਗ ਲੱਗਗੇ... ਕੋਈ ਪਿਛਲੇ ਜਨਮ ਚੰਗੀ ਬੀਅ ਬੀਜੇ ਸੀ... ਤੇਰੀ ਮੇਅਨਤ ਆ ਪੁੱਤ... ਅਸੀਂ ਤਾਂ ਆਪਣਾ ਫਰਜ਼ ਪੂਰਿਆ, ਚੱਲ ਤਿਆਰੀ ਕਰ ਚੰਗੀ ਤਰ੍ਹਾਂ ਪੇਪਰਾਂ ਦੀ... ਟੈਮ ਸਿਰ ਜਾਈਂ ਚੰਡੀਗੜ੍ਹ ਨੂੰ... ਦੂਰ ਵੀ ਖਾਸੀ ਆ.. ਨਾਲੇ ਗੁਰਤੇਜ ਮਾਅਟਰ ਨੂੰ ਦਿਖਾਲ ਲੀ ਚਿੱਠੀ... ਚੰਗੂ ਦੱਸ ਦਊ... ਹੋਰ ਪਤਾ ਕਰ ਲੈਣਾ ਤੀ ਪਿੰਡੋਂ ਕਿਸੇ ਨੇ ਜਾਣਾ ਹੁੰਦਾ ਚੰਡੀਗੜ੍ਹ ਤਾਂ... (ਹੱਸ ਕੇ) ਆਪਣੇ ਪਿੰਡ ਤਾਂ ਸਾਲਾ ਕੋਈ ਪੰਜਵੀਓਂ ਨੀਂਹ ਟੱਪਿਆ, ਚੰਡੀਗੜ੍ਹੋਂ ਕਿਹੜੇ ਭੜੂਏ ਨੂੰ ਤਾਰਾਂ ਆਉਣੀਆਂ ਨੇ... ਪਰ ਯਾਰ ਉਸ ਡੱਫਲ ਜਹੇ ਨੂੰ ਨਾ ਦੱਸੀਂ... ਮੇਰੇ ਸਾਲੇ ਨੂੰ... ਕੀ ਨਾਂਅ ਉਅਦਾ... ਆਹਾ ਯੋਧਾ... ਪੜ ਲਿਖ ਕੇ ਵੀ ਏਥੇ ਈ ਫਿਰਦੈ ਧੱਕੇ ਖਾਂਦਾ... ਵਿਹਲੀਆਂ ਖਾਣ ਦੀ ਆਦਤ ਜੋ ਪੈਗੀ...।' ਗੱਲਾਂ ਕਰਦੇ ਪਿਓ ਪੁੱਤ ਘਰ ਨੂੰ ਤੁਰ ਪਏ।

ਉਸ ਰਾਤ ਦੀਪੇ ਨੂੰ ਨੀਂਦ ਨਾ ਆਈ। ਗੀਤਾਂ ਗਾਣਿਆਂ ਨੂੰ ਸੁਣ ਕੇ ਉਹ ਕਈ ਵਾਰ ਸੋਚਦਾ 'ਯਾਰ ਅਏਂ ਕਿਵੇਂ ਨੀਂਦ ਨਾ ਆਵੇ... ਐਵੇਂ ਭਕਾਈ ਮਾਰਦੇ ਆ ਇਹ ਗਾਣਿਆਂ ਵਾਲੇ... ਬਿਸਤਰੇ 'ਚ ਵੜੀਦੇ ਬਾਅਦ 'ਚ ਆ ਤੇ ਨੀਂਦ ਪਹਿਲੋਂ ਆ ਜਾਂਦੀ ਆ... ਸਹੁਰੀਆਂ ਕਿਤਾਬਾਂ ਹੱਥ 'ਚ ਹੀ ਫੜੀਆਂ ਰਹਿ ਜਾਂਦੀਆਂ ਨੇ... ਇਹ ਕਹਿੰਦੇ ਆ ਸਾਰੀ-ਸਾਰੀ ਰਾਤ ਨੀਂਦਰਾਂ ਨੀਂਅ ਪੈਂਦੀਆਂ।'

ਸਾਰੀ ਰਾਤ ਸੋਚਾਂ ਸੋਚਦਾ ਦੀਪਾ ਕਦੇ ਮਨ ਹੀ ਮਨ ਹੱਸਦਾ। ਕਦੇ ਹੈਰਾਨ ਹੁੰਦਾ। ਕਦੇ ਕਿਸੇ ਅਣਜਾਣੇ ਡਰ ਕਾਰਨ ਸਹਿਮ ਜਾਂਦਾ। ਚੰਡੀਗੜ੍ਹ ਦੀਆਂ ਬੱਸਾਂ ਦੇ ਟਾਇਮ ਪਤਾ ਕਰਦਿਆਂ ਤੇ ਪੇਪਰ ਹੱਲ ਕਰਨ ਦੇ ਤਰੀਕੇ ਯਾਦ ਕਰਦਿਆਂ ਨਿਸ਼ਚਿਤ ਦਿਨ ਵੀ ਆ ਗਿਆ। ਉਸਦੀ ਬੇਬੇ ਨੇ ਅੱਧੀ ਰਾਤੀਂ ਉਠ ਕੇ ਚੁੱਲ੍ਹਾ ਚੌਂਕਾ ਲਿੱਪਿਆ, ਜਿਵੇਂ ਸਰਾਧਾਂ ਵੇਲੇ ਵੱਡੇ ਵਡੇਰਿਆਂ ਨੂੰ ਰੋਟੀ ਖਵਾਉਣ ਵੇਲੇ ਵਿਹੜਾ ਸੁੱਚਾ ਕਰੀਦਾ। ਅੱਜ ਵੀ ਤਾਂ ਉਸਦੇ ਪੁੱਤਰ ਨੇ ਆਪਣੀ ਹਿੰਮਤ ਨਾਲ ਪਿੰਡ ਦੇ ਮਿੱਟੀ-ਘੱਟੇ ਵਿੱਚੋਂ ਉਠ ਕੇ ਇਕੋ ਛਾਲ ਨਾਲ ਫੁੱਲਾਂ ਤੇ ਬਹਿਸ਼ਤ ਦੀ ਧਰਤੀ 'ਤੇ ਜਾ ਪਹੁੰਚਣਾ ਸੀ, ਜਿੱਥੇ ਸੁੱਖ ਹੀ ਸੁੱਖ ਨੇ।

'ਆਹ ਗੁਰਦਿਆਲੋ ਵੇਖ ਲਾ ਪੁੱਤਾਂ ਦੀ ਕਮਾਈ ਤੇ ਕਿਮੇਂ 'ਸਮਾਨ ਨੂੰ ਟਾਕੀਆਂ ਲਾਉਂਦੀ ਫਿਰਦੀ ਆ... ਰੱਬ ਸੁੱਖ ਰੱਖੇ ਐਹੋ ਜਿਹੇ ਘਰ ਵਿਆਹੂੰ ਆਪਣੇ ਪੁੱਤ ਨੂੰ ਦੁਨੀਆ ਦੇਖੂ।' ਦੀਪੇ ਦੀ ਮਾਂ ਨੇ ਪਰੌਠਿਆਂ ਵਿਚ ਅੰਬ ਦੇ ਅਚਾਰ ਦੀਆਂ ਫਾੜੀਆਂ ਰੱਖਕੇ ਪੋਣੇ ਦੇ ਲੜਾਂ ਨੂੰ ਗੰਢ ਮਾਰਦਿਆਂ ਉਜਾਗਰ ਨੂੰ ਕਿਹਾ।

......

'ਦੀਪੇ ਆ ਚੱਲੀਏ ਉਏ ਛੇਤੀ ਕਰ, ਅੱਜ ਦਵਿੰਦਰ ਭੰਗੂ ਤੇ ਸੁਦੇਸ਼ ਸ਼ਰਮਾ ਹੋਰੀਂ ਆ ਰਹੇ ਨੇ ਮੀਟਿੰਗ 'ਚ ... ਕੁਲਦੀਪ ਨਾਗਰਾ ਤਾਂ ਡਰ ਗਿਆ ਸਾਲਾ... ਕਹਿੰਦਾ ਐਵੇਂ ਕਾਹਨੂੰ ਸਰਕਾਰ ਨਾਲ ਪੰਗਾ ਲੈਣਾ।' ਯੋਧੇ ਨੇ ਪਰਿੰਦੇ ਦੀ ਦੁਕਾਨ ਵਿਚ ਬੈਠੇ ਦੀਪੇ ਨੂੰ ਬਾਹੋਂ ਫੜ ਕੇ ਉਠਾਉਂਦਿਆ ਕਿਹਾ।

' ਲੈ ਪੰਗਾ ਲੈਣ ਨੂੰ ਅੱਗੇ ਤਾਂ ਜਿਵੇਂ ਬੱਤੀ ਆਲੀ ਕਾਰ ਹੀ ਘਰੇ ਛੱਡ ਕੇ ਆਉਂਦੀ ਆ ਵੱਡੇ ਲੀਡਰ ਨੂੰ... ਮੈਨੂੰ ਪਤਾ ਸਾਲੇ ਨੇ ਕਿਸੇ ਟੱਟੂ ਨਾਲ ਗਾਂਢਾ-ਸਾਂਢਾ ਕੀਤਾ ਹੋਣੈ. ਬਈ ਮੈਨੂੰ ਕੋਈ ਮੈਂਬਰੀ-ਸ਼ੈਂਬਰੀ ਦੇ ਦਿਓ... ਫੈਡਰੇਸ਼ਨ ਨੂੰ ਮੈਂ ਡੋਬ ਦਊਂ... ਮੈਂ ਨੀਂ ਜਾਣਦਾ ਵੱਡੇ ਮਾਰਕਸ ਨੂੰ...।' ਦੀਪੇ ਨੇ ਯੋਧੇ ਨਾਲ ਤੁਰਦਿਆਂ ਕਿਹਾ।

'ਓਏ ਜੇ ਐਹੋ ਜੇ ਗ਼ਦਾਰ ਨਾ ਹੁੰਦੇ ਤਾਂ ਅੱਜ ਸਾਡੇ ਵਰਗਿਆਂ ਨੂੰ ਘਰੋਂ-ਬਾਹਰੋਂ ਇੱਦਾਂ ਦੀ ਕੁੱਤੇਖਾਣੀ ਨਹੀਂ ਸੀ ਕਰਾਉਣੀ ਪੈਣੀ... ਮਾਂ ਦੇ ਯਾਰ ਚਾਰ ਬੇਰਾਂ ਪਿੱਛੇ ਪਾਲਾ ਬਦਲ ਜਾਂਦੇ ਨੇ... ਊਂ ਭਰਾਵਾ ਚੰਗੇ ਵੀ ਐਹੀ ਰਹਿੰਦੇ ਨੇ... ਆਹ ਵੇਖ ਲਾ ਗੁਰਦਿਆਲ ਲੰਡਾਂ... ਮੈਨੂੰ ਫੈਡਰੇਸ਼ਨ ਵਿਚ ਐਹੀ ਲਿਆਇਆ ਸੀ, ਤੂੰ ਤਾਂ ਉਦੋਂ ਪੜ੍ਹਦਾ ਹੀ ਸੀ... ਤੇ ਵੇਖ ਲਾ ਹੁਣ ਚੇਅਰਮੈਨ ਬਣਿਆ ਫਿਰਦਾ...।' ਯੋਧੇ ਨੇ ਦੀਪੇ ਮੂਹਰੇ ਮਨ ਦਾ ਗੁਭਾਰ ਕੱਢਦਿਆਂ ਕਿਹਾ।

......

ਨੌਕਰੀਆਂ ਪਿੱਛੇ ਪੰਜ-ਸੱਤ ਸਾਲ ਗੇੜੇ ਕੱਢਣ ਤੋਂ ਬਾਅਦ ਦੀਪਾ ਸਮਝ ਗਿਆ ਕਿ ਨੌਕਰੀਆਂ, ਡਿਗਰੀਆਂ ਦੀ ਨਹੀਂ ਨੋਟਾਂ ਦੀ ਗਿਣਤੀ ਨਾਲ ਮਿਲਦੀਆਂ ਹਨ। ਹੁਣ ਤਾਂ ਉਸਨੇ ਚੌਂਕੀਦਾਰ ਅਤੇ ਚਪੜਾਸੀ ਦੀ ਨੌਕਰੀ ਲਈ ਵੀ ਇੰਟਰਵਿਊਆਂ ਦਿੱਤੀਆਂ ਸਨ ਪਰ ਸਭ ਥਾਂਈ ਇਕੋ ਤੱਕੜੀ-ਵੱਟੇ ਵੇਖ ਕੇ ਉਹ ਚੁੱਪ ਰਹਿ ਗਿਆ। ਹੁਣ ਉਸਨੂੰ ਯੋਧੇ ਦੇ ਵਿਹਲੀਆਂ ਖਾਣ ਦੀ ਸਮਝ ਪੈ ਗਈ ਸੀ। ਹੌਲੀ-ਹੌਲੀ ਉਹ ਵੀ ਯੋਧੇ ਨਾਲ ... ਯੂਨੀਅਨ 'ਚ ਸ਼ਾਮਲ ਹੋ ਗਿਆ। ਉਹ ਨੌਕਰੀਆਂ ਲਈ ਸਰਕਾਰ ਦੇ ਖ਼ਿਲਾਫ਼ ਮੁਜ਼ਾਹਰੇ ਕਰਦੇ।

(ਜਾਰੀ...)

# ਪੁਸਤਕ ਚਰਚਾ

ਸ਼ਾਇਰ ਦਰਸ਼ਨ ਸਿੰਘ ਧਾਲੀਵਾਲ ਦੇ ਪਲੇਠੇ ਕਾਵਿ ਸੰਗ੍ਰਹਿ 'ਦੁਨੀਆ ਸੇਜ ਕੰਡਿਆਂ ਦੀ' ਵਿਚ 77 ਕਵਿਤਾਵਾਂ/ਗ਼ਜ਼ਲਾਂ ਸ਼ਾਮਲ ਕੀਤੀਆਂ ਗਈਆਂ ਹਨ। ਕਵੀ ਨੇ ਆਪਣੇ ਲੰਮੇ ਜੀਵਨ ਅਤੇ ਸਿੱਖਿਆ ਖੇਤਰ ਦੇ ਅਨੁਭਵਾਂ ਨੂੰ ਸ਼ਬਦਾਂ ਵਿਚ ਪਰੋ ਕੇ ਕਾਵਿ ਰੂਪ ਵਿਚ ਪੇਸ਼ ਕਰਨ ਦਾ ਸਿੱਧਾ, ਸਰਲ ਤੇ ਸਪਸ਼ਟ ਉਪਰਾਲਾ ਕੀਤਾ ਹੈ। ਇਨ੍ਹਾਂ ਕਵਿਤਾਵਾਂ ਵਿਚਲੇ ਵਿਸ਼ੇ ਸਮਕਾਲੀ ਸਮਾਜਿਕ ਕੁਰੀਤੀਆਂ, ਸਮਾਜਿਕ ਵਰਤਾਰੇ, ਮਨੁੱਖੀ ਕਦਰਾਂ ਕੀਮਤਾਂ ਵਿਚਲਾ ਨਿਘਾਰ, ਮਿਲਨ-ਜੁਦਾਈ, ਆਰਥਿਕਤਾ, ਬਜ਼ੁਰਗ, ਧੀਆਂ-ਬੇਟੀਆਂ ਦੀ ਹੋਣੀ ਤੇ ਸਧਾਰਨ ਮਨੁੱਖੀ ਵਰਤਾਰੇ ਹਨ। ਇਨ੍ਹਾਂ ਵਿਚ ਸਾਡਾ ਲੋਕ ਸਭਿਆਚਾਰ, ਸਾਰਾ ਇਤਿਹਾਸਕ ਪਿਛੋਕੜ, ਧਾਰਮਿਕਤਾ ਅਤੇ ਆਰਥਿਕਤਾ ਦੇ ਵੱਖੋ ਵੱਖਰੇ ਪੱਖ ਉਜਾਗਰ ਹੁੰਦੇ ਹਨ।

ਕਵੀ ਨੇ ਕਲਮ ਰਾਹੀ ਸਮਾਜ ਦੀ ਨਿਰਪੱਖਤਾ ਨਾਲ ਚੀਰ ਫਾੜ ਵੀ ਕੀਤੀ ਹੈ, ਦਰਅਸਲ ਇਹ ਸਿੱਧੀਆਂ ਸਾਧੀਆਂ, ਸਰਲ, ਸਪਸ਼ਟ, ਪ੍ਰਤੀਕਾਂ ਬਿੰਬਾਂ ਅਲੰਕਾਰਾਂ ਦੇ ਬੋਝ ਤੋਂ ਮੁਕਤ ਕਵਿਤਾਵਾਂ, ਸਾਡੇ ਸਮਾਜ, ਸਮਾਜ ਵਿਚਲੇ ਮਨੁੱਖਾਂ, ਦਾ ਸਾਫ਼ ਸ਼ਫਾਫ ਅਕਸ ਵਿਖਾਉਂਦੀਆਂ ਹਨ।

ਵੰਨਗੀ ਵਜੋਂ ਮਾਂ ਦਾ ਕਰਜ਼ :
ਲੱਖ ਹੀਰੇ ਜਵਾਹਰਾਤ ਹੋਣ ਭਾਵੇਂ,
ਮਾਂ ਦਾ ਕਰਜ਼ ਨਹੀਂ ਕੋਈ ਮੋੜ ਸਕਦਾ।
ਹਜ਼ਾਰਾਂ ਰਿਸ਼ਤੇ ਬਣਾਏ ਜਾ ਸਕਦੇ ਨੇ,
ਰਿਸ਼ਤਾ ਮਾਂ ਵਰਗਾ ਨਹੀ
ਕੋਈ ਜੋੜ ਸਕਦਾ।'

ਇੰਜ ਹੀ ਸਾਰੀਆਂ ਕਵਿਤਾਵਾਂ/ ਗੀਤ ਸਿਹਤਮੰਦ ਸੁਨੇਹਾ ਦਿੰਦੇ ਹਨ, ਸਾਨੂੰ ਸਮਾਜਿਕ ਸਰੋਕਾਰਾਂ ਦੇ ਰੂਬਰੂ ਕਰਾਉਂਦੇ ਹਨ। ਸਾਨੂੰ ਆਈਨਾ ਵਿਖਾਉਂਦੇ ਹਨ। ਫਿਰ ਵੀ ਕੁਝ ਰਚਨਾਵਾਂ ਜਿਵੇਂ-ਜੀ ਕਰਦਾ ਮੈਂ ਉੱਡ ਜਾਵਾਂ, ਨਸੀਹਤਾਂ, ਇਸ਼ਕ ਦੀ ਨਵੀਓਂ ਨਵੀਂ ਬਹਾਰ, ਦੁਨੀਆ ਸੇਜ ਕੰਡਿਆਂ ਦੀ, ਬਾਪੂ ਜੀ ਵਿਹਲਾ ਹੀ ਹੈ ਆਦਿ ਨੂੰ ਵਾਰ-ਵਾਰ ਪੜ੍ਹਨ ਨੂੰ ਚਿੱਤ ਕਰਦਾ ਹੈ। ਪੰਜ ਵੱਖੋ-ਵੱਖਰੀਆਂ ਕਵਿਤਾਵਾਂ ਇਕੋ ਇਕ ਸਿਰਲੇਖ 'ਨਸੀਹਤਾਂ' ਹੇਠ ਰੜਕਦਾ ਹੈ। ਫਿਰ ਵੀ ਇਨ੍ਹਾਂ ਕਵਿਤਾਵਾਂ ਨੂੰ ਹਰੇਕ ਉਪਰ ਦਾ ਪਾਠਕ ਪੜ੍ਹ-ਸੁਣ ਕੇ ਕੋਈ ਨਾ ਕੋਈ ਸਾਰਥਕ ਸੁਨੇਹਾ ਜ਼ਰੂਰ ਗ੍ਰਹਿਣ ਕਰੇਗਾ। ਆਪਣੇ ਡੂੰਘੇ ਅਨੁਭਵਾਂ ਅਤੇ ਵਿਸ਼ਿਆਂ ਦੀ ਵੰਨ ਸੁਵੰਨਤਾ ਕਰਕੇ ਇਹ ਕਵਿਤਾਵਾਂ ਆਪਣੇ ਸਿਰਜਣ ਮਨੋਰਥ ਵਿਚ ਸਫਲ ਹਨ।



ਨੌਜਵਾਨ ਲੇਖਿਕਾ ਅਤੇ ਖੋਜਾਰਥੀ ਹਰਪ੍ਰਵੀਨ ਕੌਰ ਵੱਲੋਂ ਲਿਖੀ ਗਈ ਪੁਸਤਕ 'ਪੁਆਧੀ ਉਪਭਾਸ਼ਾ ਦੀ ਵਿਆਕਰਣ' ਪੁਆਧੀ ਉਪਭਾਸ਼ਾ ਦੀ ਵਿਆਕਰਣ ਬਣਤਰ ਨੂੰ ਸਮਝਣ ਦਾ ਇਕ ਖੋਜ ਭਰਪੂਰ ਉਪਰਾਲਾ ਹੈ। ਪੁਸਤਕ ਨੂੰ ਪੰਜ ਅਧਿਆਏ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਏ ਵਿਚ ਵਿਆਕਰਣ ਦੇ ਸੰਕਲਪ, ਪ੍ਰਕਿਰਤੀ, ਸਿਧਾਂਤਮੂਲਕ ਆਧਾਰਾਂ ਦੀ ਅਲੱਗ-ਅਲੱਗ ਪੱਧਰਾਂ ਦੇ ਭਾਸ਼ਾਈ ਸਰੂਪ ਨੂੰ ਵਿਚਾਰਿਆ ਗਿਆ ਹੈ। ਦੂਸਰੇ ਅਧਿਆਏ ਵਿਚ ਪੁਆਧੀ ਉਪਭਾਸ਼ਾ ਦੀ ਧੁਨੀ ਵਿਉਂਤ ਉੱਪਰ ਚਰਚਾ ਕੀਤੀ ਗਈ ਹੈ। ਇਸ ਵਿਚ ਪੁਆਧੀ ਉਪ ਭਾਸ਼ਾ ਤੇ ਟਕਸਾਲੀ ਪੰਜਾਬੀ ਦੀ ਧੁਨੀ ਵਿਉਂਤ ਦੀਆਂ ਸਾਂਝਾਂ ਅਤੇ ਭਿੰਨਤਾਵਾਂ 'ਤੇ ਰੋਸ਼ਨੀ ਪਾਈ ਗਈ ਹੈ। ਤੀਜੇ ਅਧਿਆਏ ਵਿਚ ਰੂਪ ਗ੍ਰਾਮ ਦੀ ਪਰਿਭਾਸ਼ਾ, ਸ਼ਬਦ ਰਚਨਾ ਅਤੇ ਪੁਆਧੀ ਉਪਭਾਸ਼ਾ ਅਤੇ ਟਕਸਾਲੀ ਪੰਜਾਬੀ ਦੀ ਰੂਪਾਤਮਕ ਵਿਉਂਤ ਵਿਚ ਆਉਣ ਵਾਲੀਆਂ ਭਿੰਨਤਾਵਾਂ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਹਰਪ੍ਰਵੀਨ ਕੌਰ ਦੀ ਇਸ ਪੁਸਤਕ ਵਿਚ ਭਾਸ਼ਾ ਵਿਗਿਆਨਕ ਸਿਧਾਂਤਾਂ ਅਤੇ ਵਿਆਕਰਣਕ ਨੇਮਾਂ ਦੇ ਆਪਸੀ ਰਿਸ਼ਤੇ ਵਿਚਲੇ ਬਦਲਦੇ ਸੰਦਰਭਾਂ ਦਾ ਸਾਕਾਰ ਦ੍ਰਿਸ਼ ਵੇਖਿਆ ਜਾ ਸਕਦਾ ਹੈ। ਇਹ ਕਿਰਤ ਨਿਊਰੋ-ਭਾਸ਼ਾ ਵਿਗਿਆਨ, ਉਪਭਾਸ਼ਾ ਵਿਗਿਆਨ ਅਤੇ ਵਿਆਕਰਣਕ ਸਿਧਾਂਤ ਨੂੰ ਇਕ ਸੁਰ ਕਰ ਕੇ ਉਪਭਾਸ਼ਾ ਦੇ ਭਾਸ਼ਕ ਪ੍ਰਯੋਗ ਦੇ ਪੈਟਰਨ ਤੇ ਵਿਆਕਰਣਕ ਨਿਯਮਾਂ ਨੂੰ ਤਲਾਸ਼ਣ ਦਾ ਨਿਵੇਕਲਾ ਅਤੇ ਅਰਥਪੂਰਣ ਯਤਨ ਹੈ। ਇਹ ਪੁਸਤਕ ਸਿਰਫ਼ ਪੁਆਧੀ ਉਪਭਾਸ਼ਾ ਦੀ ਵਿਆਕਰਣਕ ਬਣਤਰ ਨੂੰ ਸਮਝਣ ਲਈ ਹੀ ਨਹੀਂ, ਸਗੋਂ ਕਿਸੇ ਵੀ ਹੋਰ ਉਪਭਾਸ਼ਾ ਦੀ ਵਿਆਕਰਣ ਨੂੰ ਸਮਝਣ ਅਤੇ ਲਿਖਣ ਲਈ ਮਹੱਤਵਪੂਰਨ ਸਮਗਰੀ ਵੀ ਪ੍ਰਦਾਨ ਕਰਦੀ ਹੈ ਅਤੇ ਰਾਹ ਦਸੇਰੇ ਦਾ ਵੀ ਕੰਮ ਕਰੇਗੀ। ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ ਵਿਚ ਰੁਚੀ ਰੱਖਣ ਵਾਲੇ ਵਿਦਵਾਨ ਅਤੇ ਖੋਜਾਰਥੀਆਂ ਲਈ ਇਹ ਪੁਸਤਕ ਲਾਹੇਵੰਦ ਸਾਬਿਤ ਹੋਵੇਗੀ।



• ਧਰਮਪਾਲ ਸਾਹਿਲ

ਹੱਸਣਾ ਮਨੁੱਖ ਦੀ ਜਮਾਂਦਰੂ ਤਿਰਤ ਹੈ। ਜਦੋਂ ਵੀ ਉਹ ਕੋਈ ਅਟਪਟਾ ਵਰਤਾਰਾ ਜਾਂ ਐਸਾ ਵਾਤਵਰਨ ਜੋ ਜੀਵਨ ਅਨੁਕੂਲ ਪ੍ਰਸਥਿਤੀਆਂ ਵਿਚ ਕਿਸੇ ਉਲਟੇ ਅਰਥ ਦੀ ਸੋਝੀ ਕਰਵਾ ਕੇ ਆਮ ਦਿੱਖ ਥੱਲੇ ਪੈਦਾ ਹੁੰਦੇ ਗਹਿਨ ਅਰਥਾਂ ਨੂੰ ਸਿੱਧੇ ਸ਼ਬਦਾਂ ਵਿਚ ਨਾ ਪੇਸ਼ ਕਰਕੇ ਟੇਡੇ ਢੰਗ ਨਾਲ ਪੇਸ਼ ਕਰੇ ਉਸ ਨੂੰ ਵਿਅੰਗ ਦੀ ਸ਼੍ਰੇਣੀ ਵਿਚ ਅਸੀਂ ਰੱਖਦੇ ਹਾਂ। ਪੰਜਾਬੀ ਸੱਭਿਆਚਾਰ ਵਿਚ ਹਾਸ ਵਿਅੰਗ ਦੀ ਪਰੰਪਰਾ ਬਾਰੇ ਡਾ. ਅਮਨਦੀਪ ਕੌਰ ਦੀ ਪੁਸਤਕ 'ਪੰਜਾਬੀ ਸੱਭਿਆਚਾਰ ਵਿਚ ਹਾਸ ਵਿਅੰਗ : ਪ੍ਰਸੰਗ ਤੇ ਪੇਸ਼ਕਾਰੀ' ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਲੋਚਨਾਤਮਕ ਰੂਪ ਵਿਚ ਵਿਸਤ੍ਰਿਤ ਗਿਆਨ ਮੁਹੱਈਆ ਕਰਵਾਉਂਦੀ ਹੈ।

ਡਾ. ਅਮਨਦੀਪ ਕੌਰ ਨੇ ਇਸ ਪੁਸਤਕ ਵਿਚ ਹਾਸ ਵਿਅੰਗ ਬਾਰੇ ਚਾਰ ਅਧਿਆਇ ਪੇਸ਼ ਕੀਤੇ ਹਨ ਜਿਨ੍ਹਾਂ ਵਿਚ ਪਹਿਲੇ ਵਿਚ ਉਸ ਨੇ ਹਾਸ ਵਿਅੰਗ ਦੀ ਪਰਿਭਾਸ਼ਾ ਅਤੇ ਸਰੂਪ ਨਿਸ਼ਚਿਤ ਕਰਦਿਆਂ ਹੋਇਆਂ ਇਸ ਦੇ ਵੱਖ-ਵੱਖ ਖੇਤਰਾਂ/ ਕਿਸਮਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ। ਦੂਜੇ ਅਧਿਆਇ ਵਿਚ ਲੋਕ ਸਾਹਿਤ ਵਿਚ ਵਿਅੰਗ ਦੀ ਪੇਸ਼ਕਾਰੀ ਬਾਰੇ ਚਰਚਾ ਕਰਦਿਆਂ ਘੋੜੀਆਂ, ਸੁਹਾਗ, ਸਿੱਠਣੀਆਂ, ਛੰਦਾਂ, ਲੋਕ ਕਥਾਵਾਂ, ਅਖਾਣਾਂ, ਮੁਹਾਵਰਿਆਂ ਵਿਚ ਪੇਸ਼ ਵਿਅੰਗ ਬਾਰੇ ਚਰਚਾ ਕਰਨ ਤੋਂ ਬਾਅਦ ਤੀਜੇ ਅਧਿਆਇ ਵਿਚ ਪੰਜਾਬੀ ਲੋਕ ਨਾਟ ਵਿਚ ਪੇਸ਼ ਹਾਸ-ਵਿਅੰਗ ਬਾਰੇ ਸੰਵਾਦ ਰਚਾਉਂਦਿਆਂ ਰਾਸ ਲੀਲ੍ਹਾ, ਰਾਮ ਲੀਲ੍ਹਾ, ਨਕਲਾਂ, ਸਵਾਂਗ, ਪੁਤਲੀਆਂ ਦਾ ਤਮਾਸ਼ਾ, ਬਹਿਰੂਪੀਏ, ਮਦਾਰੀ ਅਤੇ ਬਾਜ਼ੀਗਰਾਂ ਦੁਆਰਾ ਹਾਸ ਵਿਅੰਗ ਦੀ ਸਿਰਜਣ-ਪ੍ਰਕਿਰਿਆ ਬਾਰੇ ਪ੍ਰਮਾਣ ਸਹਿਤ ਪੱਖ ਪੇਸ਼ ਕੀਤੇ ਹਨ। 'ਹਾਸ ਵਿਅੰਗ : ਬਦਲਦਾ ਸਰੂਪ' ਅਧਿਆਇ ਤਹਿਤ ਖੋਜ ਕਰਤਾ ਨੇ ਅਜੋਕੇ ਸਮੇਂ ਵਿਚ ਇੰਟਰਨੈੱਟ ਦੀ ਹੋਂਦ ਅਤੇ ਹੋਰ ਬਿਜਲਈ ਮਾਧਿਅਮਾਂ ਦੁਆਰਾ ਹਾਸ ਵਿਅੰਗ ਦੀ ਪੇਸ਼ਕਾਰੀ ਕਿਵੇਂ ਕੀਤੀ ਜਾ ਰਹੀ ਹੈ ਇਸ ਬਾਰੇ ਭਰਪੂਰ ਰੂਪ ਵਿਚ ਆਲੋਚਨਾਤਮਕ ਅਧਿਐਨ ਪੇਸ਼ ਕੀਤਾ ਹੈ। ਵਿਸਰਦੀ ਜਾ ਰਹੀ ਇਸ ਕਲਾ ਬਾਰੇ ਲੇਖਿਕਾ ਦੀ ਖੋਜ ਸਲਾਹੁਣਯੋਗ ਹੈ।



ਜਰਨੈਲ ਘੁਮਾਣ ਪੰਜਾਬੀ ਗੀਤਕਾਰੀ ਦੇ ਖੇਤਰ ਦਾ ਅਹਿਮ ਨਾਂ ਹੈ ਜਿਸ ਨੇ ਪੂਰੀ ਤਨਦੇਹੀ ਨਾਲ ਆਪਣੀ ਸਾਂਝ ਪੰਜਾਬੀ ਗੀਤਕਾਰੀ ਦੇ ਨਾਲ-ਨਾਲ ਪੰਜਾਬੀ ਸੰਗੀਤਕ ਖੇਤਰ ਨਾਲ ਨਿਭਾਈ ਵੀ ਹੈ ਅਤੇ ਨਿਭਾ ਵੀ ਰਿਹਾ ਹੈ। ਪੰਜਾਬੀ ਗਾਇਕੀ ਦੇ ਖੇਤਰ ਨੂੰ ਆਪਣੀ ਸੰਗੀਤ ਕੰਪਨੀ ਸਦਕਾ ਉਸ ਨੇ ਇਕ ਨਵੀਨ ਅਤੇ ਨਿੱਗਰ ਹੁਲਾਰਾ ਵੀ ਦਿੱਤਾ ਹੈ। ਕਿਉਂਕਿ ਜਰਨੈਲ ਘੁਮਾਣ ਇਕ ਗੀਤਕਾਰ ਹੈ ਇਸ ਕਰਕੇ ਸਿਰਜਣਾਤਮਕਤਾ ਦੇ ਬੀਜ ਉਸ ਦੇ ਧੁਰ ਅੰਦਰੋਂ ਹਮੇਸ਼ਾ ਹੀ ਫੁੱਟਦੇ ਰਹੇ ਹਨ ਅਤੇ ਇਸ ਫੁਟ ਦੇ ਬੀਜਾਂ ਸਦਕਾ ਹੀ ਉਸ ਦੀ ਕਾਵਿ-ਪੁਸਤਕ 'ਅਧੂਰਾ ਖ਼ੁਆਬ' ਦੇ ਰੂਪ ਵਿਚ ਫੁੱਟੀ ਹੈ। ਇਸ ਕਾਵਿ ਪੁਸਤਕ ਵਿਚੋਂ ਜਰਨੈਲ ਘੁਮਾਣ ਦੀ ਕਾਵਿ-ਸਾਧਨਾ ਦੀਆਂ ਕਈ ਵੰਨਗੀਆਂ ਪਾਠਕਾਂ ਦੇ ਰੂਬਰੂ ਹੋਈਆਂ ਹਨ ਮਸਲਨ ਇਸ ਵਿਚ ਵੱਖ-ਵੱਖ ਸਿਰਲੇਖਾਂ ਤਹਿਤ ਗੀਤ, ਗ਼ਜ਼ਲਾਂ ਸ਼ੇਅਰੋ-ਸ਼ਾਇਰੀ, ਨਜ਼ਮਾਂ ਅਤੇ ਕੁਝ ਇਕ ਕਵਿਤਾਵਾਂ 'ਜ਼ਿੰਦਗੀ ਕਾ ਹਿਸਾਬ' ਤਹਿਤ ਹਿੰਦੀ ਅਤੇ ਉਰਦੂ ਰੰਗ ਵਾਲੀਆਂ ਵੀ ਇਸ ਪੁਸਤਕ ਵਿਚ ਸ਼ਾਮਲ ਹਨ। ਇਸ ਤੋਂ ਇਲਾਵਾ 'ਖ਼ਬਰਨਾਮਾ' ਸਿਰਲੇਖ ਤਹਿਤ 'ਮਨ ਦੇ ਵਲਵਲੇ' ਪੇਸ਼ ਹੋਏ ਵੀ ਮਿਲਦੇ ਹਨ ਜਿਨ੍ਹਾਂ ਵਿਚ ਅਜੋਕੀ ਰਾਜਨੀਤੀ, ਪੰਜਾਬੀ ਬੋਲੀ, ਪੰਜਾਬੀ ਗੀਤਕਾਰੀ ਅਤੇ ਰੋਲ ਘਚੋਲੇ ਨੂੰ ਫਿਕਰਮੰਦੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਹ ਪੰਜਾਬ ਜਿਹੜਾ ਗੁਰੂਆਂ ਦੁਆਰਾ ਵਰੋਸਾਇਆ ਗਿਆ ਸੀ ਅੱਜ ਸਰਬ-ਪੱਖੀ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਰਿਹਾ ਹੈ। ਇਸ ਭਾਗ ਵਿਚ ਬਹੁਤ ਹੀ ਖ਼ੂਬਸੂਰਤ ਰਚਨਾਵਾਂ ਹਨ ਜੋ ਮਨੁੱਖੀ ਮਾਨਸਿਕਤਾ ਨੂੰ ਝੰਜੋੜਨ ਵਾਲੀਆਂ ਹਨ। ਬੇਸ਼ੱਕ ਉਸ ਦੇ ਗੀਤਾਂ ਵਿਚ ਰੁਮਾਂਟਿਕ ਰੰਗ ਵੀ ਹੈ ਪਰ ਬਿਰਹੋਂ ਦਾ ਰੰਗ ਵੀ ਚੋਖਾ ਉਘੜਦਾ ਹੈ ਜਿੱਥੇ ਗੀਤਾਂ ਵਿਚਲੀ 'ਮੈਂ' ਬਿਰਹੋਂ ਤੁਰੇ ਜਾਂਦੇ ਰਾਹੀਆਂ ਨੂੰ ਵੀ ਆਪਣਾ ਦੁਖੜਾ ਸੁਣਾਉਣਾ ਚਾਹੁੰਦੀ ਹੈ :

ਜਾਂਦੇ ਰਾਹੀਓ! ਪਲ ਦੋ ਪਲ ਰੁਕ
ਪੀ ਜਾਓ ਖੂਹ ਤੋਂ ਪਾਣੀ ਨੂੰ।
ਮੇਰਾ ਵੀ ਦਿਲ ਹੌਲਾ ਹੋ ਜਾਊ
ਸੁਣ ਜਾਓ ਦਰਦ ਕਹਾਣੀ ਨੂੰ।

ਕਾਵਿ ਪੁਸਤਕ 'ਅਧੂਰਾ ਖ਼ੁਆਬ' ਜਰਨੈਲ ਘੁਮਾਣ ਦੀ ਮਿਹਨਤ ਤੇ ਸਮਰਪਣ ਭਾਵਨਾ ਦਾ ਪ੍ਰਮਾਣ ਪੇਸ਼ ਕਰਦੀ ਹੈ।

• ਸਰਦੂਲ ਸਿੰਘ ਔਜਲਾ





# ਗੁਆਚੇ ਬਚਪਨ ਦਾ ਭਵਿੱਖ



• ਦੇਵਿੰਦਰ ਦੀਦਾਰ
98142-45911

ਪਿੰਡਾਂ ਦੇ ਹਾਲਾਤ ਵੇਖਦਿਆਂ-ਵੇਖਦਿਆਂ ਹੀ ਬਦ ਤੋਂ ਬਦਤਰ ਹੋ ਗਏ ਹਨ। ਪਿਆਰ-ਮੁਹੱਬਤ, ਖੇਡਾਂ-ਹਾਸੇ, ਮੇਲ-ਜੋਲ, ਸੱਥਾਂ, ਮਹਿਫਲਾਂ ਅਤੇ ਰੌਣਕਾਂ ਪਿੰਡਾਂ ਦੀਆਂ ਜੂਹਾਂ 'ਚੋਂ ਉਡਾਰੀ ਮਾਰ ਚੁੱਕੀਆਂ ਹਨ। ਬਚਪਨ ਵਿਚ ਸੁਣੀਂਦਾ ਸੀ ਕਿ ਪਿੰਡਾਂ ਵਿਚ ਰੱਬ ਵੱਸਦਾ ਹੈ, ਪਰ ਰੱਬ ਵੱਸਦਾ ਕਿਸੇ ਨਹੀਂ ਸੀ ਵੇਖਿਆ। ਹਾਂ ਸਿੱਧ-ਪੱਧਰੇ ਲੋਕ, ਵਲਾਂ-ਫਰੇਬਾਂ ਅਤੇ ਹੇਰਾ-ਫੇਰੀਆਂ ਤੋਂ ਦੂਰ, ਉਨ੍ਹਾਂ ਦੀ ਸਾਫ਼ਦਿਲੀ ਸੱਚ-ਮੁੱਚ ਰੱਬ ਵਰਗੀ ਹੁੰਦੀ ਸੀ। ਆਪਣੇ ਕੰਮ ਨਾਲ ਵਾਸਤਾ ਰੱਖਣ ਵਾਲੇ ਸਾਫ਼-ਗੋ ਲੋਕ ਪਿੰਡਾਂ ਵਿਚ ਵੱਸਦੇ ਸਨ। ਸੱਚ 'ਤੇ ਪਹਿਰਾ ਦੇਣ ਵਾਲੇ, ਮਾੜੀ ਸੰਗਤ ਤੋਂ ਫ਼ਾਸਲਾ ਰੱਖਣ ਵਾਲੇ, ਉਹ ਕਿਸੇ ਦਾ ਵੀ ਉਧਾਰ ਆਪਣੇ ਸਿਰ ਨਹੀਂ ਸੀ ਰੱਖਦੇ, ਭਾਵੇਂ ਮੰਗਵੀਂ ਤੂੜੀ-ਪੱਠੇ ਹੋਣ, ਦੁੱਧ-ਲੱਸੀ ਹੋਵੇ, ਪੈਸਾ-ਧੇਲਾ ਜਾਂ ਗਾਲ੍ਹ-ਮੰਦਾ।

ਅੱਜ ਤਾਂ ਇੰਜ ਲੱਗਦਾ ਜਿਵੇਂ ਪਿੰਡਾਂ ਵਿਚ ਕੋਈ ਪ੍ਰੇਤ ਫਿਰ ਗਿਆ ਹੋਵੇ। ਅਸਲੀ ਭਾਈਚਾਰਾ ਤਾਂ ਲਗਪਗ ਗੁਆਚ ਹੀ ਗਿਆ ਹੈ। ਹਰ ਕੋਈ ਆਦਮ-ਬੋ, ਆਦਮ-ਬੋ ਕਰਦਾ ਆਪਣੇ ਆਪ ਨੂੰ ਨਾਢੂ ਖਾਂ ਸਮਝਦਾ ਹੈ। ਨੌਜਵਾਨ ਪੀੜ੍ਹੀ ਕੋਈ ਕੰਮ ਕਰ ਕੇ ਰਾਜ਼ੀ ਨਹੀਂ ਹੈ, ਪੜ੍ਹਾਈ ਵੱਲੋਂ ਵੀ ਬਹੁਤਿਆਂ ਦੀ ਸਲੇਟ ਦਿਨੋ-ਦਿਨ ਸਾਫ਼ ਹੋ ਰਹੀ ਹੈ। ਹਰ ਕੋਈ ਵੈਲੀਆਂ ਵਰਗੀ ਟੌਰ੍ਹ ਕੱਢ ਕੇ ਮਟਰ-ਗਸਤੀਆਂ ਵਿਚ ਮਸਤ ਰਹਿੰਦਾ ਹੈ।

ਪਿੰਡਾਂ ਵਿਚ ਕਿਸੇ ਵੇਲੇ ਚਾਹ ਨੂੰ ਵੀ ਨਸ਼ਾ ਸਮਝਿਆ ਜਾਂਦਾ ਸੀ। ਜਿਨ੍ਹਾਂ ਘਰਾਂ 'ਚ ਚਾਹ ਬਣਦੀ ਸੀ ਉਨ੍ਹਾਂ ਬਾਰੇ ਕਈ ਤਰ੍ਹਾਂ ਦੀਆਂ ਮਾੜੀਆਂ ਛੁਰਲੀਆਂ ਉਡਾਈਆਂ ਜਾਂਦੀਆਂ ਸਨ। ਅੱਜ ਕੱਲ੍ਹ ਉਨ੍ਹਾਂ ਪਿੰਡਾਂ ਵਿਚ ਕਾਫ਼ੀ ਨੌਜਵਾਨ ਅੱਠਾ ਬਣਾਉਂਦੇ ਨਜ਼ਰ ਆਉਂਦੇ ਹਨ। ਬਹੁਤੇ ਲੋਕਾਂ ਨੂੰ (ਬੱਚਿਆਂ ਸਮੇਤ) ਨਸ਼ੇ ਵਾਲੀਆਂ ਗੋਲੀਆਂ, ਟੀਕੇ, ਭੁੱਕੀ, ਜਰਦਾ, ਹੈਰੋਇਨ ਅਤੇ ਸਮੈਕ ਦੀਆਂ ਕਿਸਮਾਂ ਬਾਰੇ ਪੂਰਾ ਗਿਆਨ ਹੈ।

ਪਿੰਡਾਂ ਵਿੱਚੋਂ ਉਹ ਸਿਆਣੇ ਹੁਣ ਮੁੱਕਦੇ ਜਾ ਰਹੇ ਹਨ, ਜਿਨ੍ਹਾਂ ਨੂੰ ਸੰਦੂਕਾਂ ਵਿਚ ਬੰਦ ਕਰਕੇ ਲਿਜਾਣ ਦੀਆਂ ਕਹਾਣੀਆਂ ਪ੍ਰਚਲਤ ਸਨ। ਜੋ ਹਵਾ ਦਾ ਰੁਖ਼ ਜਾਂ ਸੂਰਜ ਦੀ ਤਪਸ਼ ਵੇਖ ਕੇ ਆਉਣ ਵਾਲੇ ਮੌਸਮ ਦੀ ਸਹੀ ਜਾਣਕਾਰੀ ਦੱਸ ਦੇਂਦੇ ਸਨ। ਉਦੋਂ ਪੈਸੇ ਵਾਲਿਆਂ ਦੀ ਉਨੀ ਵੁਕਤ ਨਹੀਂ ਸੀ ਹੁੰਦੀ, ਜਿੰਨੀ ਸਿਆਣੇ ਅਤੇ ਅਕਲਮੰਦ ਬਜ਼ੁਰਗਾਂ ਦੀ ਹੁੰਦੀ ਸੀ। ਉਹ ਹਰ ਇਕ ਨੂੰ ਰਾਏ ਦੇਣਾ ਆਪਣਾ ਹੱਕ ਸਮਝਦੇ ਸਨ ਅਤੇ ਉਨ੍ਹਾਂ ਦਾ ਰਾਹੇ ਪਾਇਆ ਬੰਦਾ ਕਦੇ ਵੀ ਆਪਣੀ ਮੰਜ਼ਿਲ ਤੋਂ ਨਹੀਂ ਸੀ ਖੁੰਝਦਾ।

ਅੱਜ ਬਜ਼ੁਰਗਾਂ ਤੋਂ ਬਿਨਾਂ ਸਾਰਾ ਘਰ ਹੀ ਸਿਆਣਿਆਂ ਨਾਲ ਭਰਿਆ ਹੁੰਦਾ ਹੈ। ਨੂੰਹ ਸੱਸ ਦੀ ਨਹੀਂ ਸੁਣਦੀ, ਪੁੱਤ ਪਿਓ ਦੀ ਨਹੀਂ ਸੁਣਦਾ ਅਤੇ ਬੱਚੇ ਕਿਸੇ ਦੀ ਵੀ ਨਹੀਂ ਸੁਣਦੇ। ਬਹੁਤੇ ਘਰਾਂ ਵਿਚ ਮਹਾਂ-ਭਾਰਤ ਦਾ ਡਰਾਮਾ ਨਿੱਤ ਚੱਲਦਾ ਹੈ। ਵਿਆਹ ਵਾਲੀ ਕੁੜੀ ਦਾ ਚੂੜਾ ਵੀ ਮੈਲਾ ਨਹੀਂ ਹੁੰਦਾ ਕਿ ਨਵ-ਜੋੜਾ ਆਪਣਾ ਵੱਖਰਾ ਗੈਸ ਕੁਨੈਕਸ਼ਨ ਲੈ ਲੈਂਦਾ ਹੈ। ਜਦੋਂ ਹਰ ਕਮਰੇ ਵਿਚ ਗੈਸ ਬਲਦੀ ਹੋਵੇ ਤਾਂ ਘਰ ਵਿਚ ਠੰਢ ਅਤੇ ਸ਼ਾਂਤੀ ਦਾ ਵਾਸਾ ਕਿਵੇਂ ਹੋ ਸਕਦਾ ਹੈ? ਕਦੇ ਵਿਗੜੇ ਬੱਚੇ ਨੂੰ ਵਿਆਹ ਦੇਂਦੇ ਸਨ ਤਾਂ ਉਹ ਠੀਕ ਹੋ ਜਾਂਦਾ ਸੀ, ਅੱਜ ਕੱਲ੍ਹ ਵਿਆਹ ਬਾਅਦ ਚੰਗਾ-ਭਲਾ ਬੱਚਾ ਵਿਗੜ ਜਾਂਦਾ ਹੈ।

ਪੰਜਾਬ ਦਾ ਸਫ਼ਰ ਅੱਜ ਜਿਸ ਦਿਸ਼ਾ ਵੱਲ ਵਧ ਰਿਹਾ ਹੈ, ਉੱਥੇ ਹਨੇਰਿਆਂ ਤੋਂ ਵੱਧ ਕੁਝ ਨਜ਼ਰ ਨਹੀਂ ਆ ਰਿਹਾ। ਆਪਣੀ ਸਮਰੱਥਾ ਤੋਂ ਵੱਧ ਵਿਆਹਵਾਂ ਦੇ ਖ਼ਰਚਿਆਂ ਅਤੇ ਬੇ-ਮਤਲਬ ਤਿੰਨ-ਤਿੰਨ ਮੰਜ਼ਲੇ ਮਕਾਨਾਂ ਦੇ ਮਲਬੇ ਨੇ ਹੀ ਕਿਸਾਨਾਂ ਨੂੰ ਕਰਜ਼ੇ ਥੱਲੇ ਦੱਬ ਦਿੱਤਾ ਹੈ। ਫ਼ਸਲਾਂ ਦੀ ਉਪਜ ਤੋਂ ਵੱਧ ਖਾਦਾਂ, ਕੀਟਨਾਸ਼ਕ ਦਵਾਈਆਂ, ਬੇਗਾਨੇ ਟਰੈਕਟਰ ਦੀ ਵਾਹੀ ਅਤੇ ਕੰਬਾਇਨ ਦੀ ਕਟਾਈ ਨੇ ਸਾਧਾਰਨ ਕਿਸਾਨਾਂ ਦੀ ਜ਼ਿੰਦਗੀ ਨੂੰ ਪਟੜੀ ਤੋਂ ਲਾਹ ਦਿੱਤਾ ਹੈ।

ਬੇਰੁਜ਼ਗਾਰੀ ਦੀ ਸਮੱਸਿਆ ਅੱਜ ਸਾਰੀ ਦੁਨੀਆ ਉੱਪਰ ਭਾਰੂ ਹੈ। ਬਹੁਤੇ ਮੁਲਕ ਇਸ ਭੰਵਰ 'ਚੋਂ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਜਨ-ਸੰਖਿਆ ਦਾ ਵਾਧਾ ਵੱਡੀ ਰੁਕਾਵਟ ਸਿੱਧ ਹੋ ਰਿਹਾ ਹੈ। ਕਈਆਂ ਕੌਮਾਂ ਦੀ ਬੇਰੁਖ਼ੀ ਵੀ ਇਸ ਸਮੱਸਿਆ ਵਿਚ ਵਾਧਾ ਕਰ ਰਹੀ ਹੈ। ਬੇਰੁਜ਼ਗਾਰੀ ਅਤੇ ਜਨ-ਸੰਖਿਆ ਦਾ ਮਸਲਾ ਸਭ ਤੋਂ ਭਿਆਨਕ ਹੈ, ਲੋਕਾਂ ਨੂੰ ਇਸ ਬਾਰੇ ਹੋਰ ਜਾਗਰੂਕ ਕਰਨ ਦੀ ਲੋੜ ਹੈ। ਜੇ ਵਕਤ ਰਹਿੰਦੇ ਇਨ੍ਹਾਂ ਦਾ ਹੱਲ ਨਾ ਕੱਢਿਆ ਗਿਆ ਤਾਂ ਧਰਤੀ ਆਪਣੇ ਭਾਰ ਨਾਲ ਹੀ ਖ਼ਤਮ ਹੋ ਜਾਵੇਗੀ।

ਲੋਕਾਂ ਦੀ ਆਪ ਸਹੇੜੀ ਇਕ ਸਮੱਸਿਆ ਹੋਰ ਵੀ ਹੈ, ਹਰ ਕੋਈ ਦਿਨਾਂ ਵਿਚ ਹੀ ਅਮੀਰ ਬਣਨ ਦਾ ਚਾਹਵਾਨ ਹੈ। ਕੋਈ ਵੀ ਕੰਮ ਜਾਦੂ ਦੀ ਛੜੀ ਨਾਲ ਤਾਂ ਨਹੀਂ ਹੁੰਦਾ। ਬਾਗ਼ ਲਾਉਣ ਵਾਲਿਆਂ ਦੇ ਵੀ ਅਗਲੇ ਦਿਨ ਹੀ ਫਲ ਨਹੀਂ ਵਿਕਣ ਲੱਗ ਪੈਂਦੇ। ਵਕਤ ਬੀਤਣ 'ਤੇ ਉਹੀ ਬਾਗ਼ ਉਨ੍ਹਾਂ ਨੂੰ ਮਾਲਾ-ਮਾਲ ਕਰ ਦੇਂਦੇ ਹਨ। ਹਰ ਪੌਦੇ ਨੂੰ ਰੁੱਖ ਬਣਨ ਵਿਚ ਵਕਤ ਲੱਗਦਾ ਹੈ, ਫੇਰ ਉਹੀ ਰੁੱਖ ਛਾਂ ਵੀ ਦੇਂਦਾ ਹੈ, ਫਲ-ਫੁੱਲ ਵੀ ਅਤੇ ਪੰਛੀਆਂ ਨੂੰ ਰੈਣ-ਬਸੇਰਾ ਵੀ। ਬਸ, ਹੌਂਸਲੇ ਨਾਲ ਮਿਹਨਤ ਅਤੇ ਇੰਤਜ਼ਾਰ ਕਰਨਾ ਜ਼ਰੂਰੀ ਹੈ।

ਦੁਨੀਆ ਦੇ ਅਮੀਰ ਨੌਕਰੀ ਨਾਲੋਂ ਸਵੈ-ਰੋਜ਼ਗਾਰ ਨੂੰ ਪਹਿਲ ਦੇਣ ਕਾਰਨ ਹੀ ਅੱਜ ਵਾਲੇ ਮੁਕਾਮ ਉੱਪਰ ਪਹੁੰਚੇ ਹਨ। ਕਾਰੋਬਾਰ ਵਿਚ ਮਿਹਨਤ ਹੀ ਸਭ ਤੋਂ ਵੱਡਾ ਗੁਣ ਹੁੰਦੀ ਹੈ, ਜੋ ਆਦਮੀ ਨੂੰ ਬਹੁਤ ਦੂਰ ਤਕ ਲੈ ਜਾਂਦੀ ਹੈ। ਨੌਕਰੀਆਂ ਕਰਨ ਵਾਲੇ ਸਾਰੇ ਖ਼ੁਸ਼ਹਾਲ ਨਹੀਂ ਹੁੰਦੇ, ਗਿਣੀ-ਮਿੱਥੀ ਤਨਖ਼ਾਹ ਨਾਲ ਇਸ ਮਹਿੰਗਾਈ ਵਿਚ ਬਹੁਤਿਆਂ ਦਾ ਹਾਲ ਬਹੁਤਾ ਵਧੀਆ ਨਹੀਂ ਹੁੰਦਾ। ਹਰ ਇਕ ਨੂੰ ਆਪਣੇ ਰੁਤਬੇ ਮੁਤਾਬਕ ਜੀਵਨ ਪੱਧਰ ਰੱਖਣਾ ਪੈਂਦਾ ਹੈ। ਨੌਕਰੀ ਵਿਚ ਵਕਤ ਨਾਲ ਹੀ ਤਰੱਕੀ ਮਿਲਦੀ ਹੈ, ਪਰ ਕਾਰੋਬਾਰ ਵਿਚ ਤਰੱਕੀ ਤੁਹਾਡੀ ਮਿਹਨਤ ਉੱਪਰ ਨਿਰਭਰ ਕਰਦੀ ਹੈ। ਅੱਜ ਹੱਥਾਂ ਦੇ ਸੁਜਾਖਿਆਂ ਦਾ ਯੁੱਗ ਹੈ। ਪੱਖੇ ਦਾ ਸਵਿੱਚ ਔਨ ਕਰਨ 'ਤੇ ਹੀ ਹਵਾ ਆਉਂਦੀ ਹੈ, ਬੰਦ ਪੱਖੇ ਕਦੇ ਹਵਾ ਨਹੀਂ ਦੇਂਦੇ। ਜ਼ਿੰਦਗੀ ਵਿਚ ਸਹੀ ਪਲਾਨਿੰਗ ਬਣਾਉਣ ਵਾਲਿਆਂ ਨੂੰ ਹੀ ਉਚਾਈਆਂ ਉੱਪਰ ਪਹੁੰਚਣ ਦਾ ਮੌਕਾ ਮਿਲਦਾ ਹੈ।

ਜ਼ਿੰਦਗੀ ਦੀ ਔਖੀ ਤੋਂ ਔਖੀ ਮੰਜ਼ਿਲ ਵੀ ਮਿਹਨਤ ਨਾਲ ਸਰ ਕੀਤੀ ਜਾ ਸਕਦੀ ਹੈ, ਪਰ ਬੱਚਿਆਂ ਉੱਪਰ ਹੁਣ ਪਤਾ ਨਹੀਂ ਕਿਹੜੀ ਨਕਾਰਾਤਮਕ ਸੋਚ ਭਾਰੂ ਹੋ ਗਈ ਹੈ ਕਿ ਉਹ ਪੱਕੀ-ਪਕਾਈ ਖਾਣ ਦੇ ਆਦੀ ਹੋ ਗਏ ਹਨ। ਮਾੜੀ ਜਿਹੀ ਅਸਫ਼ਲਤਾ ਤੋਂ ਹੀ ਉਹ ਢੇਰੀ-ਢਾਅ ਲੈਂਦੇ ਹਨ। ਹਰ ਖੇਤਰ ਵਿਚ ਮੋਹਰੀ ਰਹਿਣ ਵਾਲੀ ਕੌਮ ਅੱਜ ਨਿਰਾਸ਼ਾਵਾਦੀ ਕਿਉਂ ਹੋ ਗਈ ਹੈ? ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਰੱਖਿਆ ਸੈਨਾਵਾਂ ਵਿਚ ਅਤੇ ਆਈ.ਪੀ.ਐੱਸ., ਆਈ.ਏ.ਐੱਸ. ਜਾਂ ਹੋਰ ਕਿਸੇ ਵੀ ਮਹਿਕਮੇ ਦੇ ਅਫ਼ਸਰਾਂ ਵਿਚ ਪੰਜਾਬੀਆਂ ਦੀ ਬਹੁ-ਗਿਣਤੀ ਹੁੰਦੀ ਸੀ, ਪਰ ਅੱਜ ਪੰਜਾਬ ਦੇ ਜ਼ਿਆਦਾਤਰ ਬੱਚੇ ਸਿਪਾਹੀ ਦੀ ਭਰਤੀ ਤੋਂ ਵੀ ਨਾਕਾਮ ਹੋ ਰਹੇ ਹਨ। ਇਸ ਵਿਚ ਅੱਤਵਾਦ ਦਾ ਕਸੂਰ ਹੈ, ਨਕਲਾਂ ਦਾ ਜਾਂ ਨਸ਼ਿਆਂ ਦਾ ਇਸ ਦਾ ਹਿਸਾਬ ਲਾਉਣ ਦੀ ਬਹੁਤ ਜ਼ਰੂਰਤ ਹੈ। ਉਂਝ ਵੀ ਨਕਲਾਂ ਜਾਂ ਨਕਲੀ ਸਰਟੀਫਿਕੇਟਾਂ ਨਾਲ ਰੁਜ਼ਗਾਰ ਨਹੀਂ ਮਿਲਦੇ। ਉਸ ਲਈ ਮਿਹਨਤ ਕਰਨੀ ਪੈਂਦੀ ਹੈ।

ਕਿਧਰੇ ਅੰਗਰੇਜ਼ੀ ਮਾਧਿਅਮ ਸਕੂਲਾਂ ਦਾ ਸਫ਼ਰ ਹੀ ਅੱਜ ਦੇ ਨਿਘਾਰ ਦਾ ਕਾਰਨ ਤਾਂ ਨਹੀਂ? ਬੱਚਿਆਂ ਦੀ ਕਾਬਲੀਅਤ ਤੋਂ ਔਖੇ ਸਕੂਲਾਂ ਦਾ ਚਾਅ ਹੀ ਬੱਚਿਆਂ ਲਈ ਵੱਡੀ ਅੜਚਨ ਤਾਂ ਨਹੀਂ? ਅੰਗਰੇਜ਼ੀ ਸਕੂਲ, ਬੱਚਿਆਂ ਦੇ ਸੁਪਨੇ ਹੀ ਏਨੇ ਰੰਗੀਨ ਕਰ ਦੇਂਦੇ ਹਨ ਕਿ ਸਾਧਾਰਨ ਜ਼ਿੰਦਗੀ ਉਨ੍ਹਾਂ ਦੇ ਮੇਚ ਹੀ ਨਹੀਂ ਆਉਂਦੀ। ਤੱਪੜਾਂ ਵਾਲੇ ਸਕੂਲਾਂ 'ਚ ਪੜ੍ਹਦੇ ਬੱਚੇ ਜ਼ਿਆਦਾ ਸੁਪਨੇ ਨਹੀਂ ਸਨ ਵੇਖਦੇ, ਜਿਸ ਕਰਕੇ ਉਹ ਜ਼ਿੰਦਗੀ ਵਿਚ ਸੰਤੁਸ਼ਟ ਰਹਿੰਦੇ ਸਨ। ਅਸੰਭਵ ਸੁਪਨਿਆਂ ਨੂੰ ਹਰ ਕੋਈ ਪੂਰਾ ਨਹੀਂ ਕਰ ਸਕਦਾ। ਜੇ ਬੱਚੇ ਨੂੰ ਉਸ ਦੀ ਸਮਰੱਥਾ ਤੋਂ ਵੱਧ ਭਾਰ ਚੁਕਾਵਾਂਗੇ ਤਾਂ ਉਹ ਅੱਗੇ ਨਹੀਂ ਵਧੇਗਾ। ਲਾਪਰਵਾਹੀ ਨਾਲ ਨਾ ਰੁੱਖ ਹੀ ਪਲਦੇ ਹਨ ਅਤੇ ਨਾ ਹੀ ਬੱਚੇ। ਸ਼ੁਰੂਆਤ ਵਿਚ ਇਨ੍ਹਾਂ ਨੂੰ ਵਾੜ ਜਾਂ ਦੇਖ-ਭਾਲ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਪਲ ਚੁੱਕੇ ਰੁੱਖਾਂ ਨੂੰ ਵਾੜ ਅਤੇ ਵੱਡੇ ਹੋ ਚੁੱਕੇ ਬੱਚਿਆਂ ਨੂੰ ਹਦਾਇਤਾਂ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ।



ਸਰਕਾਰੀ ਸਕੂਲਾਂ ਦੀ ਪੜ੍ਹਾਈ ਦਾ ਹਾਲ ਬਹੁਤਾ ਵਧੀਆ ਨਹੀਂ ਰਹਿ ਗਿਆ ਅਤੇ ਪ੍ਰਾਈਵੇਟ ਸਕੂਲਾਂ ਦਾ ਖ਼ਰਚਾ ਭਰਨਾ ਆਮ ਲੋਕਾਂ ਦੀ ਹੈਸੀਅਤ ਤੋਂ ਬਾਹਰ ਹੈ। ਸਰਕਾਰਾਂ ਨੇ ਵੀ ਪਿਛਲੇ ਕੁਝ ਦਹਾਕਿਆਂ ਤੋਂ ਨਾ ਸਰਕਾਰੀ ਸਕੂਲਾਂ ਅਤੇ ਨਾ ਕਾਲਜਾਂ ਵੱਲ ਕੋਈ ਖ਼ਾਸ ਧਿਆਨ ਦਿੱਤਾ ਹੈ। ਉਸ ਦੇ ਮੁਕਾਬਲੇ ਪ੍ਰਾਈਵੇਟ ਸਕੂਲ ਅਤੇ ਕਾਲਜ ਧੜਾ-ਧੜ ਬਣ ਰਹੇ ਹਨ। ਫੇਰ ਹਮਾਤੜਾਂ ਬੱਚੇ ਕਿਵੇਂ ਤੇ ਕਿੱਥੇ ਪੜ੍ਹਨਗੇ? ਜੋ ਇਨ੍ਹਾਂ ਹਾਲਾਤ ਵਿਚ ਵੀ ਪੜ੍ਹ ਜਾਂਦੇ ਹਨ, ਉਨ੍ਹਾਂ 'ਚੋਂ ਬਹੁਤਿਆਂ ਨੂੰ ਨੌਕਰੀਆਂ ਨਸੀਬ ਨਹੀਂ ਹੁੰਦੀਆਂ। ਇਸ ਸੁਪਨਿਆਂ ਦੇ ਯੁੱਗ ਵਿਚ ਬੱਚਿਆਂ ਦੀਆਂ ਇੱਛਾਵਾਂ ਬੇਕਾਬੂ ਹੋ ਜਾਂਦੀਆਂ ਹਨ ਅਤੇ ਉਹ ਕੁਰਾਹੇ ਪੈ ਜਾਂਦੇ ਹਨ, ਨਾਲ ਹੀ ਮਾਂ-ਪਿਓ ਦੀਆਂ ਉਮੀਦਾਂ ਮਿੱਟੀ ਹੋ ਜਾਂਦੀਆਂ ਹਨ।

ਵਕਤ ਰਹਿੰਦੇ ਬਹੁਤੇ ਲੋਕ ਆਪਣੇ ਬੱਚਿਆਂ ਵਲ ਪੂਰਾ ਧਿਆਨ ਨਹੀਂ ਦੇਂਦੇ। ਜੇ ਮਨੋਵਿਗਿਆਨੀਆਂ ਦੀ ਮੰਨੀਏ ਤਾਂ ਬੱਚੇ ਨੂੰ ਸੁਧਾਰਨ ਅਤੇ ਸਵਾਰਨ ਦਾ ਸਮਾਂ ਦੋ-ਢਾਈ ਸਾਲ ਦੀ ਉਮਰ ਤੋਂ ਲੈ ਕੇ ਤੇਰ੍ਹਾਂ-ਚੌਦਾਂ ਸਾਲਾਂ ਤਕ ਦਾ ਹੁੰਦਾ ਹੈ। ਜੋ ਮਾਂ-ਬਾਪ ਇਸ ਸਮੇਂ ਆਪਣੇ ਬੱਚਿਆਂ ਲਈ ਚਾਰ-ਦੀਵਾਰੀ ਦਾ ਕੰਮ ਕਰ ਜਾਂਦੇ ਹਨ, ਉਨ੍ਹਾਂ ਦੇ ਬੱਚੇ ਜ਼ਿੰਦਗੀ ਵਿਚ ਘੱਟ ਅਸਫ਼ਲ ਹੁੰਦੇ ਹਨ। ਜੋ ਮਾਂ-ਬਾਪ ਹਾਈ ਸਕੂਲ ਤੋਂ ਬਾਅਦ ਆਪਣੇ ਬੱਚਿਆਂ ਨੂੰ ਰਾਹੇ ਪਾਉਣ ਦੀ ਕੋਸ਼ਿਸ਼ ਕਰਦੇ ਹਨ, ਉਸ ਵਕਤ ਤਕ ਬਸ ਨਿਕਲ ਚੁੱਕੀ ਹੁੰਦੀ ਹੈ। ਜ਼ਿਆਦਾਤਰ ਬੱਚੇ ਫੇਰ ਕਦੇ ਵੀ ਕਾਬੂ ਨਹੀਂ ਆਉਂਦੇ। ਅੱਜ ਜ਼ਿਆਦਾਤਰ ਮਾਵਾਂ ਬੱਚਿਆਂ ਨੂੰ ਖਿਡਾਉਣ ਜਾਂ ਵਰਾਉਣ ਦੀ ਥਾਂ ਉਨ੍ਹਾਂ ਨੂੰ ਟੀ.ਵੀ. ਅੱਗੇ ਬਿਠਾ ਜਾਂ ਉਨ੍ਹਾਂ ਦੇ ਹੱਥ ਮੋਬਾਈਲ ਫੜਾ, ਆਪ ਆਪਣੇ ਕੰਮ ਵਿਚ ਰੁੱਝ ਜਾਂਦੀਆਂ ਹਨ। ਉਹ ਬੱਚੇ ਬੋਲਣਾ ਭਾਵੇਂ ਨਾ ਸਿੱਖਣ, ਉਂਗਲਾਂ ਉੱਪਰ ਕਰ ਕੇ ਸੰਗੀਤ ਮੁਤਾਬਿਕ ਸਿਰ ਹਿਲਾਉਣਾ ਜ਼ਰੂਰ ਸਿੱਖ ਜਾਂਦੇ ਹਨ। ਅਨਜਾਣੇ ਵਿਚ ਬੱਚਿਆਂ ਨੂੰ ਕਿਸ ਰਸਤੇ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ?

ਇਹ ਨਿਰਾਸ਼ਾਵਾਦੀ ਸੋਚ ਨਹੀਂ ਹੈ, ਪਰ ਬੱਚਿਆਂ ਨੂੰ ਉਸੇ ਤਰ੍ਹਾਂ ਦੇ ਸੁਪਨੇ ਦਿਖਾਉਣੇ ਚਾਹੀਦੇ ਹਨ, ਜੋ ਉਨ੍ਹਾਂ ਨੂੰ ਸਹੀ ਰਸਤਾ ਦੱਸਣ ਅਤੇ ਜਿਨ੍ਹਾਂ ਦੇ ਪੂਰੇ ਹੋਣ ਦੀ ਸੰਭਾਵਨਾ ਵੀ ਹੋਵੇ। ਜਦੋਂ ਗਭਰੇਟ ਉਮਰੇ ਸੁਪਨੇ ਟੁੱਟਦੇ ਹਨ ਤਾਂ ਸਭ ਕੁਝ ਚੂਰ-ਚੂਰ ਹੋ ਜਾਂਦਾ ਹੈ। ਅੱਜ ਰਾਜਨੀਤਿਕ ਢਾਂਚਾ ਇਸ ਤਰ੍ਹਾਂ ਦਾ ਹੋ ਗਿਆ ਹੈ ਕਿ ਲਿਆਕਤਵਾਨ ਬੱਚਿਆਂ ਨਾਲੋਂ ਜੁਗਾੜਬਾਜ਼ ਜ਼ਿਆਦਾ ਸਫ਼ਲ ਹੋ ਰਹੇ ਹਨ। ਜ਼ਿਆਦਾਤਰ ਨੌਕਰੀਆਂ ਲਈ ਕਰਿਆਨੇ ਦੀਆਂ ਦੁਕਾਨਾਂ ਵਾਂਗ ਪੱਕੀ ਰੇਟ ਲਿਸਟ ਲੱਗੀ ਹੁੰਦੀ ਹੈ; ਜੋ ਸਾਧਾਰਨ ਲੋਕਾਂ ਦੀ ਪਹੁੰਚ ਤੋਂ ਬਹੁਤ ਉੱਪਰ ਹੁੰਦੀ ਹੈ।

ਪੈਸੇ ਅਤੇ ਸਵਾਰਥ ਦੀ ਦੌੜ ਨੇ ਲੋਕਾਂ ਨੂੰ ਮਤਲਬੀ ਬਣਾ ਦਿੱਤਾ ਹੈ। ਬਹੁਤੇ ਲੋਕ ਆਪਣਾ ਕੰਮ ਕੱਢਣ ਲਈ ਦੂਸਰੇ ਦਾ ਨੁਕਸਾਨ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਅੱਜ ਜੇ ਕੋਈ ਭਲੇ ਦਾ ਕੰਮ ਵੀ ਕਰਦਾ ਹੈ, ਤਾਂ ਲੋਕ ਉਸ ਦਾ ਧੰਨਵਾਦ ਕਰਨ ਦੀ ਥਾਂ, ਉਸ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਦੇ ਹਨ ਕਿ ਇਸ ਕੰਮ ਵਿਚ ਉਸ ਦਾ ਕੋਈ ਨਾ ਕੋਈ ਸਵਾਰਥ ਜ਼ਰੂਰ ਛੁਪਿਆ ਹੋਵੇਗਾ।

ਪਿੰਡਾਂ ਵਿਚ ਜ਼ਿਆਦਾਤਰ ਲੋਕ ਕੰਮ ਕਰਨ ਤੋਂ ਇਨਕਾਰੀ ਹੁੰਦੇ ਜਾ ਰਹੇ ਹਨ। ਥੋੜ੍ਹੀ-ਬਹੁਤੀ ਪੜ੍ਹਾਈ ਕਰਨ ਬਾਅਦ ਉਹ ਘਰ ਦਾ ਕੋਈ ਕੰਮ ਕਰਨਾ ਆਪਣੀ ਹੀਣਤਾ ਸਮਝਦੇ ਹਨ। ਖੇਤੀ ਅੱਜ ਬੇਗਾਨੇ ਹੱਥਾਂ ਵਿਚ ਚਲੀ ਗਈ ਹੈ। ਅੱਵਲ ਤਾਂ ਭਈਏ ਖੇਤੀ ਕਰਦੇ ਹਨ ਜਾਂ ਬਹੁਤੇ ਲੋਕ ਜ਼ਮੀਨ ਠੇਕੇ ਉੱਪਰ ਦੇਣ ਲੱਗ ਪਏ ਹਨ।

ਜੋ ਮਿਹਨਤ ਕਰਦੇ ਹਨ ਉਨ੍ਹਾਂ ਨੂੰ ਕਦੇ ਘਾਟਾ ਨਹੀਂ ਪੈਂਦਾ। ਅੱਜ ਵੀ ਪਿੰਡਾਂ ਵਿਚ ਜੋ ਸਿਰ ਸੁੱਟ ਕੇ ਕੰਮ ਕਰਦੇ ਹਨ, ਉਹ ਵਧੀਆ ਗੁਜ਼ਾਰਾ ਕਰ ਰਹੇ ਹਨ। ਜੇ ਤਰੀਕੇ ਨਾਲ ਚੱਲਿਆ ਜਾਵੇ ਤਾਂ ਖੇਤੀ ਦੀ ਉਪਜ ਘੱਟ ਨਹੀਂ ਹੁੰਦੀ, ਹਾਂ, ਉਸ ਦੇ ਮੁਕਾਬਲੇ ਮਹਿੰਗਾਈ ਕੁਝ ਜ਼ਿਆਦਾ ਹੋ ਗਈ ਹੈ ਅਤੇ ਕਿਸਾਨ ਦੇ ਫ਼ਜ਼ੂਲ ਖ਼ਰਚੇ ਵੀ ਵਧ ਗਏ ਹਨ। ਇਸ ਲਈ ਸੰਜਮ ਨਾਲ ਚੱਲਣ ਦੀ ਜ਼ਰੂਰਤ ਹੈ। ਜਦੋਂ ਘਰ ਦੇ ਸਾਰੇ ਜੀਅ ਖੇਤੀ ਵਿਚ ਹੱਥ ਵਟਾਉਂਦੇ ਸਨ, ਤਾਂ ਖੇਤੀ ਨੂੰ ਉੱਤਮ ਧੰਦਾ ਮੰਨਿਆ ਜਾਂਦਾ ਸੀ।

ਪਿੰਡ ਵਿਚ ਬਾਕੀ ਵੀ ਭਾਂਡੇ ਬਣਾਉਣ ਵਾਲੇ, ਕੱਪੜਾ ਬੁਣਨ ਵਾਲੇ, ਜੁੱਤੀਆਂ ਬਣਾਉਣ ਵਾਲੇ, ਰੰਬੇ-ਦਾਤਰੀਆਂ ਤੇ ਹੋਰ ਲੋਹੇ ਦਾ ਸਾਮਾਨ ਬਣਾਉਣ ਵਾਲੇ, ਹਲ-ਪੰਜਾਲੀ ਅਤੇ ਹੋਰ ਲੱਕੜ ਦਾ ਕੰਮ ਕਰਨ ਵਾਲੇ, ਆਟਾ ਪੀਸਣ ਵਾਲੇ, ਦਾਣੇ ਭੁੰਨਣ ਵਾਲੇ, ਟੋਕਰੀਆਂ ਅਤੇ ਛੱਜ ਬਣਾਉਣ ਵਾਲੇ ਸਾਰੇ ਆਪਣੇ-ਆਪਣੇ ਜੋਗਾ ਕੰਮ ਕਰ ਲੈਂਦੇ ਸਨ ਅਤੇ ਪਿੰਡ ਖ਼ੁਸ਼ਹਾਲ ਹੁੰਦੇ ਸਨ।

ਫੇਰ ਜਦੋਂ ਪੜ੍ਹਾਈ ਦੀ ਜਾਗ ਲੱਗ ਗਈ ਤਾਂ ਲੋਕਾਂ ਦੀਆਂ ਖ਼ਾਹਿਸ਼ਾਂ ਵਧ ਗਈਆਂ ਤੇ ਉਨ੍ਹਾਂ ਪੈਸੇ ਪਿੱਛੇ ਭੱਜਣਾ ਸ਼ੁਰੂ ਕਰ ਦਿੱਤਾ। ਅੱਜ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਬੰਦਾ ਪੈਸੇ ਲਈ "ਕੁਝ ਵੀ" ਕਰਨ ਲਈ ਤਿਆਰ ਹੋ ਜਾਂਦਾ ਹੈ। ਜ਼ਿਆਦਾਤਰ ਲੋਕ ਆਪਣਾ-ਆਪਣਾ ਧੰਦਾ ਛੱਡ ਕੇ ਪਹਿਲਾਂ ਸ਼ਹਿਰਾਂ ਵੱਲ ਜਾਣੇ ਸ਼ੁਰੂ ਹੋਏ ਸਨ ਅਤੇ ਹੁਣ ਹਰ ਹਾਲਤ ਵਿਚ ਵਿਦੇਸ਼ਾਂ ਵੱਲ ਨੂੰ ਉਡਾਰੀ ਭਰਨ ਲਈ ਤਿਆਰ ਹਨ।

ਪਿਛਲੇ ਵਕਤਾਂ ਵਿਚ ਜੇ ਕਿਸੇ ਕਿਸਾਨ ਦੇ ਚਾਰ ਬੇਟੇ ਹੁੰਦੇ ਸਨ ਤਾਂ ਉਹ ਸਿਰਫ਼ ਇਕ ਨੂੰ ਪੜ੍ਹਾ ਕੇ ਨੌਕਰੀ ਕਰਵਾਉਂਦਾ ਸੀ ਅਤੇ ਬਾਕੀ ਸਾਰੇ ਵਾਹੀ ਕਰਦੇ ਸਨ ਤੇ ਗੁਜ਼ਾਰਾ ਚੰਗਾ ਚੱਲਦਾ ਸੀ। ਪਰ ਹੁਣ ਸਾਰੇ ਹੀ ਵਾਹੀ ਤੋਂ ਬੇਮੁਖ ਹੋ ਨੌਕਰੀ ਜਾਂ ਬਾਹਰ ਜਾਣ ਦੇ ਚੱਕਰ ਵਿਚ ਭਟਕ ਰਹੇ ਹਨ।

ਪਿੰਡਾਂ ਵਿਚ ਜ਼ਿਆਦਾ ਲੋਕ ਹੁਣ ਸੁਪਨੇ ਵੇਖਣ ਤੋਂ ਮੁਕਤ ਹੋ ਗਏ ਹਨ। ਉਨ੍ਹਾਂ ਦਾ ਜ਼ਿਆਦਾ ਸਮਾਂ ਹੁਣ ਪੁੜੀਆਂ ਉਡੀਕਣ ਵਿਚ ਲੰਘਦਾ ਹੈ। ਉਨ੍ਹਾਂ ਦੀਆਂ ਅੱਖਾਂ 'ਚੋਂ ਭਵਿੱਖ ਦੀ ਤਲਬ ਮੁੱਕਦੀ ਜਾ ਰਹੀ ਹੈ। ਸਮਾਜ ਜਾਂ ਸਰਕਾਰ ਕੋਲ ਵੀ ਉਨ੍ਹਾਂ ਦੇ ਸੁਪਨਿਆਂ ਦਾ ਕੋਈ ਹੱਲ ਨਹੀਂ ਰਹਿ ਗਿਆ। ਨੌਕਰੀਆਂ ਦੇ ਥਾਂ ਜੋ ਨਸ਼ੇ ਪਰੋਸ ਰਹੇ ਹਨ, ਉਨ੍ਹਾਂ ਤੋਂ ਹੋਰ ਕਾਸੇ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ? ਕੋਈ ਵੀ ਬੰਦਾ ਜਮਾਂਦਰੂ ਨਸ਼ਈ ਨਹੀਂ ਹੁੰਦਾ ਅਤੇ ਨਾ ਹੀ ਨਸ਼ੇ ਉਸ ਦੇ ਘਰ ਜਾਂ ਪਿੰਡ ਦੀ ਉਪਜ ਹਨ। ਫਿਰ ਨਸ਼ਿਆਂ ਦਾ ਘਰ ਕਿੱਥੇ ਹੈ, ਉਹ ਲੱਭਣ ਦੀ ਜ਼ਰੂਰਤ ਹੈ।

ਇਸ ਤਰ੍ਹਾਂ ਦੇ ਹਾਲਾਤ ਵਿਚ ਨੌਜਵਾਨ ਕਿੱਧਰ ਨੂੰ ਜਾਣ? ਇਨ੍ਹਾਂ ਦਾ ਰਾਹ ਦਸੇਰਾ ਕੌਣ ਬਣੇਗਾ? ਜਦੋਂ ਮਾਂ-ਬਾਪ ਅਤੇ ਸਰਕਾਰਾਂ ਹੀ ਬੱਚਿਆਂ ਵਲੋਂ ਬੇਮੁਖ ਹੋ ਜਾਣ ਤਾਂ ਫਿਰ.....। ਅਮਲੀ-ਪੋਸਤੀ ਅਤੇ ਚੋਰ-ਉਚੱਕੇ ਪਹਿਲਾਂ ਵੀ ਹੁੰਦੇ ਸਨ। ਮਾੜੀਆਂ ਘਟਨਾਵਾਂ ਉਦੋਂ ਵੀ ਵਾਪਰਦੀਆਂ ਸਨ, ਪਰ ਇਨਸਾਨੀਅਤ ਉਦੋਂ ਏਨੀ ਕਮੀਨੀ ਨਹੀਂ ਸੀ ਹੁੰਦੀ।

ਨਵੇਂ-ਨਵੇਂ ਬੀਜਾਂ ਨੇ, ਕੀਟਨਾਸ਼ਕ ਦਵਾਈਆਂ ਨੇ ਫ਼ਸਲਾਂ ਦੇ ਝਾੜ ਜ਼ਰੂਰ ਵਧਾਏ ਹਨ, ਪਰ ਖ਼ਰਚੇ ਵੀ ਬਹੁਤ ਵਧ ਗਏ ਹਨ। ਇਸ ਅਖੌਤੀ ਤਰੱਕੀ ਨੇ ਲੋਕਾਂ ਨੂੰ ਜ਼ਿਆਦਾ ਬੇਰੁਜ਼ਗਾਰੀ ਅਤੇ ਆਤਮ-ਹੱਤਿਆ ਵੱਲ ਹੀ ਧੱਕਿਆ ਹੈ। ਅੱਜ ਪੰਜਾਬ ਦੀ ਔਲਾਦ ਗਵਾਚਦੀ ਜਾ ਰਹੀ ਹੈ, ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਕੌਣ ਕੀ ਕਰ ਰਿਹਾ ਹੈ? •

**ਸਰਕਾਰੀ ਸਕੂਲਾਂ ਦੀ ਪੜ੍ਹਾਈ ਦਾ ਹਾਲ ਬਹੁਤਾ ਵਧੀਆ ਨਹੀਂ ਰਹਿ ਗਿਆ ਅਤੇ ਪ੍ਰਾਈਵੇਟ ਸਕੂਲਾਂ ਦਾ ਖ਼ਰਚਾ ਭਰਨਾ ਆਮ ਲੋਕਾਂ ਦੀ ਹੈਸੀਅਤ ਤੋਂ ਬਾਹਰ ਹੈ। ਸਰਕਾਰਾਂ ਨੇ ਵੀ ਪਿਛਲੇ ਕੁਝ ਦਹਾਕਿਆਂ ਤੋਂ ਨਾ ਸਰਕਾਰੀ ਸਕੂਲਾਂ ਤੇ ਨਾ ਕਾਲਜਾਂ ਵੱਲ ਕੋਈ ਧਿਆਨ ਦਿੱਤਾ ਹੈ। ਉਸ ਦੇ ਮੁਕਾਬਲੇ ਪ੍ਰਾਈਵੇਟ ਸਕੂਲ ਅਤੇ ਕਾਲਜ ਧੜਾ-ਧੜ ਬਣ ਰਹੇ ਹਨ...**



---

# ਗੱਲਾਂ ਕਰਦੇ ਨੇ ਪ੍ਰੀਤ ਭਗਵਾਨ ਦੇ ਚਿੱਤਰ

**ਪ੍ਰੀਤ ਦੀ ਚਿੱਤਰਕਾਰੀ ਨੇ ਆਪਣੇ ਵਿਚ ਵਿਲੱਖਣਤਾ, ਯਥਾਰਥ, ਸੁਹਜ ਤੇ ਸੰਜੀਦਗੀ ਨੂੰ ਸਮੇਟਿਆ ਹੋਇਆ ਹੈ। ਉਸ ਦੀ ਕਲਾ ਦੀ ਉੱਚਤਾ ਨੂੰ ਵੇਖਦੇ ਹੋਏ ਹੀ 2018 ਵਿਚ ਮਾਊਂਟ ਆਬੂ ਵਿਖੇ ਹੋਈ ਰਾਸ਼ਟਰੀ ਵਰਕਸ਼ਾਪ 'ਚ ਉਸ ਨੂੰ ਬੁਲਾਇਆ ਗਿਆ ਸੀ...**



• ਗੋਬਿੰਦਰ ਸਿੰਘ ਬਰੜ੍ਹਵਾਲ

ਹਰ ਸ਼ਖ਼ਸ ਵਿਚ ਕੋਈ ਨਾ ਕੋਈ ਗੁਣ ਹੁੰਦਾ ਹੈ, ਬਸ਼ਰਤੇ ਉਹ ਉਸ ਨੂੰ ਪਛਾਣੇ ਅਤੇ ਮਿਹਨਤ ਦੀ ਭੱਠੀ ਵਿਚ ਤਪਾਵੇ ਤਾਂ ਉਹ ਗੁਣ ਉਸਦੀ ਪਛਾਣ ਬਣ ਜਾਂਦਾ ਹੈ। ਚਿੱਤਰਕਾਰੀ ਦੇ ਖੇਤਰ ਵਿਚ ਖ਼ਾਸ ਨਾਮਣਾ ਖੱਟਣ ਵਾਲੇ ਹਨ ਅਜਿਹੇ ਹੀ ਚਿੱਤਰਕਾਰ ਹਨ ਪ੍ਰੀਤ ਭਗਵਾਨ। ਉਨ੍ਹਾਂ ਦੀਆਂ ਚਿੱਤਰੀਆਂ ਤਸਵੀਰਾਂ ਬੋਲਦੀਆਂ ਹਨ। ਪ੍ਰੀਤ ਭਗਵਾਨ ਦੇ ਬਜ਼ੁਰਗਾਂ ਦਾ ਪਾਕਿਸਤਾਨ ਵਿੱਚ ਪਿੱਛਾ ਭਾਈ ਸੇਰੂ ਪਿੰਡ ਸੀ। ਉਨ੍ਹਾਂ ਦੇ ਪਿਉ-ਦਾਦਿਆਂ ਨੇ ਦੇਸ਼ ਵੰਡ ਦਾ ਸੰਤਾਪ ਆਪਣੇ ਪਿੰਡੇ 'ਤੇ ਭੋਗਿਆ। ਉਹ ਪਾਕਿਸਤਾਨੋਂ ਉੱਜੜ ਕੇ ਭਾਰਤ ਆਏ। ਭਾਰਤ ਆਉਂਦਿਆਂ ਸਭ ਕੁਝ ਉੱਧਰ ਹੀ ਰਹਿ ਗਿਆ, ਸਿਰਫ ਇਕ ਪਿੱਤਲ ਦਾ ਕੰਗਣੀ ਵਾਲਾ ਗਲਾਸ ਹੀ ਨਾਲ ਲਿਆ ਸਕੇ। ਬਜ਼ੁਰਗਾਂ ਦੇ ਦੱਸੇ ਅਨੁਸਾਰ ਉਸ ਸਮੇਂ ਉਨ੍ਹਾਂ ਦੇ ਐਨੇ ਮਾੜੇ ਹਾਲਾਤ ਸੀ ਕਿ ਤਨ ਢੱਕਣ ਲਈ ਕਪੜਾ ਨਹੀਂ ਸੀ।

ਫ਼ਰੀਦਕੋਟ ਜ਼ਿਲ੍ਹੇ ਦੇ ਕੋਟਕਪੂਰੇ ਵਿਚ ਪ੍ਰੀਤ ਭਗਵਾਨ ਸਿੰਘ ਮਾਤਾ ਚੰਨਣ ਕੌਰ ਅਤੇ ਪਿਤਾ ਦਲੀਪ ਸਿੰਘ ਦੇ ਘਰ ਦਾ 20 ਜਨਵਰੀ 1976 ਨੂੰ ਸ਼ਿੰਗਾਰ ਬਣੇ। ਪਿਉ-ਦਾਦੇ ਲੱਕੜੀ ਦਾ ਕੰਮ ਕਰਦੇ ਸੀ ਅਤੇ ਦਿਨ ਰਾਤ ਇਕ ਕਰ ਆਪਣੇ ਪੈਰ ਨਵੇਂ ਸਿਰਿਓਂ ਜਮਾਏ। ਪੰਜ ਭੈਣ-ਭਰਾਵਾਂ ਵਿੱਚੋਂ ਪ੍ਰੀਤ ਭਗਵਾਨ ਸਭ ਤੋਂ ਛੋਟੇ ਹਨ। ਪ੍ਰੀਤ ਭਗਵਾਨ 2006 ਵਿਚ ਰਜਵੰਤ ਕੌਰ ਨਾਲ ਵਿਆਹ ਦੇ ਬੰਧਨ ਵਿਚ ਬੱਝੇ ਅਤੇ ਉਨ੍ਹਾਂ ਦੇ ਬੱਚਿਆਂ ਵਿਚ ਪੁੱਤਰੀ ਖੁਸ਼ਰੀਤ ਕੌਰ ਅਤੇ ਪੁੱਤਰ ਗੁਰਮਨਪ੍ਰੀਤ ਸਿੰਘ ਹਨ। ਸ਼ੁਰੂ ਵਿਚ ਪਿਤਾ ਜੀ ਨੂੰ ਚਿੱਤਰਕਾਰੀ ਪਸੰਦ ਨਹੀਂ ਸੀ। ਚਿੱਤਰਕਾਰੀ ਪਿੱਛੇ ਮਾਰ ਵੀ ਪੈਂਦੀ ਰਹੀ ਅਤੇ ਇਕ ਵਾਰ ਤਾਂ ਹਾਲਾਤ ਐਦਾਂ ਦੇ ਬਣੇ ਕਿ ਸੋਲ੍ਹਾਂ-ਸਤਾਰ੍ਹਾਂ ਦੀ ਉਮਰ ਵਿਚ ਜ਼ਿਆਦਾ ਕੁੱਟ (ਮਾਰ) ਪੈਣ ਕਰਕੇ ਪ੍ਰੀਤ ਭਗਵਾਨ ਗੁੱਸੇ 'ਚ ਸਾਈਕਲ 'ਤੇ ਹੀ ਤਕਰੀਬਨ 30 ਕਿਲੋਮੀਟਰ ਮੁਕਤਸਰ ਆਪਣੇ ਮਿੱਤਰਾਂ ਕੋਲ ਚਲਾ ਗਿਆ ਅਤੇ ਦੋ ਦਿਨਾਂ ਬਾਅਦ ਘਰ ਵਾਪਿਸ ਆਇਆ। ਪਰਿਵਾਰਿਕ ਮੈਂਬਰਾਂ ਅਤੇ ਸਾਕ ਸਬੰਧੀਆਂ ਨੇ ਪਿਤਾ ਜੀ ਨੂੰ ਸਮਝਾਇਆ ਕਿ ਮੁੰਡਾ ਕਿਹੜਾ ਕੋਈ ਨਸ਼ਾ-ਪੱਤਾ ਕਰਦਾ ਜਾਂ ਕਿਹੜਾ ਕੋਈ ਮਾੜਾ ਕੰਮ ਕਰਦਾ, ਪੇਂਟਿਗ ਹੀ ਹੈ, ਕਰੀ ਜਾਣ ਦਿਉ ਪ੍ਰੰਤੂ ਇਸ ਘਟਨਾ ਤੋਂ ਬਾਦ ਕਦੇ ਵੀ ਪਿਤਾ ਜੀ ਨੇ ਪੇਂਟਿੰਗਜ ਪਿੱਛੇ ਕੁਝ ਨਹੀਂ ਕਿਹਾ।

ਪ੍ਰੀਤ ਭਗਵਾਨ ਨੇ ਆਪਣੀ ਮੁੱਢਲੀ ਸਿੱਖਿਆ ਕੋਟਕਪੂਰੇ ਤੋਂ ਹਾਸਿਲ ਕੀਤੀ ਅਤੇ ਬੀ.ਐੱਡ. ਸਟੇਟ ਕਾਲਜ, ਪਟਿਆਲਾ ਤੋਂ। ਪੰਜਵੀਂ-ਛੇਵੀਂ ਵਿਚ ਹੀ ਉਸ ਨੂੰ ਚਿੱਤਰਕਾਰੀ ਦੀ ਚਿਣਗ ਲੱਗੀ। ਪੜ੍ਹਦੇ ਸਮੇਂ ਵੱਖੋ ਵੱਖਰੇ ਚਿੱਤਰਕਾਰੀ ਦੇ ਛੋਟੇ-ਵੱਡੇ ਪੱਧਰ ਦੇ ਮੁਕਾਬਲਿਆਂ 'ਚ ਭਾਗ ਲੈਂਦਿਆਂ ਪੁਜ਼ੀਸ਼ਨਾਂ ਹਾਸਿਲ ਕੀਤੀਆਂ ਜਿਨ੍ਹਾਂ ਵਿਚ ਬਾਰ੍ਹਵੀਂ ਜਮਾਤ 'ਚ ਪੜ੍ਹਦਿਆਂ ਪੰਜਾਬ ਵਿੱਚੋਂ ਦੂਜਾ ਸਥਾਨ, ਪੰਜਾਬੀ ਯੂਨੀਵਰਸਿਟੀ ਦੇ ਚਿੱਤਰਕਾਰੀ ਮੁਕਾਬਲਿਆਂ ਵਿਚ 1998 ਵਿਚ ਸਿਲਵਰ ਅਤੇ 2001 ਵਿਚ ਗੋਲਡ ਮੈਡਲ ਅਤੇ ਸਾਲ 2001 ਵਿਚ ਹੀ ਪੰਜਾਬ ਭਰ ਦੇ ਬੀ.ਐੱਡ. ਕਾਲਜਾਂ ਦੇ ਅੰਮ੍ਰਿਤਸਰ ਵਿਖੇ ਸੂਬੇ ਪੱਧਰੀ ਚਿੱਤਰਕਾਰੀ ਮੁਕਾਬਲਿਆਂ ਵਿਚ ਪਹਿਲਾ ਸਥਾਨ ਵਰਣਨਯੋਗ ਹੈ।

ਪ੍ਰੀਤ ਭਗਵਾਨ ਵਾਟਰ ਕਲਰ (ਪਾਣੀ ਵਾਲੇ ਰੰਗ) ਅਤੇ ਆਇਲ ਕਲਰ (ਤੇਲ ਵਾਲੇ ਰੰਗ) ਚਿੱਤਰਕਾਰੀ ਕਰਦੇ ਹਨ ਅਤੇ ਚਿੱਤਰਕਾਰੀ ਦੇ ਗੁਣਾਂ ਦੀਆਂ ਬਾਰੀਕੀਆਂ ਆਸਾ ਸਿੰਘ ਅਤੇ ਅਸ਼ਵਨੀ ਵਰਮਾ ਤੋਂ ਪ੍ਰਾਪਤ ਕੀਤੀਆਂ। ਜਿਵੇਂ ਕਿਹਾ ਜਾਂਦਾ ਹੈ ਕਿ ਸ਼ੌਂਕ ਦਾ ਕੋਈ ਮੁੱਲ ਨਹੀਂ ਹੁੰਦਾ ਸੋ ਪ੍ਰੀਤ ਭਗਵਾਨ ਦਾ ਚਿੱਤਰਕਾਰੀ ਕਰਨਾ ਵੀ ਸ਼ੌਂਕ ਹੀ ਹੈ ਕਿਉਂਕਿ ਕਿੱਤੇ ਵਜੋਂ ਉਹ ਅਧਿਆਪਕ ਹਨ। ਉਨ੍ਹਾਂ ਨੇ ਸਾਲ 2008 ਵਿਚ ਬਤੌਰ ਪ੍ਰਾਇਮਰੀ ਅਧਿਆਪਕ ਸੇਵਾਵਾਂ ਦੇਣੀਆਂ ਸ਼ੁਰੂ ਕੀਤੀਆਂ ਅਤੇ ਅੱਜ ਕੱਲ੍ਹ ਸਰਕਾਰੀ ਪ੍ਰਾਇਮਰੀ ਸਕੂਲ, ਸਿਰਸੜੀ (ਕੋਟਕਪੁਰਾ) ਵਿਖੇ ਪੜ੍ਹਾ ਰਹੇ ਹਨ।

ਪ੍ਰੀਤ ਭਗਵਾਨ ਨੇ 1994-95 ਵਿਚ ਲਲਿਤ ਕਲਾ ਅਕੈਡਮੀ ਪੰਜਾਬ ਤਰਫ਼ੋਂ ਆਯੋਜਿਤ ਪ੍ਰਦਰਸ਼ਨੀ ਵਿਚ ਆਪਣੀਆਂ ਪੇਂਟਿੰਗਜ਼ ਦੀ ਪਹਿਲੀ ਵਾਰ ਪ੍ਰਦਰਸ਼ਨੀ ਲਾਈ ਅਤੇ ਕਈਆਂ ਸਾਲਾਂ ਤੋਂ ਉਹ ਬਾਬਾ ਫਰੀਦ ਮੇਲੇ 'ਤੇ ਆਪਣੀ ਪੇਂਟਿਗਜ ਜਾਂ ਚਿੱਤਰਕਾਰੀ ਦੀ ਪ੍ਰਦਰਸ਼ਨੀ ਲਾਉਂਦੇ ਆ ਰਹੇ ਹਨ। ਉਨ੍ਹਾਂ ਕੋਲੋਂ ਲੋਕ ਸਮੇਂ-ਸਮੇਂ ਤੇ ਤਸਵੀਰਾਂ (ਪੋਰਟਰੇਟਾਂ) ਬਣਵਾਉਂਦੇ ਰਹਿੰਦੇ ਹਨ। ਪ੍ਰੀਤ ਭਗਵਾਨ ਹੁਣ ਤਕ ਕਾਫ਼ੀ ਤਸਵੀਰਾਂ (ਪੋਰਟਰੇਟਾਂ) ਬਣਾ ਚੁੱਕੇ ਹਨ ਅਤੇ ਪ੍ਰੀਤ ਭਗਵਾਨ ਨੇ ਗਿਆਨੀ ਜ਼ੈਲ ਸਿੰਘ (ਸਾਬਕਾ ਰਾਸ਼ਟਰਪਤੀ), ਬੇਅੰਤ ਸਿੰਘ (ਸਾਬਕਾ ਮੁੱਖ ਮੰਤਰੀ), ਡਾ. ਸੁਰਜੀਤ ਪਾਤਰ ਨੂੰ ਉਨ੍ਹਾਂ ਦੀਆਂ ਤਸਵੀਰਾਂ (ਪੋਰਟਰੇਟਾਂ) ਬਣਾ ਕੇ ਆਪਣੇ ਹੱਥੀਂ ਭੇਟ ਕੀਤੀਆਂ।

ਉਨ੍ਹਾਂ ਦੀ ਚਿੱਤਰਕਾਰੀ ਆਪਣੇ ਵਿਚ ਵਿਲੱਖਣਤਾ, ਯਥਾਰਥ, ਸੁਹਜਤਾ ਅਤੇ ਸੰਜੀਦਗੀ ਨੂੰ ਸਮੇਟੇ ਹੋਏ ਹੈ ਜੋ ਵੇਖਣ ਵਾਲਿਆਂ ਨੂੰ ਕੀਲ ਲੈਂਦੀ ਹੈ ਅਤੇ ਸੋਚਣ ਲਈ ਮਜਬੂਰ ਕਰਦੀ ਹੈ। ਉਨ੍ਹਾਂ ਦੀ ਚਿੱਤਰਕਾਰੀ ਦੀ ਉੱਚਤਾ ਨੂੰ ਵੇਖਦੇ ਹੋਏ ਹੀ 2018 ਵਿਚ ਮਾਊਂਟ ਆਬੂ ਵਿਖੇ ਆਯੋਜਿਤ ਰਾਸ਼ਟਰੀ ਵਰਕਸ਼ਾਪ ਜਿਸ ਵਿਚ ਦੇਸ਼ ਭਰ 'ਚੋਂ ਪ੍ਰੀਤ ਭਗਵਾਨ ਸਮੇਤ ਪੰਜ ਸੌ ਚਿੱਤਰਕਾਰ ਬੁਲਾਏ ਗਏ ਸੀ, ਉੱਥੇ ਪਹਿਲੀਆਂ 10 ਉੱਤਮ ਦਰਜੇ ਦੀਆਂ ਪੇਂਟਿਗਜ਼ ਵਿਚ ਪ੍ਰੀਤ ਭਗਵਾਨ ਦੀ ਪੇਂਟਿਗ ਸ਼ੁਮਾਰ ਸੀ ਅਤੇ ਜਨਵਰੀ 2019 ਵਿਚ ਬਾਗਪੱਤ (ਉੱਤਰ ਪ੍ਰਦੇਸ਼) ਵਿਖੇ ਆਯੋਜਿਤ ਰਾਸ਼ਟਰੀ ਵਰਕਸ਼ਾਪ ਵਿਚ ਦੇਸ਼ ਭਰ ਵਿੱਚੋਂ ਨਾਮੀ 12 ਚਿੱਤਰਕਾਰ ਬੁਲਾਏ ਗਏ ਜਿਨ੍ਹਾਂ ਵਿੱਚ ਪ੍ਰੀਤ ਭਗਵਾਨ ਇਕ ਸੀ।

ਪ੍ਰੀਤ ਭਗਵਾਨ ਦੀ ਉੱਚ ਕੋਟੀ ਦੀ ਚਿੱਤਰਕਾਰੀ ਲਈ ਸਮੇਂ-ਸਮੇਂ ਤੇ ਉਨ੍ਹਾਂ ਦਾ ਸਨਮਾਨ ਹੁੰਦਾ ਆ ਰਿਹਾ ਹੈ ਜਿਸ ਵਿਚ 2017 ਵਿਚ ਬਾਬਾ ਫਰੀਦ ਅਵਾਰਡ ਅਤੇ 2018 ਵਿਚ ਰੇਵਾੜੀ (ਹਰਿਆਣਾ) ਵਿਖੇ ਰਾਸ਼ਟਰੀ ਗੌਰਵ ਅਵਾਰਡ ਵਿਸ਼ੇਸ਼ ਜ਼ਿਕਰਯੋਗ ਹੈ।

ਕਲਾ ਦਾ ਨਾ ਕੋਈ ਧਰਮ ਹੁੰਦਾ ਹੈ ਅਤੇ ਨਾ ਹੀ ਕੋਈ ਜਾਤ, ਨਾ ਹੀ ਕੋਈ ਕਲਾ ਦੀ ਸੀਮਾ ਹੁੰਦੀ ਹੈ ਅਤੇ ਨਾ ਹੀ ਕੋਈ ਕਲਾ ਨੂੰ ਕੈਦ ਕਰ ਸਕਦਾ ਹੈ। ਕਲਾ ਅੰਬਰੀ ਉਡਾਣ ਵਾਂਗ ਹੈ ਅਤੇ ਇਹ ਕਲਾਕਾਰ 'ਤੇ ਨਿਰਭਰ ਕਰਦਾ ਹੈ ਕਿ ਉਹ ਜ਼ਮੀਨ ਨਾਲ ਜੁੜ ਕੇ ਕਿੰਨਾ ਉੱਚੀ ਉਡਾਰੀ ਭਰ ਸਕਦਾ ਹੈ ਅਤੇ ਇਸ ਅਮਲ 'ਤੇ ਪ੍ਰੀਤ ਭਗਵਾਨ ਦੀ ਚਿੱਤਰਕਾਰੀ ਖਰੀ ਉੱਤਰਦੀ ਹੈ ਜੋ ਹੱਦਾਂ ਬੰਨੇ, ਤੰਗਦਿਲੀਆਂ ਨੂੰ ਉਲਾਂਭੇ ਸੁੱਟਦੀ ਮਾਨਵਤਾ ਦਾ ਸੰਕਲਪਧਾਰੀ, ਲੋਕਾਂ ਦੇ ਦਰਦ ਨੂੰ ਬਿਆਨਦੀ ਅਤੇ ਸਾਰਥਕ ਸਮਾਜ ਹਿੱਤ ਦੀ ਸੁਪਨਾ ਬੁਣਦੀ ਪ੍ਰਤੀਤ ਹੁੰਦੀ ਹੈ। •









---

**ਬਹੁਤ ਵਾਰ ਵੇਖਣ 'ਚ ਆਉਂਦਾ ਹੈ ਕਿ ਸੱਚ ਦੀ ਰਾਹ 'ਤੇ ਚੱਲਣ ਵਾਲੇ ਨੂੰ ਤੰਗ ਤੇ ਬਦਨਾਮ ਕੀਤਾ ਜਾਂਦਾ ਹੈ। ਇਸ ਰਾਹ 'ਤੇ ਚੱਲਦਿਆਂ ਪਰੇਸ਼ਾਨੀ ਹੁੰਦੀ ਹੈ ਪਰ ਯਾਦ ਰੱਖੋ ਸੱਚ ਦੀ ਕਦੇ ਹਾਰ ਨਹੀਂ ਹੁੰਦੀ...**

# ਔਖਾ ਹੁੰਦਾ ਹੈ ਸੱਚ ਦਾ ਮਾਰਗ



• ਪ੍ਰਭਜੋਤ ਕੌਰ ਢਿੱਲੋ
9815030221

ਬਿਲਕੁੱਲ, ਸੱਚ ਬੋਲਣਾ ਅਤੇ ਸੱਚ 'ਤੇ ਡਟੇ ਰਹਿਣਾ ਬਹੁਤ ਔਖਾ ਹੁੰਦਾ ਹੈ। ਇਹ ਵੀ ਹਕੀਕਤ ਹੈ ਕਿ ਸੱਚ ਬੋਲਣ ਵਾਲੇ ਨੂੰ ਕੁਦਰਤ ਕਦੇ ਹਾਰਨ ਨਹੀਂ ਦਿੰਦੀ। ਜਿਵੇਂ ਸੋਨੇ ਨੂੰ ਭੱਠੀ ਵਿਚ ਤਪਣਾ ਪੈਂਦਾ ਹੈ ਇਸੇ ਤਰ੍ਹਾਂ ਸੱਚ ਬੋਲਣ ਵਾਲੇ ਨੂੰ ਦੁਨੀਆ ਦੀ ਭੱਠੀ ਵਿਚ ਤਪਣਾ ਪੈਂਦਾ ਹੈ ਅਤੇ ਨਿਖਰਕੇ ਬਾਹਰ ਆਉਂਦਾ ਹੈ। ਸੱਚ ਬੋਲਣਾ ਔਖਾ ਹੈ, ਸੱਚ ਸੁਣਨਾ ਵੀ ਔਖਾ ਹੈ ਅਤੇ ਹਜ਼ਮ ਕਰਨਾ ਬੇਹੱਦ ਔਖਾ ਹੁੰਦਾ ਹੈ। ਸੱਚ ਦਾ ਇਕ ਲਫ਼ਜ਼ ਹੀ ਬਹੁਤ ਤਾਕਤ ਰੱਖਦਾ ਹੈ। ਜੇਸਲਾ ਮੀਲੋਸਜ਼ ਅਨੁਸਾਰ, 'ਜਿਸ ਕਮਰੇ ਵਿਚ ਸਾਰੇ ਹੀ ਲੋਕ ਸਰਬਸੰਮਤੀ ਨਾਲ ਸਾਜ਼ਿਸ਼ੀ ਚੁੱਪ ਧਾਰਨ ਕਰੀ ਬੈਠੇ ਹੋਣ, ਉੱਥੇ ਸੱਚ ਕਹਿਣ ਵਾਲਾ ਇਕ ਸ਼ਬਦ ਵੀ ਪਿਸਤੌਲ ਦੀ ਗੋਲੀ ਵਾਂਗ ਧਮਾਕਾ ਕਰਦਾ ਹੈ।' ਇਹ ਵੀ ਸੱਚ ਹੈ ਕਿ ਬੇਈਮਾਨ ਅਤੇ ਝੂਠਾ ਬੰਦਾ ਕਦੇ ਸੱਚ ਬੋਲਣ ਵਾਲੇ ਦਾ ਸਾਥ ਨਹੀਂ ਦੇਵੇਗਾ। ਸਿਆਣੇ ਠੀਕ ਹੀ ਕਹਿ ਗਏ ਹਨ ਕਿ ਝੂਠ ਦੇ ਪੈਰ ਨਹੀਂ ਹੁੰਦੇ। ਸੱਚ ਕਹਿਣ ਵਾਲਾ ਜਿਹੜੀ ਗੱਲ ਕਰਦਾ ਹੈ, ਉਸਦੀ ਗੱਲ ਉਵੇਂ ਹੀ ਅਤੇ ਉਹ ਹੀ ਰਹੇਗੀ। ਝੂਠ ਬੋਲਣ ਵਾਲੇ ਨੂੰ ਯਾਦ ਰੱਖਣਾ ਪਵੇਗਾ। ਕੁਇਨ ਟੀਲੀਅਨ ਨੇ ਬਹੁਤ ਢੁੱਕਵਾਂ ਕਿਹਾ ਹੈ, 'ਝੂਠਿਆਂ ਨੂੰ ਚੰਗੀ ਯਾਦ ਸ਼ਕਤੀ ਦੀ ਲੋੜ ਹੈ।' ਸੱਚ ਬੋਲਣ ਵਾਲੇ ਵਾਸਤੇ ਕੁਝ ਵੀ ਯਾਦ ਰੱਖਣ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਜੋ ਸੱਚ ਹੈ ਉਹ ਉਵੇਂ ਹੀ ਰਹੇਗਾ। ਅਜੋਕੇ ਵਕਤ ਵਿਚ ਝੂਠ ਅਤੇ ਬੇਈਮਾਨੀ ਜ਼ੋਰਾਂ 'ਤੇ ਹੈ। ਰਿਸ਼ਵਤ ਦੇ ਕੇ ਸੱਚੇ ਬੰਦੇ ਨੂੰ ਗ਼ਲਤ ਸਾਬਿਤ ਕਰਨ 'ਤੇ ਜ਼ੋਰ ਲੱਗਾ ਹੁੰਦਾ ਹੈ। ਅਜਿਹਾ ਕੰਮ ਕਰਨਾ ਪਾਪ ਹੁੰਦਾ ਹੈ। ਹੈਸ਼ੀਆਡ ਅਨੁਸਾਰ, 'ਜਿਸ ਮੌਕੇ ਅਸੀਂ ਪਾਪ ਕਰ ਰਹੇ ਹੁੰਦੇ ਹਾਂ ਉਸ ਮੌਕੇ ਉਸਦੀ ਸਜ਼ਾ ਦੇ ਬੀਜ ਵੀ ਨਾਲ ਹੀ ਬੀਜ ਦਿੰਦੇ ਹਾਂ।'

ਬਹੁਤ ਵਾਰ ਵੇਖਣ ਨੂੰ ਆਉਂਦਾ ਹੈ ਕਿ ਸੱਚ ਦੀ ਰਾਹ 'ਤੇ ਚੱਲਦੇ ਨੂੰ ਤੰਗ ਕੀਤਾ ਜਾਂਦਾ ਹੈ। ਉਸ ਨੂੰ ਬਦਨਾਮ ਕੀਤਾ ਜਾਂਦਾ ਹੈ। ਉਸ ਨੂੰ ਪਰੇਸ਼ਾਨੀ ਹੁੰਦੀ ਹੈ ਪਰ ਯਾਦ ਰੱਖੋ ਸੱਚ ਦੀ ਕਦੇ ਹਾਰ ਨਹੀਂ ਹੁੰਦੀ ਹੈ ਅਤੇ ਗ਼ਲਤ ਕੰਮ ਕਰਨ ਵਾਲੇ ਨੂੰ ਸਜ਼ਾ ਜ਼ਰੂਰ ਮਿਲਦੀ ਹੈ। ਜਿਹੜਾ ਬੰਦਾ ਸੱਚਾ ਹੁੰਦਾ ਹੈ ਉਹ ਗੱਲ ਕਰਨ ਲੱਗਿਆਂ ਕਦੇ ਘਬਰਾਏਗਾ ਨਹੀਂ ਪਰ ਝੂਠੇ ਦੇ ਪੈਰ ਨਹੀਂ ਹੁੰਦੇ। ਹਾਂ ਸੱਚ ਕਦੇ ਹਾਰਦਾ ਨਹੀਂ ਅਤੇ ਕਦੇ ਮਰਦਾ ਨਹੀਂ। ਓਲੀਵਰ ਹੋਲਮਸ ਅਨੁਸਾਰ, 'ਸੱਚ ਮਜ਼ਬੂਤ ਹੁੰਦਾ ਹੈ। ਇਹ ਕਿਸੇ ਬੁਲਬੁਲੇ ਵਾਂਗ ਜ਼ਰਾ ਕੁ ਛੂਹਣ ਨਾਲ ਨਹੀਂ ਟੁੱਟ ਜਾਂਦਾ। ਤੁਸੀਂ ਸਾਰਾ ਦਿਨ ਇਸ ਨੂੰ ਕਿਸੇ ਫੁੱਟਬਾਲ ਵਾਂਗ ਠੁੱਡਾ ਮਾਰਦੇ ਰਹੋ ਪਰ ਇਹ ਸ਼ਾਮ ਨੂੰ ਫੇਰ ਪੂਰੇ ਦਾ ਪੂਰਾ ਗੋਲ ਦਾ ਗੋਲ ਮਿਲੇਗਾ।'

ਇਹ ਸੱਚ ਕੱਲ੍ਹ ਸੀ, ਅੱਜ ਹੈ ਅਤੇ ਕੱਲ੍ਹ ਵੀ ਰਹੇਗਾ ਕਿ ਸੱਚ ਬੋਲਣ ਵਾਲੇ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਂ ਬਿਲਕੁੱਲ ਇਹ ਅਟੱਲ ਸਚਾਈ ਹੈ ਕਿ ਸੱਚ ਦੀ ਡਗਰ ਹਮੇਸ਼ਾ ਔਖੀ ਹੁੰਦੀ ਹੈ। •

# ਪੈਨਸ਼ਨ ਧਾਰਕਾਂ ਲਈ ਧਿਆਨ ਦੇਣ ਯੋਗ ਖ਼ਬਰ ! ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸੁਣਾਇਆ ਅਹਿਮ ਫ਼ੈਸਲਾ

**ਕੌਮੀ ਪਤ੍ਰਿਕਾ**

ਚੰਡੀਗੜ੍ਹ 9 ਅਪ੍ਰੈਲ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਪੈਨਸ਼ਨ ਮਾਮਲਿਆਂ 'ਚ ਰਾਹਤ ਸਿਰਫ਼ ਕਾਨੂੰਨੀ ਨਿਯਮਾਂ ਦੇ ਦਾਇਰੇ 'ਚ ਹੀ ਦਿੱਤੀ ਜਾ ਸਕਦੀ ਹੈ। ਅਦਾਲਤ ਨੇ ਸਟੇਟ ਬੈਂਕ ਆਫ਼ ਇੰਡੀਆ ਦੇ ਸੇਵਾਮੁਕਤ ਕਰਮਚਾਰੀ ਖਰਤੀ ਰਾਮ ਮੈਣੀ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਨੇ ਲੰਬੇ ਸਮੇਂ ਬਾਅਦ ਪੈਨਸ਼ਨ ਪੁਨਰਵਾਸ ਦੀ ਮੰਗ ਕੀਤੀ ਸੀ। ਹਾਈਕੋਰਟ ਨੇ ਕਿਹਾ ਕਿ ਪਟੀਸ਼ਨਰ ਦੀ ਪੈਨਸ਼ਨ 1993 'ਚ ਨਿਯਮਾਂ ਅਨੁਸਾਰ ਤੈਅ ਕੀਤੀ ਗਈ ਸੀ ਅਤੇ ਸਿਰਫ਼ ਪਹਿਲਾਂ ਤੈਅ ਪੈਨਸ਼ਨ ਨੂੰ ਹੀ ਮਾਨਤਾ ਦਿੱਤੀ ਜਾ ਸਕਦੀ ਹੈ। ਪਟੀਸ਼ਨਰ ਦੀ ਬੇਨਤੀ ਨੂੰ ਰੱਦ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਤਨਖ਼ਾਹ ਸੋਧ ਦੇ ਆਧਾਰ 'ਤੇ ਪੈਨਸ਼ਨ ਪੁਨਰਵਾਸ ਤਾਂ ਹੀ ਸੰਭਵ ਹੈ, ਜੇਕਰ ਸਪੱਸ਼ਟ ਨਿਯਮ ਮੌਜੂਦ ਹੋਣ। ਅਦਾਲਤ ਨੇ 2006 ਦੇ ਸਰਕੂਲਰ ਨੂੰ ਪਿਛਲੇ ਪ੍ਰਭਾਵ ਤੋਂ ਲਾਗੂ ਕਰਨ ਤੋਂ ਵੀ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਦੇਰੀ ਨਾਲ ਕੀਤੇ ਦਾਅਵੇ ਸੇਵਾ ਮਾਮਲਿਆਂ 'ਚ ਸਵੀਕਾਰਯੋਗ ਨਹੀਂ ਹਨ। ਪਟੀਸ਼ਨਰ ਕੋਈ ਕਾਨੂੰਨੀ ਅਧਿਕਾਰ ਸਥਾਪਿਤ ਕਰਨ 'ਚ ਅਸਫ਼ਲ ਰਿਹਾ ਅਤੇ ਇਸ ਲਈ ਪਟੀਸ਼ਨ ਖਾਰਜ ਕਰ ਦਿੱਤੀ ਗਈ। ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਜਸਟਿਸ ਸੰਦੀਪ ਮੌਦਗਿਲ ਦੀ ਸਿੰਗਲ ਬੈਂਚ ਨੇ ਦੇਖਿਆ ਕਿ ਪਟੀਸ਼ਨਰ ਦੀ ਪੈਨਸ਼ਨ ਪਹਿਲਾਂ ਹੀ ਲਾਗੂ ਨਿਯਮਾਂ ਅਨੁਸਾਰ ਨਿਰਧਾਰਤ ਕੀਤੀ ਜਾ ਚੁੱਕੀ ਸੀ। ਅਦਾਲਤ ਨੇ ਨੋਟ ਕੀਤਾ ਕਿ 1993 'ਚ ਉਸਦੀ ਸੇਵਾਮੁਕਤੀ ਦੇ ਸਮੇਂ, ਪਟੀਸ਼ਨਰ ਨੂੰ 1,781 ਦੀ ਪੈਨਸ਼ਨ ਮਨਜ਼ੂਰ




ਕੀਤੀ ਗਈ ਸੀ, ਜੋ ਕਿ ਪ੍ਰਚੱਲਿਤ ਨਿਯਮਾਂ ਅਧੀਨ ਨਿਰਧਾਰਤ ਫਾਰਮੂਲਿਆਂ ਤੋਂ ਪ੍ਰਾਪਤ ਦੋ ਰਕਮਾਂ ਵਿੱਚੋਂ ਘੱਟ ਦੇ ਆਧਾਰ 'ਤੇ ਨਿਰਧਾਰਤ ਕੀਤੀ ਗਈ ਸੀ। ਪਟੀਸ਼ਨਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਤਨਖ਼ਾਹ 'ਚ ਸੋਧ 6ਵੇਂ ਦੋ-ਪੱਖੀ ਸਮਝੌਤੇ ਤੋਂ ਬਾਅਦ ਹੋਈ ਸੀ, ਜੋ ਕਿ 1 ਨਵੰਬਰ, 1992 ਤੋਂ ਲਾਗੂ ਹੋਇਆ ਸੀ। ਸਿੱਟੇ ਵਜੋਂ ਇਹ ਦਲੀਲ ਦਿੱਤੀ ਗਈ ਸੀ ਕਿ ਪੈਨਸ਼ਨ ਨੂੰ ਇਸ ਸੋਧੀ ਹੋਈ ਤਨਖ਼ਾ ਦੇ ਅਧਾਰ ਤੇ ਦੁਬਾਰਾ ਨਿਰਧਾਰਤ ਕੀਤਾ ਜਾਣਾ ਚਾਹੀਦਾ ਸੀ। ਇਸ ਤੋਂ ਇਲਾਵਾ 10 ਅਕਤੂਬਰ, 2006 ਦੇ ਇੱਕ ਸਰਕੂਲਰ ਦਾ ਹਵਾਲਾ ਦਿੰਦੇ ਹੋਏ ਇਹ ਪੇਸ਼ ਕੀਤਾ ਗਿਆ ਸੀ ਕਿ ਪੈਨਸ਼ਨ ਪਿਛਲੇ 12 ਮਹੀਨਿਆਂ ਦੀ ਸੇਵਾ ਦੌਰਾਨ ਪ੍ਰਾਪਤ ਕੀਤੀ ਗਈ ਔਸਤ ਤਨਖ਼ਾਹ ਦੇ ਆਧਾਰ 'ਤੇ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ। ਹਾਲਾਂਕਿ, ਬੈਂਕ ਵੱਲੋਂ ਪੇਸ਼ ਹੁੰਦੇ ਹੋਏ ਸੀਨੀਅਰ ਵਕੀਲ ਵਿਕਾਸ ਚਤਰਥ ਨੇ ਦਲੀਲ ਦਿੱਤੀ ਕਿ ਪੈਨਸ਼ਨ ਸਕੀਮ ਪੂਰੀ ਤਰ੍ਹਾਂ ਕਾਨੂੰਨੀ ਨਿਯਮਾਂ ਰਾਹੀਂ ਨਿਯੰਤਰਿਤ ਹੈ ਅਤੇ ਇਸ ਸਬੰਧ 'ਚ ਕਿਸੇ ਵੀ ਤਰ੍ਹਾਂ ਦੀ ਵਾਧੂ ਰਾਹਤ ਸਿਰਫ ਉਨ੍ਹਾਂ ਨਿਯਮਾਂ ਤਹਿਤ ਹੀ ਸੰਭਵ ਹੈ। ਬੈਂਚ ਨੇ ਅੱਗੇ ਕਿਹਾ ਕਿ ਜਦੋਂ ਕਿ ਤਨਖ਼ਾਹ ਸੋਧ ਦੇ ਲਾਭ ਅਤੇ ਸਬੰਧਿਤ ਬਕਾਏ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ, ਪੈਨਸ਼ਨ ਦੇ ਖ਼ੁਦ ਮੁੜ-ਨਿਰਧਾਰਨ ਲਈ ਕੋਈ ਪ੍ਰਬੰਧ ਨਹੀਂ ਹੈ।

### 'ਭੋਜਸ਼ਾਲਾ' ਦੇਵੀ ਸਰਸਵਤੀ ਦਾ ਮੰਦਰ ਹੈ, ਇਹ ਮਸਜਿਦ ਨਹੀਂ ਹੋ ਸਕਦੀ'

ਇੰਦੌਰ 9 ਅਪ੍ਰੈਲ। ਹਿੰਦੂ ਪੱਖ ਨੇ ਮੱਧ ਪ੍ਰਦੇਸ਼ ਹਾਈ ਕੋਰਟ 'ਚ ਸੋਮਵਾਰ ਨੂੰ ਕਿਹਾ ਕਿ ਧਾਰ ਦੇ ਵਿਵਾਦਿਤ ਭੋਜਸ਼ਾਲਾ-ਕਮਾਲ ਮੌਲਾ ਮਸਜਿਦ ਕੰਪਲੈਕਸ ਦੀ ਮੂਲ ਪ੍ਰਕਿਰਤੀ ਦੇਵੀ ਸਰਸਵਤੀ ਦੇ ਮੰਦਰ ਦੀ ਹੈ ਅਤੇ ਇਹ ਇਤਿਹਾਸਕ ਯਾਦਗਾਰ ਇਕ ਮਸਜਿਦ ਨਹੀਂ ਹੋ ਸਕਦੀ। ਹਿੰਦੂ ਪੱਖ ਦੇ ਮੁਤਾਬਕ ਇਤਿਹਾਸਕ ਰਿਕਾਰਡ ਅਤੇ ਵਿਵਾਦਿਤ ਕੰਪਲੈਕਸ 'ਚ ਭਾਰਤੀ ਪੁਰਾਤੱਤਵ ਸਰਵੇਖਣ (ਏ. ਐੱਸ. ਆਈ.) ਦੇ ਵਿਗਿਆਨਕ ਸਰਵੇਖਣ ਦੀ ਰਿਪੋਰਟ ਉਸ ਦੇ ਇਸ ਦਾਅਵੇ ਦਾ ਸਮਰਥਨ ਕਰਦੀ ਹੈ। ਭੋਜਸ਼ਾਲਾ ਨੂੰ ਹਿੰਦੂ ਭਾਈਚਾਰਾ ਵਾਗਦੇਵੀ (ਦੇਵੀ ਸਰਸਵਤੀ) ਦਾ ਮੰਦਰ ਮੰਨਦਾ ਹੈ, ਜਦਕਿ ਮੁਸਲਿਮ ਪੱਖ 11ਵੀਂ ਸਦੀ ਦੇ ਇਸ ਸਮਾਰਕ ਨੂੰ ਕਮਾਲ ਮੌਲਾ ਮਸਜਿਦ ਦੱਸਦਾ ਹੈ। ਇਹ ਵਿਵਾਦਿਤ ਕੰਪਲੈਕਸ ਏ. ਐੱਸ. ਆਈ. ਵੱਲੋਂ ਸੁਰੱਖਿਅਤ ਹੈ। ਹਾਈ ਕੋਰਟ ਦੀ ਇੰਦੌਰ ਬੈਂਚ ਨੇ ਇਸ ਕੰਪਲੈਕਸ ਦੇ ਧਾਰਮਿਕ ਸਰੂਪ ਦੇ ਵਿਵਾਦ ਨੂੰ ਲੈ ਕੇ ਦਾਇਰ ਚਾਰ ਪਟੀਸ਼ਨਾਂ ਅਤੇ ਇਕ ਰਿਟ ਅਪੀਲ 'ਤੇ ਸੋਮਵਾਰ ਤੋਂ ਨਿਯਮਿਤ ਸੁਣਵਾਈ ਸ਼ੁਰੂ ਕੀਤੀ। ਪਟੀਸ਼ਨਰਾਂ 'ਚ ਸ਼ਾਮਲ ਸੰਗਠਨ 'ਹਿੰਦੂ ਫਰੰਟ ਫਾਰ ਜਸਟਿਸ' ਵੱਲੋਂ ਪੈਰਵੀ ਕਰਦੇ ਹੋਏ ਵਿਸ਼ਨੂੰ ਸ਼ੰਕਰ ਜੈਨ ਨੇ ਅਦਾਲਤ 'ਚ ਕਿਹਾ ਕਿ ਇਤਿਹਾਸਕ ਰਿਕਾਰਡ, ਏ. ਐੱਸ. ਆਈ. ਦੇ ਵਿਗਿਆਨੀ ਸਰਵੇਖਣ ਦੀ ਰਿਪੋਰਟ ਅਤੇ ਪਟੀਸ਼ਨ ਦੇ ਨਾਲ ਪੇਸ਼ ਸਮੱਗਰੀ ਸਾਬਤ ਕਰਦੀ ਹੈ

## ਕਿਸਾਨ ਨੂੰ ਮਿਲਿਆ 14.66 ਕਰੋੜ ਦਾ ਟੈਕਸ ਨੋਟਿਸ; ਦਿੱਲੀ 'ਚ ਚੱਲ ਰਹੀ ਸੀ ਫਰਜ਼ੀ ਫਰਮ

ਨੈਸ਼ਨਲ ਡੈਸਕ 9 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਬਦਾਊਂ ਜ਼ਿਲ੍ਹੇ ਵਿੱਚ ਇੱਕ ਬਹੁਤ ਹੀ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ 12 ਬੀਘੇ ਜ਼ਮੀਨ ਦੇ ਮਾਲਕ ਇੱਕ ਸਧਾਰਨ ਕਿਸਾਨ ਦੇ ਹੋਸ਼ ਉਦੋਂ ਉੱਡ ਗਏ, ਜਦੋਂ ਉਸ ਨੂੰ ਇਨਕਮ ਟੈਕਸ ਅਤੇ ਜੀਐੱਸਟੀ ਵਿਭਾਗ ਵੱਲੋਂ ਕਰੋੜਾਂ ਰੁਪਏ ਦੇ ਨੋਟਿਸ ਮਿਲੇ। ਕਿਸਾਨ ਭੋਲਾ ਸਿੰਘ ਨੂੰ ਕੁੱਲ 14.66 ਕਰੋੜ ਰੁਪਏ ਤੋਂ ਵੱਧ ਦਾ ਟੈਕਸ ਚੁਕਾਉਣ ਦਾ ਨਿਰਦੇਸ਼ ਦਿੱਤਾ ਗਿਆ ਹੈ।




ਵਿਭਾਗੀ ਅਧਿਕਾਰੀਆਂ ਅਨੁਸਾਰ ਦਿੱਲੀ ਦੇ ਨਾਰਾਇਣਾ ਉਦਯੋਗਿਕ ਖੇਤਰ (ਫੇਜ਼-1) ਵਿੱਚ ਕਿਸਾਨ ਦੇ ਨਾਂ 'ਤੇ ÷ਰਾਮ ਸਟੋਰ÷ ਨਾਮ ਦੀ ਇੱਕ ਫਰਮ ਚਲਾਈ ਜਾ ਰਹੀ ਸੀ। ਇਸ ਫਰਮ 'ਤੇ 1.02 ਕਰੋੜ ਰੁਪਏ ਦਾ ਇਨਕਮ ਟੈਕਸ ਬਕਾਇਆ ਹੈ, ਜਦਕਿ ਜੀਐੱਸਟੀ ਵਿਭਾਗ ਨੇ 13.63 ਕਰੋੜ ਰੁਪਏ ਦੀ ਦੇਣਦਾਰੀ ਦਾ ਨੋਟਿਸ ਜਾਰੀ ਕੀਤਾ ਹੈ। ਪੀੜਤ ਕਿਸਾਨ ਭੋਲਾ ਸਿੰਘ ਨੇ ਦੱਸਿਆ ਕਿ ਉਹ ਕਦੇ ਦਿੱਲੀ ਨਹੀਂ ਗਿਆ ਅਤੇ ਨਾ ਹੀ ਉਸ ਨੇ ਕਦੇ ਕੋਈ ਵਪਾਰਕ ਅਦਾਰਾ ਸਥਾਪਿਤ ਕੀਤਾ ਹੈ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਕਿਸੇ ਅਣਪਛਾਤੇ ਵਿਅਕਤੀ ਨੇ ਕਿਸਾਨ ਦੇ ਆਧਾਰ ਅਤੇ ਪੈਨ ਕਾਰਡ ਦੇ ਵੇਰਵਿਆਂ ਦੀ ਦੁਰਵਰਤੋਂ ਕਰਕੇ ਇੱਕ ਫਰਜ਼ੀ ਫਰਮ ਬਣਾਈ ਅਤੇ ਕਰੋੜਾਂ ਰੁਪਏ ਦਾ ਲੈਣ-ਦੇਣ ਕੀਤਾ। ਕਿਸਾਨ ਨੇ ਕਿਹਾ ਕਿ ਜੇਕਰ ਉਹ ਆਪਣੀ ਸਾਰੀ ਜ਼ਮੀਨ ਅਤੇ ਜਾਇਦਾਦ ਵੀ ਵੇਚ ਦੇਵੇ, ਤਾਂ ਵੀ ਉਹ ਇੰਨੀ ਵੱਡੀ ਰਕਮ ਨਹੀਂ ਚੁਕਾ ਸਕੇਗਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਬਦਾਊਂ ਦੇ ਜ਼ਿਲ੍ਹਾ ਮੈਜਿਸਟ?ਰੇਟ ਅਵਨੀਸ਼ ਰਾਏ ਨੇ ਜਾਂਚ ਲਈ ਦੋ ਮੈਂਬਰੀ ਟੀਮ ਦਾ ਗਠਨ ਕੀਤਾ ਹੈ, ਜਿਸ ਵਿੱਚ ਅਪਰ ਜ਼ਿਲ੍ਹਾ ਮੈਜਿਸਟ?ਰੇਟ (ਵਿੱਤ) ਅਤੇ ਡਿਪਟੀ ਕਮਿਸ਼ਨਰ ਸ਼ਾਮਲ ਹਨ। ਡੀਐੱਮ ਨੇ ਦੱਸਿਆ ਕਿ ਇਹ ਮਾਮਲਾ ਪੂਰੀ ਤਰ੍ਹਾਂ ਧੋਖਾਧੜੀ ਅਤੇ ਜਾਲਸਾਜ਼ੀ ਨਾਲ ਜੁੜਿਆ ਜਾਪਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਤਿੰਨ-ਚਾਰ ਦਿਨਾਂ ਵਿੱਚ ਜਾਂਚ ਰਿਪੋਰਟ ਆਉਣ ਤੋਂ ਬਾਅਦ ਦੋਸ਼ੀ ਪਾਰਟੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਬਕਾਇਆ ਟੈਕਸ ਦੀ ਵਸੂਲੀ ਵੀ ਅਸਲ ਧੋਖੇਬਾਜ਼ ਤੋਂ ਹੀ ਕੀਤੀ ਜਾਵੇਗੀ।

## ਪੰਜਾਬ ਸਰਕਾਰ ਦਾ ਇਸ ਇਲਾਕੇ 'ਚ ਬੁਲਡੋਜ਼ਰ ਐਕਸ਼ਨ, ਭਾਰੀ ਗਿਣਤੀ 'ਚ ਪੁਲਸ ਫੋਰਸ ਤਾਇਨਾਤ

ਜਲੰਧਰ 9 ਅਪ੍ਰੈਲ। ਨਸ਼ਿਆਂ ਖ਼?ਲਾਫ਼ ਪੰਜਾਬ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਅਨੁਸਾਰ ਕਮਿਸ਼ਨਰੇਟ ਪੁਲਸ ਜਲੰਧਰ ਨੇ ਨਗਰ ਨਿਗਮ ਜਲੰਧਰ ਦੇ ਤਾਲਮੇਲ ਨਾਲ ਅੱਜ 'ਯੁੱਧ ਨਸ਼ਿਆਂ ਵਿਰੁੱਧ' ਪਹਿਲਕਦਮੀ ਦੇ ਹਿੱਸੇ ਵਜੋਂ ਥਾਣਾ ਡਿਵੀਜ਼ਨ ਨੰਬਰ 5 ਜਲੰਧਰ ਦੇ ਅਧਿਕਾਰ ਖੇਤਰ ਵਿੱਚ ਸਥਿਤ ਮਾਡਲ ਹਾਊਸ ਦੇ ਇਲਾਕੇ 'ਚ ਤਿੰਨ ਨਸ਼ਾ ਤਸਕਰਾਂ ਦੇ ਇਕ ਗੈਰ-ਕਾਨੂੰਨੀ ਢਾਂਚੇ ਨੂੰ ਢਾਹ ਦਿੱਤਾ ਗਿਆ।\ ਵੇਰਵਾ ਸਾਂਝਾ ਕਰਦੇ ਹੋਏ, ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਨਗਰ ਨਿਗਮ ਨੂੰ ਮਾਡਲ ਹਾਊਸ, ਜਲੰਧਰ ਦੇ ਖੇਤਰ ਵਿੱਚ ਸਰਕਾਰੀ ਜ਼ਮੀਨ 'ਤੇ ਇਕ ਗੈਰ-ਕਾਨੂੰਨੀ ਉਸਾਰੀ ਬਾਰੇ ਸੂਚਨਾ ਮਿਲੀ ਸੀ। ਇਹ ਢਾਂਚਾ ਕਥਿਤ ਤੌਰ 'ਤੇ ਤਿੰਨ ਨਸ਼ਾ ਤਸਕਰਾਂ ਲਖਵੀਰ ਕੌਰ ਉਰਫ਼ ਰੇਖਾ ਪਤਨੀ ਸੰਦੀਪ ਸਿੰਘ ਦੀ (ਮੌਜੂਦਾ ਜੇਲ੍ਹ ਵਿੱਚ) ਅਤੇ ਸੰਦੀਪ ਕੁਮਾਰ ਉਰਫ਼ ਜੁਗਾ ਅਤੇ ਸੂਰਜ, ਦੋਵੇਂ ਪੁੱਤਰ ਸੁਰਿੰਦਰ ਪਾਲ ਅਤੇ ਇਸ ਸਮੇਂ ਜ਼ਮਾਨਤ 'ਤੇ ਬਾਹਰ ਹਨ, ਦੁਆਰਾ ਬਣਾਇਆ ਗਿਆ ਸੀ। ਸਾਰੇ ਦੋਸ਼ੀ ਮਕਾਨ ਨੰਬਰ 1096, ਤਾਰਾ ਵਾਲੀ ਸਟਰੀਟ, ਮਾਡਲ ਹਾਊਸ, ਜਲੰਧਰ ਦੇ ਵਸਨੀਕ ਹਨ। ਇਹ ਜਾਇਦਾਦ ਕਥਿਤ ਤੌਰ 'ਤੇ ਉਨ੍ਹਾਂ ਦੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ ਤੋਂ ਪ੍ਰਾਪਤ ਆਮਦਨ ਦੀ ਵਰਤੋਂ ਕਰਕੇ ਬਣਾਈ ਗਈ ਸੀ। ਇਕ ਤੁਰੰਤ ਅਤੇ ਤਾਲਮੇਲ ਵਾਲੀ ਕਾਰਵਾਈ ਵਿੱਚ ਨਗਰ ਨਿਗਮ ਅਤੇ ਪੁਲਸ ਟੀਮਾਂ ਨੇ ਅੱਜ ਗੈਰ-ਕਾਨੂੰਨੀ ਤੌਰ 'ਤੇ ਬਣਾਏ ਗਏ ਇਸ ਘਰ ਨੂੰ ਢਾਹ ਦਿੱਤਾ, ਜਿਸ ਨਾਲ ਇਕ ਸਪੱਸ਼ਟ ਸੁਨੇਹਾ ਗਿਆ ਕਿ ਜਲੰਧਰ 'ਚ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਦੋਸ਼ੀ ਆਦਤਨ ਅਪਰਾਧੀ ਹਨ, ਜਿਨ੍ਹਾਂ ਵਿਰੁੱਧ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ?ਰੋਪਿਕ ਸਬਸਟੈਂਸ (ਐੱਨ. ਡੀ. ਪੀ. ਐੱਸ) ਐਕਟ ਅਤੇ ਆਈ. ਪੀ. ਸੀ. ਦੀਆਂ ਹੋਰ ਅਪਰਾਧਿਕ ਧਾਰਾਵਾਂ ਤਹਿਤ ਕੁੱਲ੍ਹ 08 ਮਾਮਲੇ ਪਹਿਲਾਂ ਤੋਂ ਹੀ ਦਰਜ ਹਨ। ਲਖਵੀਰ ਕੌਰ ਵਿਰੁੱਧ ਦੋ ਮਾਮਲੇ ਦਰਜ ਹਨ, ਜਦਕਿ ਸੰਦੀਪ ਕੁਮਾਰ ਅਤੇ ਸੂਰਜ ਦੋਵਾਂ 'ਤੇ ਤਿੰਨ ਮਾਮਲੇ ਦਰਜ ਹਨ। ਇਸ ਕਾਰਵਾਈ ਦੇ ਹਿੱਸੇ ਵਜੋਂ ਪਹਿਲਾਂ ਅਧਿਕਾਰੀਆਂ ਨੇ ਭਾਰਗੋ ਕੈਂਪ ਅਤੇ ਰਾਮਾ ਮੰਡੀ ਖੇਤਰ ਵਿੱਚ ਫੈਸਲਾਕੁੰਨ ਕਾਰਵਾਈ ਕੀਤੀ ਸੀ, ਜਿੱਥੇ ਬਦਨਾਮ ਨਸ਼ਾ ਤਸਕਰਾਂ ਨਾਲ ਜੁੜੇ ਗੈਰ-ਕਾਨੂੰਨੀ ਨਿਰਮਾਣ ਢਾਹ ਦਿੱਤੇ ਗਏ ਸਨ। ਇਹ ਵਿਆਪਕ ਕਾਰਵਾਈ ਨਾ ਸਿਰਫ਼ ਨਸ਼ਾ ਤਸਕਰਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਸਗੋਂ ਗੈਰ-ਕਾਨੂੰਨੀ ਢਾਂਚਿਆਂ, ਜਾਇਦਾਦਾਂ ਅਤੇ ਛੁਪਣਗਾਹਾਂ ਨੂੰ ਵੀ ਨਿਸ਼ਾਨਾ ਬਣਾਉਂਦੀ ਹੈ ਜੋ ਅਜਿਹੀਆਂ ਅਪਰਾਧਿਕ ਗਤੀਵਿਧੀਆਂ ਲਈ ਪ੍ਰਜਨਨ ਸਥਾਨ ਵਜੋਂ ਕੰਮ ਕਰਦੇ ਹਨ। ਕਮਿਸ਼ਨਰੇਟ ਪੁਲਸ ਜਲੰਧਰ ਨੇ ਸਮੂਹਿਕ ਕਾਰਵਾਈ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਨਸ਼ਿਆਂ ਦੇ ਖ਼ਤਰੇ ਨੂੰ ਖ਼ਤਮ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਹੈ।

## 18,000 ਰੁਪਏ ਦੀ ਰਿਸ਼ਵਤ ਲੈਂਦਿਆਂ ਵੇਅਰਹਾਊਸ ਇੰਸਪੈਕਟਰ ਰੰਗੇ ਹੱਥੀਂ ਗ੍ਰਿਫਤਾਰ

ਜੈਤੋ, 9 ਅਪ੍ਰੈਲ। ਪੰਜਾਬ ਵਿਜੀਲੈਂਸ ਬਿਊਰੋ ਨੇ ਵੇਅਰਹਾਊਸ ਜੈਤੋ ਮੰਡੀ ਜ਼ਿਲ੍ਹਾ ਫਰੀਦਕੋਟ ਵਿਖੇ ਤਾਇਨਾਤ ਵੇਅਰਹਾਊਸ ਇੰਸਪੈਕਟਰ ਨਰੇਸ਼ ਕੁਮਾਰ ਗੋਇਲ ਨੂੰ 18,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਪਿੰਡ ਘਣੀਆ ਜ਼ਿਲ੍ਹਾ ਫਰੀਦਕੋਟ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਮੁਲਜ਼ਮ ਇੰਸਪੈਕਟਰ ਅਕਸਰ ਰਿਸ਼ਵਤ ਲੈਣ ਲਈ ਕਿਸਾਨਾਂ ਤੋਂ ਖਰੀਦੀਆਂ ਗਈਆਂ ਫਸਲਾਂ ਵਿੱਚ ਜਾਣਬੁੱਝ ਕੇ ਨੁਕਸ ਕੱਢਦਾ ਰਹਿੰਦਾ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਆੜ੍ਹਤੀਏ ਵਜੋਂ ਕੰਮ ਕਰਦਾ ਹੈ ਅਤੇ ਮੁਲਜ਼ਮ ਵੇਅਰਹਾਊਸ ਇੰਸਪੈਕਟਰ ਨਰੇਸ਼ ਕੁਮਾਰ ਗੋਇਲ ਆੜ੍ਹਤੀਆਂ ਤੋਂ ਫਸਲ ਦੀ ਖਰੀਦ ਕਰਦਾ ਹੈ। ਮੁਲਜ਼ਮ ਵੇਅਰਹਾਊਸ ਇੰਸਪੈਕਟਰ ਨੇ ਸ਼ਿਕਾਇਤਕਰਤਾ ਤੋਂ 18500 ਰੁਪਏ ਰਿਸ਼ਵਤ ਮੰਗੀ ਅਤੇ ਕਿਹਾ ਕਿ ਜੇਕਰ ਸ਼ਿਕਾਇਤਕਰਤਾ ਉਸਨੂੰ ਰਿਸ਼ਵਤ ਨਹੀਂ ਦੇਵੇਗਾ ਤਾਂ ਉਹ ਉਸਦੀ ਆਉਣ ਵਾਲੀ ਕਣਕ ਦੀ ਫਸਲ ਮੰਡੀ ਤੋਂ ਨਹੀਂ ਚੁੱਕਣ ਦੇਵੇਗਾ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਮੁਲਜ਼ਮ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 18,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।ਇਸ ਸਬੰਧੀ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਅੰਬਾਂ ਦੇ ਸ਼ੌਕੀਨਾਂ ਲਈ ਖ਼ਤਰੇ ਦੀ ਘੰਟੀ ! ਕੈਮੀਕਲ ਲਾ ਕੇ ਪਕਾਏ ਜਾ ਰਹੇ ਫਲ, ਸਿਹਤ ਨਾਲ ਵੱਡਾ ਖਿਲਵਾੜ

**ਕੌਮੀ ਪਤ੍ਰਿਕਾ**

ਹੈਦਰਾਬਾਦ 9 ਅਪ੍ਰੈਲ। ਹੈਦਰਾਬਾਦ 'ਚ ਅੰਬਾਂ ਦਾ ਸੀਜ਼ਨ ਸ਼ੁਰੂ ਹੁੰਦਿਆਂ ਹੀ ਪੁਲਸ ਅਤੇ ਨਗਰ ਨਿਗਮ ਦੀਆਂ ਟੀਮਾਂ ਚੌਕਸ ਹੋ ਗਈਆਂ ਹਨ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਵਪਾਰੀਆਂ ਖ਼?ਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਪੁਲਸ ਨੇ ਦੋ ਹੋਲਸੇਲ ਫਰੂਟ ਵਪਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਵਪਾਰੀ ਆਂਧਰਾ ਪ੍ਰਦੇਸ਼ ਤੋਂ ਲਿਆਂਦੇ ਅੰਬਾਂ ਨੂੰ ਜਲਦੀ ਪਕਾਉਣ ਲਈ ਲੋੜ ਤੋਂ ਵੱਧ ਹਾਨੀਕਾਰਕ ਰਸਾਇਣਾਂ ਦੀ ਵਰਤੋਂ ਕਰ ਰਹੇ ਸਨ। ਹੈਦਰਾਬਾਦ ਫੂਡ ਐਡਲਟਰੇਸ਼ਨ ਸਰਵੀਲੈਂਸ ਟੀਮ ਨੇ ਸ਼ਹਿਰ ਦੇ ਵੱਖ-ਵੱਖ ਗੋਦਾਮਾਂ 'ਤੇ ਛਾਪੇਮਾਰੀ ਕਰਕੇ ਲਗਭਗ 7 ਟਨ ਅੰਬ ਜ਼ਬਤ ਕੀਤੇ ਹਨ। ਅਧਿਕਾਰੀਆਂ ਅਨੁਸਾਰ ਇਨ੍ਹਾਂ ਅੰਬਾਂ ਨੂੰ ਐਥੀਲੀਨ ਅਤੇ ਕੈਲਸ਼ੀਅਮ ਕਾਰਬਾਈਡ ਵਰਗੇ ਖ਼ਤਰਨਾਕ ਰਸਾਇਣਾਂ ਨਾਲ ਪਕਾਇਆ ਗਿਆ ਹੋ ਸਕਦਾ ਹੈ। ਪੁਲਸ ਨੇ ਚੂੜੀ ਬਾਜ਼ਾਰ 'ਚੋਂ ਇਕ ਵਪਾਰੀ ਕੋਲੋਂ "ਡਾਇਮੰਡ ਰਾਈਪ ਐਥੀਲੀਨ"ਦੇ 24 ਤੋਂ ਵੱਧ ਪੈਕੇਟ ਵੀ ਬਰਾਮਦ ਕੀਤੇ ਹਨ। ਹੈਦਰਾਬਾਦ ਦੇ ਪੁਲਸ ਕਮਿਸ਼ਨਰ ਵੀ.ਸੀ. ਸੱਜਨਾਰ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਚਮਕਦਾਰ ਅਤੇ ਸੁਨਹਿਰੀ ਦਿਖਣ ਵਾਲੇ ਅੰਬ ਖ਼ਰੀਦਣ ਵੇਲੇ ਸਾਵਧਾਨੀ ਵਰਤਣ ਦੀ ਲੋੜ ਹੈ। ਰਸਾਇਣਾਂ ਨਾਲ ਪੱਕੇ ਅੰਬ



ਬਾਹਰੋਂ ਪੀਲੇ ਦਿਖਾਈ ਦਿੰਦੇ ਹਨ ਪਰ ਅੰਦਰੋਂ ਕੱਚੇ ਹੋ ਸਕਦੇ ਹਨ। ਅਜਿਹੇ ਅੰਬ ਖਾਣ ਨਾਲ ਗਲੇ 'ਚ ਜਲਣ, ਉਲਟੀ, ਜੀਅ ਕੱਚਾ ਹੋਣਾ ਅਤੇ ਦਸਤ ਵਰਗੀਆਂ ਤੁਰੰਤ ਸਮੱਸਿਆਵਾਂ ਹੋ ਸਕਦੀਆਂ ਹਨ। ਲੰਬੇ ਸਮੇਂ 'ਚ ਇਹ ਨਰਵਸ ਸਿਸਟਮ ਅਤੇ ਫੇਫੜਿਆਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੇ ਹਨ। ਕੁਦਰਤੀ ਤੌਰ 'ਤੇ ਪੱਕੇ ਅੰਬਾਂ ਦਾ ਰੰਗ ਇੱਕੋ ਜਿਹਾ ਨਹੀਂ ਹੁੰਦਾ। ਜੇਕਰ ਅੰਬ 'ਚੋਂ ਅਜੀਬ ਗੰਧ ਆਵੇ, ਉਸ ਦਾ ਸੁਆਦ ਵੱਖਰਾ ਹੋਵੇ ਜਾਂ ਉਸ 'ਤੇ ਅਜੀਬ ਧੱਬੇ ਦਿਖਾਈ ਦੇਣ, ਤਾਂ ਉਹ ਰਸਾਇਣਕ ਹੋ ਸਕਦਾ ਹੈ। ਦੱਸਣਯੋਗ ਹੈ ਕਿ ਇਸ ਸਮੇਂ ਬਾਜ਼ਾਰਾਂ 'ਚ ਤੇਲੰਗਾਨਾ ਤੋਂ ਇਲਾਵਾ ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਮਹਾਰਾਸ਼ਟਰ ਤੋਂ ਵੀ 25 ਤੋਂ ਵੱਧ ਕਿਸਮਾਂ ਦੇ ਅੰਬ ਪਹੁੰਚ ਰਹੇ ਹਨ।

### ਜਲੰਧਰ ਬਾਈਪਾਸ ਚੌਕ ਦੇ ਪੁਲ? ਤੋਂ ਡਿੱਗਾ ਮੋਟਰਸਾਈਕਲ ਸਵਾਰ

ਲੁਧਿਆਣਾ 9 ਅਪ੍ਰੈਲ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਜਲੰਧਰ ਬਾਈਪਾਸ ਚੌਕ ਵਿਚ ਇਕ ਮੋਟਰਸਾਈਕਲ ਸਵਾਰ ਨੌਜਵਾਨ ਰੇਲਿੰਗ ਨਾਲ ਟਕਰਾ ਕੇ ਪੁਲ? ਦੇ ਹੇਠਾਂ ਜਾ ਡਿੱਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਂਚ ਅਧਿਕਾਰੀ ਥਾਣੇਦਾਰ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਮੋਟਰਸਾਈਕਲ ਸਵਾਰ ਨੌਜਵਾਨ ਬਸਤੀ ਜੋਧੇਵਾਲ ਵੱਲੋਂ ਆ ਰਿਹਾ ਸੀ ਤੇ ਅਚਾਨਕ ਜਲੰਧਰ ਬਾਈਪਾਸ ਚੌਕ 'ਤੇ ਬਣੇ ਨੈਸ਼ਨਲ ਹਾਈਵੇਅ ਦੇ ਪੁਲ? ਉੱਪਰੋਂ ਰੇਲਿੰਗ ਨਾਲ ਟਕਰਾ ਕੇ ਹੇਠਾਂ ਡਿੱਗ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਅਜੇ ਤਕ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ। ਫ਼?ਲਹਾਲ ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ ਰਖਵਾ ਦਿੱਤੀ ਹੈ ਤੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਟਰੇਡਿੰਗ ਐਪ ਬਣੀ 'ਠੱਗ ਐਪ' ! ਰਾਤੋ-ਰਾਤ ਅਮੀਰ ਹੋਣ ਦੇ ਚੱਕਰ 'ਚ ਵਪਾਰੀ ਦੇ ਉੱਡੇ 21.35 ਲੱਖ ਰੁਪਏ

**ਕੌਮੀ ਪਤ੍ਰਿਕਾ**

ਕੁਰੂਕਸ਼ੇਤਰ 9 ਅਪ੍ਰੈਲ। ਲਾਡਵਾ ਜ਼ਿਲ੍ਹੇ ਵਿੱਚ ਆਨਲਾਈਨ ਵਪਾਰ ਦੇ ਨਾਮ 'ਤੇ 21.35 ਲੱਖ ਰੁਪਏ ਦੀ ਧੋਖਾਧੜੀ ਕਰਨ ਦਾ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਸਾਈਬਰ ਧੋਖਾਧੜੀ ਕਰਨ ਵਾਲਿਆਂ ਨੇ ਪਹਿਲਾਂ ਪੀੜਤ ਨਾਲ ਫੇਸਬੁੱਕ ਰਾਹੀਂ ਸੰਪਰਕ ਕੀਤਾ ਅਤੇ ਫਿਰ ਉਸਨੂੰ ਇੱਕ ਐਪ ਰਾਹੀਂ ਨਿਵੇਸ਼ ਕਰਨ ਲਈ ਲਾਲਚ ਦਿੱਤਾ, ਉਸਨੂੰ ਚੰਗੇ ਮੁਨਾਫ਼ੇ ਦਾ ਵਾਅਦਾ ਕੀਤਾ। ਜਦੋਂ ਪੀੜਤ ਨੇ ਪੈਸੇ ਕਢਵਾਉਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀ ਟੈਕਸ ਦੇ ਨਾਮ 'ਤੇ ਹੋਰ ਪੈਸੇ ਮੰਗਣ ਲੱਗ ਪਿਆ। ਜਾਣਕਾਰੀ ਅਨੁਸਾਰ, ਲਾਡਵਾ ਦੇ ਰਹਿਣ ਵਾਲੇ ਅਰੁਣ ਕੁਮਾਰ ਨੇ ਪੁਲਸ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ 3 ਮਾਰਚ ਨੂੰ ਉਸਨੂੰ ਆਪਣੀ ਫੇਸਬੁੱਕ ਆਈਡੀ 'ਤੇ ਇੱਕ ਅਣਜਾਣ ਵਿਅਕਤੀ ਦਾ ਸੁਨੇਹਾ ਮਿਲਿਆ। ਗੱਲਬਾਤ ਦੌਰਾਨ ਉਸਨੇ ਉਸਦਾ ਵਟਸਐਪ ਨੰਬਰ ਮੰਗਿਆ, ਜੋ ਉਸਨੇ ਉਸਨੂੰ ਦੇ ਦਿੱਤਾ। ਫਿਰ ਉਸਨੂੰ ਉਸਦੇ ਮੋਬਾਈਲ ਫੋਨ 'ਤੇ ਇੱਕ ਵਟਸਐਪ ਕਾਲ ਆਈ। ਕਾਲ ਕਰਨ ਵਾਲੇ ਨੇ ਆਪਣੇ ਆਪ ਨੂੰ ਵਪਾਰ ਕਰਨ ਦਾ ਮਾਹਿਰ ਦੱਸਦੇ ਹੋਏ ਪੀੜਤ ਨੂੰ ਆਪਣੇ ਪਲੇਟਫਾਰਮ bit-bazaarin.online 'ਤੇ ਨਿਵੇਸ਼ ਕਰਨ 'ਤੇ ਚੰਗੇ ਮੁਨਾਫ਼ੇ ਦਾ ਭਰੋਸਾ ਦਿੱਤਾ। ਸ਼ਿਕਾਇਤਕਰਤਾ ਦੇ ਅਨੁਸਾਰ, ਦੋਸ਼ੀ ਨੇ ਆਪਣੇ ਮੋਬਾਈਲ ਫੋਨ 'ਤੇ




ਇੱਕ ਐਪ ਸਥਾਪਿਤ ਕੀਤੀ, ਉਸਦੇ ਨਾਮ 'ਤੇ ਇੱਕ ਆਈਡੀ ਬਣਾਈ ਅਤੇ ਵਪਾਰ ਪ੍ਰਕਿਰਿਆ ਬਾਰੇ ਦੱਸਿਆ। ਦੋਸ਼ੀ 'ਤੇ ਵਿਸ਼ਵਾਸ ਕਰਦੇ ਹੋਏ ਉਸਨੇ 8, 9 ਅਤੇ 12 ਮਾਰਚ ਨੂੰ ਐਪ ਵਿੱਚ ਦਿੱਤੀ ਗਈ UPI ਆਈਡੀ ਵਿੱਚ ਕੁੱਲ ਲਗਭਗ 3.5 ਲੱਖ ਰੁਪਏ ਟ?ਰਾਂਸਫਰ ਕੀਤੇ। ਇਸ ਤੋਂ ਬਾਅਦ ਧੋਖੇਬਾਜ਼ਾਂ ਨੇ ਉਸਨੂੰ ਦੋ ਹੋਰ ਬੈਂਕ ਖਾਤੇ ਵੀ ਦਿੱਤੇ, ਜਿਨ੍ਹਾਂ ਵਿੱਚ ਪੈਸੇ ਜਮ?ਹਾ ਕੀਤੇ ਗਏ ਸਨ। ਪੀੜਤ ਨੇ ਦੱਸਿਆ ਕਿ ਸ਼ੁਰੂਆਤੀ ਨਿਵੇਸ਼ ਤੋਂ ਬਾਅਦ ਐਪ ਵਿਚ ਉਸਨੂੰ ਮੁਨਾਫ਼ਾ ਦਿਖਾਉਣਾ ਸ਼ੁਰੂ ਕਰ ਦਿੱਤਾ। ਦੋਸ਼ੀ ਨੇ ਫਿਰ ਦਾਅਵਾ ਕੀਤਾ ਕਿ ਉਹ ਹੋਰ ਨਿਵੇਸ਼ ਕਰਕੇ ਹੋਰ ਕਮਾਏਗਾ। ਉਨ੍ਹਾਂ ਦੇ ਧੋਖੇ ਦਾ ਸ਼ਿਕਾਰ ਹੋ ਕੇ ਉਸਨੇ 12 ਮਾਰਚ ਨੂੰ 5.5 ਲੱਖ ਰੁਪਏ ਹੋਰ ਜਮ?ਹਾ ਕਰਵਾਏ, ਜਦੋਂ ਕਿ ਅਗਲੇ ਦਿਨ ਉਸਨੇ 12.35 ਲੱਖ ਰੁਪਏ ਹੋਰ ਟ?ਰਾਂਸਫਰ ਕਰ ਦਿੱਤੇ। ਕੁਝ ਦਿਨਾਂ ਬਾਅਦ ਜਦੋਂ ਉਸਨੇ ਐਪ ਰਾਹੀਂ ਪੈਸੇ ਕਢਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਲੈਣ-ਦੇਣ ਅਸਫਲ ਹੋ ਗਿਆ। ਜਦੋਂ ਉਸਨੇ ਇਸ ਬਾਰੇ ਕਥਿਤ ਮਾਹਰ ਨਾਲ ਸੰਪਰਕ ਕੀਤਾ, ਤਾਂ ਉਸਨੇ ਪੈਸੇ ਕਢਵਾਉਣ ਲਈ ਟੈਕਸ ਅਦਾ ਕਰਨ 'ਤੇ ਜ਼ੋਰ ਦਿੱਤਾ। ਫਿਰ ਉਸਨੂੰ ਅਹਿਸਾਸ ਹੋਇਆ ਕਿ ਉਸਨੂੰ ਧੋਖਾ ਦਿੱਤਾ ਗਿਆ ਹੈ ਅਤੇ ਉਸਨੇ ਸਾਈਬਰ ਹੈਲਪਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ। ਇਸ ਵੇਲੇ ਸਾਈਬਰ ਪੁਲਸ ਸਟੇਸ਼ਨ, ਕੁਰੂਕਸ਼ੇਤਰ ਨੇ ਮਾਮਲਾ ਦਰਜ ਕਰਕੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ।

## ਇੰਪਰੂਵਮੈਂਟ ਟਰੱਸਟ ਦੇ ਡਿਫਾਲਟਰਾਂ ਨੂੰ ਸਰਕਾਰ ਦਾ ਤੋਹਫ਼ਾ, 30 ਅਪ੍ਰੈਲ ਤੱਕ ਮਿਲੇਗੀ ਵਿਆਜ ਤੇ ਪੈਨਲਟੀ ਤੋਂ ਮੁਕਤੀ

ਲੁਧਿਆਣਾ 9 ਅਪ੍ਰੈਲ। ਸਰਕਾਰ ਵੱਲੋਂ ਇੰਪਰੂਵਮੈਂਟ ਟਰੱਸਟ ਦੇ ਡਿਫਾਲਟਰਾਂ ਨੂੰ ਇੱਕ ਵਾਰ ਫਿਰ ਰਾਹਤ ਦਿੱਤੀ ਗਈ ਹੈ, ਜਿਸ ਤਹਿਤ ਉਨ੍ਹਾਂ ਨੂੰ ਬਕਾਇਆ ਕਿਸ਼ਤਾਂ ਅਤੇ ਐਨ.ਸੀ.ਐਫ. 'ਤੇ ਵਿਆਜ ਅਤੇ ਪੈਨਲਟੀ ਦੀ ਛੋਟ ਮਿਲੇਗੀ। ਇਸ ਸਬੰਧੀ ਲੋਕਲ ਬਾਡੀਜ਼ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਪਿਛਲੇ ਸਾਲ ਅਪ੍ਰੈਲ ਵਿਚ "ਵਨ ਟਾਈਮ ਸੈਟਲਮੈਂਟ" ਪਾਲਿਸੀ ਜਾਰੀ ਕੀਤੀ ਗਈ ਸੀ, ਜਿਸ ਵਿੱਚ ਹੁਣ ਇੱਕ ਮਹੀਨੇ ਦੀ ਐਕਸਟੈਂਸ਼ਨ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਚੇਅਰਮੈਨ ਤਰਸੇਮ ਭਿੰਡਰ ਨੇ ਕੀਤੀ ਹੈ। ਉਨ੍ਹਾਂ ਦੱਸਿਆ ਕਿ ਲੋਕ ਬਕਾਇਆ ਕਿਸ਼ਤਾਂ ਤੇ ਐੱਨ.ਸੀ.ਐੱਫ. 'ਤੇ ਵਿਆਜ-ਪੈਨਲਟੀ ਦੀ ਛੋਟ ਦਾ ਲਾਭ ਲੈਣ ਲਈ 30 ਅਪ੍ਰੈਲ ਤੱਕ ਅਪਲਾਈ ਕਰ ਸਕਦੇ ਹਨ। ਇਨ੍ਹਾਂ ਲੋਕਾਂ ਨੂੰ ਇੰਪਰੂਵਮੈਂਟ ਟਰੱਸਟ ਵੱਲੋਂ 15 ਮਈ ਤੱਕ ਡਿਮਾਂਡ ਨੋਟਿਸ ਜਾਰੀ ਕੀਤਾ ਜਾਵੇਗਾ ਤੇ ਡਿਫਾਲਟਰਾਂ ਨੂੰ ਇੱਕ ਮਹੀਨੇ ਦੇ ਅੰਦਰ ਬਕਾਇਆ ਰਾਸ਼ੀ ਜਮ?ਹਾ ਕਰਵਾਉਣੀ ਹੋਵੇਗੀ। ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਇਹ ਪਾਲਿਸੀ ਉਸ ਪ੍ਰਾਪਰਟੀ 'ਤੇ ਲਾਗੂ ਨਹੀਂ ਹੋਵੇਗੀ, ਜਿਸ ਨੂੰ ਪਹਿਲਾਂ ਹੀ ਡਿਫਾਲਟਰ ਕੈਟੇਗਰੀ ਵਿੱਚ ਹੋਣ ਕਾਰਨ ਜ਼ਬਤ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਜੋ ਲੋਕ ਹੁਣ ਡੈੱਡਲਾਈਨ ਖ਼ਤਮ ਹੋਣ "ਤੇ ਬਕਾਇਆ ਕਿਸ਼ਤਾਂ ਜਾਂ ਐਨ.ਸੀ.ਐਫ. ਜਮ?ਹਾ ਕਰਵਾਉਣ ਵਿੱਚ ਨਾਕਾਮ ਰਹਿੰਦੇ ਹਨ, ਦੀ ਪ੍ਰਾਪਰਟੀ ਜ਼ਬਤ ਕਰਨ ਦੀ ਕਾਰਵਾਈ ਕੀਤੀ ਜਾਵੇਗੀ।

## ਇਸ਼ਕ 'ਚ ਅੰਨ੍ਹੀ ਪਤਨੀ ਨੇ ਬੀਅਰ ਦੀ ਬੋਤਲ ਖੋਭ-ਖੋਭ ਮਾਰ'ਤਾ ਪਤੀ

ਇੰਦੌਰ 9 ਅਪ੍ਰੈਲ। ਮੱਧ ਪ੍ਰਦੇਸ਼ ਦੇ ਬੁਰਹਾਨਪੁਰ ਜ਼ਿਲ੍ਹੇ ਤੋਂ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਸ਼ਖ਼ਸ ਦਾ ਉਸ ਦੀ ਪਤਨੀ ਅਤੇ ਉਸ ਦੇ ਪ੍ਰੇਮੀ ਦੇ ਦੋ ਦੋਸਤਾਂ ਨਾਲ ਮਿਲ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪਤਨੀ ਨੇ ਪਤੀ 'ਤੇ ਬੀਅਰ ਦੀ ਟੁੱਟੀ ਹੋਈ ਬੀਅਰ ਦੀ ਬੋਤਲ ਨਾਲ 36 ਵਾਰ ਕੀਤੇ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਇਸ ਘਟਨਾ ਮਗਰੋਂ ਪਤਨੀ ਨੇ ਆਪਣੇ ਪ੍ਰੇਮੀ ਨੂੰ ਫ਼ੋਨ ਕੀਤਾ ਅਤੇ ਉਸ ਨੂੰ ਆਪਣੇ ਪਤੀ ਦੀ ਲਾਸ਼ ਦਿਖਾਉਂਦੇ ਹੋਏ ਕਿਹਾ ਕਿ 'ਕੰਮ ਹੋ ਗਿਆ ਹੈ'। ਘਟਨਾ ਤੋਂ ਬਾਅਦ ਦੋਸ਼ੀ ਪਤਨੀ ਅਤੇ ਉਸ ਦੇ ਪ੍ਰੇਮੀ ਦੇ ਦੋ ਦੋਸਤ ਜਿਨ੍ਹਾਂ ਵਿਚ ਇਕ ਨਾਬਾਲਗ ਵੀ ਸ਼ਾਮਲ ਸੀ, ਇਕੱਠੇ ਭੱਜ ਗਏ। ਉਧਰ ਬੁਰਹਾਨਪੁਰ ਦੇਵੇਂਦਰ ਪਾਟੀਦਾਰ ਨੇ ਕਿਹਾ ਕਿ 19 ਅਪ੍ਰੈਲ ਨੂੰ ਪੁਲਸ ਨੂੰ ਆਈ. ਟੀ. ਆਈ ਕਾਲਜ ਦੇ ਸਾਹਮਣੇ ਇੰਦੌਰ-ਇੱਛਾਪੁਰ ਸੜਕ ਦੇ ਨੇੜੇ ਝਾੜੀਆਂ ਵਿਚ ਇਕ ਲਾਸ਼ ਮਿਲਣ ਦੀ ਸੂਚਨਾ ਮਿਲੀ। ਜਾਂਚ ਕਰਨ 'ਤੇ ਮ੍ਰਿਤਕ ਦੀ ਪਛਾਣ ਸ਼ਾਹਪੁਰ ਵਾਸੀ ਰਾਹੁਲ ਉਰਫ਼ ਗੋਲਡਨ ਪੁੱਤਰ ਰਾਮਚੰਦਰ ਪਾਂਡੇ ਕੁਨਬੀ ਪਾਟਿਲ ਦੇ ਰੂਪ ਵਿਚ ਹੋਈ। ਲਾਸ਼ 'ਤੇ ਕਈ ਗੰਭੀਰ ਸੱਟਾਂ ਦੇ ਨਿਸ਼ਾਨ ਸਨ। ਜਾਂਚ 'ਚ ਪਤਾ ਲੱਗਾ ਕਿ ਰਾਹੁਲ ਦੀ ਪਤਨੀ ਘਟਨਾ ਤੋਂ ਬਾਅਦ ਹੀ ਫਰਾਰ ਸੀ। ਉਸ ਦੇ ਯੁਵਰਾਜ ਨਾਮ ਦੇ ਇਕ ਨੌਜਵਾਨ ਨਾਲ ਅਫੇਅਰ ਹੈ। ਜਦੋਂ ਯੁਵਰਾਜ ਨੂੰ ਹਿਰਾਸਤ ਵਿਚ ਲਿਆ ਗਿਆ ਅਤੇ ਪੁੱਛਗਿੱਛ ਕੀਤੀ ਗਈ, ਤਾਂ ਉਸ ਨੇ ਕਬੂਲ ਕੀਤਾ ਕਿ ਉਸ ਨੇ ਆਪਣੇ ਪ੍ਰੇਮਿਕਾ ਨਾਲ ਮਿਲ ਕੇ ਰਾਹੁਲ ਦੇ ਕਤਲ ਦੀ ਯੋਜਨਾ ਬਣਾਈ ਸੀ। 19 ਅਪ੍ਰੈਲ ਦੀ ਰਾਤ ਨੂੰ ਸਵੇਰੇ 8:00 ਤੋਂ 8:30 ਵਜੇ ਦੇ ਵਿਚਕਾਰ ਉਸ ਨੇ ਯੁਵਰਾਜ ਨੂੰ ਰਾਹੁਲ ਦੀ ਖ਼ੂਨ ਨਾਲ ਲੱਥਪੱਥ ਲਾਸ਼ ਦਿਖਾਉਣ ਲਈ ਵੀਡੀਓ ਕਾਲ ਕੀਤੀ, ਇਹ ਕਿਹਾ ਕਿ- ਕੰਮ ਹੋ ਗਿਆ ਹੈ। ਬਾਅਦ ਵਿਚ ਉਹ ਆਪਣੇ ਸਾਥੀ ਅਤੇ ਲਲਿਤ ਨਾਮ ਦੇ ਇਕ ਦੋਸਤ ਦੇ ਨਾਲ ਮੁੰਬਈ ਭੱਜ ਗਈ। ਜਾਂਚ ਦੌਰਾਨ ਪੁਲਸ ਨੇ ਰਾਹੁਲ ਦੀ ਪਤਨੀ, ਨਾਬਾਲਗ ਸਾਥੀ ਅਤੇ ਇਕ ਹੋਰ ਵਿਅਕਤੀ ਨਾਲ ਇਕ ਗੁਪਤ ਸੂਚਨਾ ਦੇ ਆਧਾਰ 'ਤੇ ਹਿਰਾਸਤ ਵਿਚ ਲਿਆ। ਪੁੱਛਗਿੱਛ ਵਿਚ ਉਸ ਨੇ ਯੁਵਰਾਜ ਨਾਲ ਕਤਲ ਦੀ ਯੋਜਨਾ ਬਣਾਉਣ ਅਤੇ ਉਸ ਦੇ ਸਾਥੀਆਂ ਨੂੰ ਪਹਿਲਾਂ ਤੋਂ ਸੂਚਿਤ ਕਰਨ ਦੀ ਗੱਲ ਮਨਜ਼ੂਰ ਕੀਤੀ।

## ਡਿਲੀਵਰੀ ਦੌਰਾਨ ਮਹਿਲਾ ਦੀ ਮੌਤ ! ਲੁਧਿਆਣਾ ਦੇ ਹਸਪਤਾਲ 'ਚ ਜ਼ੋਰਦਾਰ ਹੰਗਾਮਾ

ਮਹਿਲ ਕਲਾਂ/ਲੁਧਿਆਣਾ 9 ਅਪ੍ਰੈਲ। ਲੁਧਿਆਣਾ ਦੇ ਇਕ ਹਸਪਤਾਲ ਵਿਚ ਮਹਿਲ ਕਲਾਂ ਦੀ ਰਹਿਣ ਵਾਲੀ ਮਹਿਲਾ ਦੀ ਬੱਚੇ ਦੀ ਡਿਲੀਵਰੀ ਦੌਰਾਨ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮਹਿਲ ਕਲਾਂ ਦੇ ਫਰੀਦ ਹਸਪਤਾਲ ਦੇ ਡਾਕਟਰ ਮਿੱਠੂ ਮੁਹੰਮਦ ਦੀ ਨੂੰਹ ਨਾਜ਼ੀਆ ਪ੍ਰਵੀਨ ਨੂੰ ਬੱਚੇ ਦੀ ਡਿਲੀਵਰੀ ਲਈ ਲੁਧਿਆਣਾ ਦੇ ਇਕ ਹਸਪਤਾਲ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਪਰਿਵਾਰਿਕ ਮੈਂਬਰਾਂ ਅਨੁਸਾਰ ਬੱਚੇ ਦੇ ਜਨਮ ਤੋਂ ਬਾਅਦ ਮਾਂ ਦੀ ਹਾਲਤ ਵਿਗੜ ਗਈ, ਪਰੰਤੂ ਡਾਕਟਰ ਨੇ ਸਮੇਂ ਸਿਰ ਉਸ ਦੀ ਸੰਭਾਲ ਨਹੀਂ ਕੀਤੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਸਬੰਧੀ ਦੱਸਦੇ ਹੋਏ ਡਾਕਟਰ ਮਿੱਠੂ ਮੁਹੰਮਦ ਨੇ ਕਿਹਾ ਕਿ ਉਨ੍ਹਾਂ ਦੀ ਨੂੰਹ ਨਾਜ਼ੀਆ ਪ੍ਰਵੀਨ ਕੁਝ ਦਿਨ ਪਹਿਲਾਂ ਜਣੇਪੇ ਲਈ ਆਪਣੇ ਪੇਕੇ ਮਾਲੇਰਕੋਟਲਾ ਵਿਖੇ ਗਈ ਸੀ, ਜਿਸ ਦੀ ਦੋ ਦਿਨ ਪਹਿਲਾਂ ਤਬੀਅਤ ਵਿਗੜਨ ਤੋਂ ਬਾਅਦ ਉਸ ਨੂੰ ਮਲੇਰਕੋਟਲਾ ਦੇ ਇਕ ਲੋਕਲ ਡਾਕਟਰ ਨੂੰ ਦਿਖਾਇਆ ਗਿਆ ਜਿਸ ਦੀ ਸਲਾਹ 'ਤੇ ਅੱਗੇ ਲੁਧਿਆਣਾ ਦੇ ਨਿੱਜੀ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਕਿਹਾ ਕਿ ਉਕਤ ਹਸਪਤਾਲ ਦੇ ਡਾਕਟਰਾਂ ਨੇ ਆਪਣੇ ਆਪ੍ਰੇਸ਼ਨ ਦੇ ਲਾਲਚ ਵਿਚ ਸਮੇਂ ਤੋਂ ਪਹਿਲਾਂ ਹੀ ਬੱਚੇ ਦਾ ਜਣੇਪਾ ਕਰਵਾ ਦਿੱਤਾ ਜਿਸ ਤੋਂ ਬਾਅਦ ਉਨ੍ਹਾਂ ਦੀ ਨੂੰਹ ਨਾਜ਼ੀਆ ਪ੍ਰਵੀਨ ਦੀ ਹਾਲਤ ਵਿਗੜ ਗਈ ਪਰੰਤੂ ਡਾਕਟਰਾਂ ਨੇ ਪਰਿਵਾਰਿਕ ਮੈਂਬਰਾਂ ਦੇ ਕਹਿਣ 'ਤੇ ਵੀ ਸਮੇਂ ਸਿਰ ਧਿਆਨ ਨਹੀਂ ਦਿੱਤਾ। ਇਹ ਖ਼ਬਰ ਮਿਲਣ ਤੋਂ ਬਾਅਦ ਮਹਿਲ ਕਲਾਂ ਅਤੇ ਮ੍ਰਿਤਕ ਨਾਜ਼ੀਆ ਪਰਵੀਨ ਦੇ ਪੇਕੇ ਮਾਲੇਰਕੋਟਲਾ ਦੀਆਂ ਸਮਾਜਿਕ ਜਨਤਕ ਜਥੇਬੰਦੀਆਂ ਦੇ ਆਗੂ ਉਕਤ ਹਸਪਤਾਲ ਪੁੱਜੇ ਅਤੇ ਡਾਕਟਰ ਦੀ ਲਾਪਰਵਾਹੀ ਦੇ ਖਿਲਾਫ ਧਰਨਾ ਦਿੱਤਾ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸਬੰਧਤ ਡਾਕਟਰ ਦੇ ਖਿਲਾਫ ਬਣਦੀਆਂ ਧਰਾਵਾਂ ਤਹਿਤ ਪਰਚਾ ਦਰਜ ਕਰਨ ਦੀ ਮੰਗ ਕੀਤੀ।? ਪਰਿਵਾਰ ਦਾ ਕਹਿਣਾ ਹੈ ਕਿ ਜਦੋਂ ਤੱਕ ਦੋਸ਼ੀ ਡਾਕਟਰ ਦੇ ਖ਼?ਲਾਫ਼ ਸਖ਼ਤ ਧਾਰਾਵਾਂ ਤਹਿਤ ਕਾਰਵਾਈ ਨਹੀਂ ਕੀਤੀ ਜਾਵੇਗੀ ਉਹ ਹਸਪਤਾਲ ਤੋਂ ਮ੍ਰਿਤਕਾ ਦੀ ਲਾਸ਼ ਨਹੀਂ ਲੈਣਗੇ ਅਤੇ ਸਸਕਾਰ ਨਹੀਂ ਕਰਨਗੇ।

## ਯੂਨੀਅਨ ਦੇ ਵਿਰੋਧ ਦੇ ਬਾਵਜੂਦ ਨਗਰ ਨਿਗਮ 'ਚ ਸ਼ੁਰੂ ਹੋਈ ਬਾਇਓਮੈਟ੍ਰਿਕ ਹਾਜ਼ਰੀ

**ਕੌਮੀ ਪਤ੍ਰਿਕਾ**

ਪਟਿਆਲਾ 9 ਅਪ੍ਰੈਲ। ਨਗਰ ਨਿਗਮ ਦੀਆਂ ਸੀਟਾਂ ਅਕਸਰ ਖਾਲੀ ਰਹਿੰਦੀਆਂ ਸਨ। ਬਿਲਡਿੰਗ ਬ੍ਰਾਂਚ ਸਮੇਤ ਹੋਰ ਪ੍ਰਮੁੱਖ ਬ੍ਰਾਂਚਾਂ ਜਿਨ੍ਹਾਂ ਦਾ ਸਿੱਧਾ ਸਬੰਧ ਆਮ ਲੋਕਾਂ ਨਾਲ ਪੈਂਦਾ ਸੀ, ਉਨ੍ਹਾਂ ਦੀਆਂ ਸੀਟਾਂ ਆਮ ਤੌਰ 'ਤੇ ਖਾਲੀ ਮਿਲਦੀਆਂ ਸਨ। ਜਦੋਂ ਵੀ ਲੋਕ ਆਪਣੇ ਕੰਮਕਾਰ ਕਰਵਾਉਣ ਲਈ ਜਾਂਦੇ ਸਨ ਤਾਂ ਜਵਾਬ ਮਿਲਦਾ ਸੀ ਕਿ ਸਬੰਧਤ ਕਰਮਚਾਰੀ ਜਾਂ ਅਧਿਕਾਰੀ ਫੀਲਡ 'ਚ ਗਏ ਹੋਏ ਹਨ, ਜਿਸ ਕਾਰਨ ਲੋਕਾਂ ਦੀ ਕਾਫੀ ਖੱਜਲ-ਖੁਆਰੀ ਹੁੰਦੀ ਸੀ। ਇਸ ਨੂੰ ਰੋਕਣ ਲਈ ਹੀ ਨਿਗਮ ਕਮਿਸ਼ਨਰ ਪਰਮਜੀਤ ਸਿੰਘ ਵੱਲੋਂ ਬਾਇਓਮੈਟ੍ਰਿਕ ਲਾਉਣ ਲਈ ਪ੍ਰੋਸੈੱਸ ਸ਼ੁਰੂ ਕੀਤਾ ਗਿਆ ਸੀ। ਮਿਉਂਸਪਲ ਵਰਕਰ ਯੂਨੀਅਨ ਅਤੇ ਮਿਉਂਸਪਲ ਸਫਾਈ ਕਰਮਚਾਰੀ ਯੂਨੀਅਨ ਵੱਲੋਂ ਇਸ ਦੇ ਵਿਰੋਧ 'ਚ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਲਗਾਤਾਰ ਧਰਨੇ ਪ੍ਰਦਰਸ਼ਨ ਹੋਏ। ਇਸ ਦੇ ਬਾਵਜੂਦ ਨਗਰ ਨਿਗਮ ਵੱਲੋਂ 1 ਅਪ੍ਰੈਲ ਤੋਂ ਬਾਇਓਮੈਟ੍ਰਿਕ ਹਾਜ਼ਰੀ ਸ਼ੁਰੂ ਕਰ ਦਿੱਤੀ ਗਈ ਹੈ। ਫਿਲਹਾਲ 1 ਅਪ੍ਰੈਲ ਤੋਂ 30 ਅਪ੍ਰੈਲ ਤੱਕ ਇਸ ਹਾਜ਼ਰੀ ਨੂੰ ਟਰਾਇਲ ਬੇਸ 'ਤੇ ਰੱਖਿਆ ਗਿਆ ਹੈ, ਜਦੋਂ ਕਿ ਉਸ ਤੋਂ ਬਾਅਦ ਰੈਗੂਲਰ ਤੌਰ 'ਤੇ ਨਿਗਮ ਦੇ ਹਰ ਛੋਟੇ-ਵੱਡੇ ਮੁਲਾਜ਼ਮ ਅਤੇ ਅਧਿਕਾਰੀ ਦੀ ਹਾਜ਼ਰੀ ਬਾਇਓਮੈਟ੍ਰਿਕ 'ਤੇ ਅੰਗੂਠਾ ਲਾਉਣ ਤੋਂ ਬਾਅਦ ਹੀ ਪਵੇਗੀ। ਨਗਰ ਨਿਗਮ ਅਤੇ ਆਮ ਲੋਕਾਂ ਨੂੰ ਇਸ ਦਾ ਵੱਡਾ ਲਾਭ ਮਿਲੇਗਾ ਕਿਉਂਕਿ ਨਿਗਮ ਦਾ ਪੁਰਾਣਾ ਇਤਿਹਾਸ ਅਤੇ ਵਰਕ ਕਲਚਰ ਸਪੱਸ਼ਟ ਕਰਦਾ ਹੈ ਕਿ ਅਹਿਮ ਸੀਟਾਂ 'ਤੇ ਬੈਠੇ ਮੁਲਾਜ਼ਮ ਅਤੇ ਅਫਸਰਾਂ ਦੀਆਂ ਸੀਟਾਂ ਅਕਸਰ ਖਾਲੀ ਰਹਿੰਦੀਆਂ ਸਨ। ਲੋਕਾਂ ਨੂੰ ਕਈ ਕਈ ਘੰਟੇ ਆਪਣੇ ਕੰਮਕਾਰ ਕਰਵਾਉਣ ਲਈ ਉਡੀਕ ਕਰਨੀ ਪੈਂਦੀ ਸੀ ਅਤੇ ਕਈ ਵਾਰ ਕਈ ਕਈ ਦਿਨ ਚੱਕਰ ਮਾਰਨੇ ਪੈਂਦੇ ਸਨ। ਇਸ ਸਮੱਸਿਆ ਦਾ ਹੱਲ ਕੱਢਣ ਲਈ ਨਿਗਮ ਕਮਿਸ਼ਨਰ ਵੱਲੋਂ ਡਿਜੀਟਲ ਤਕਨੀਕ ਦਾ ਸਹਾਰਾ ਲੈਂਦਿਆਂ ਬਾਇਓਮੈਟ੍ਰਿਕ ਹਾਜ਼ਰੀ ਸਿਸਟਮ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਸੀ। ਬੇਸ਼ੱਕ ਸਫਾਈ ਕਰਮਚਾਰੀ ਯੂਨੀਅਨ ਵੱਲੋਂ ਕਿਹਾ ਗਿਆ ਸੀ ਕਿ ਸਫਾਈ ਕਰਮਚਾਰੀਆਂ ਕੋਲ ਮੋਬਾਈਲ ਨਹੀਂ ਹਨ, ਜਿਸ ਕਰ ਕੇ ਉਹ ਹਾਜ਼ਰੀ ਨਹੀਂ ਲਾ ਸਕਦੇ ਪਰ ਨਿਗਮ ਕਮਿਸ਼ਨਰ ਨੇ ਸਪੱਸ਼ਟ ਕੀਤਾ ਕਿ ਮੌਜੂਦਾ ਸਮੇਂ ਸਭ ਕੋਲ ਫੋਨ ਹਨ, ਲਿਹਾਜ਼ਾ ਹਰ ਹਾਲਤ 'ਚ ਬਾਇਓਮੈਟ੍ਰਿਕ ਸਿਸਟਮ ਰਾਹੀਂ ਹਾਜ਼ਰੀ ਲਾਈ ਜਾਵੇ। ਇਕ ਮਹੀਨੇ ਦੇ ਟਰਾਇਲ ਤੋਂ ਬਾਅਦ ਪਤਾ ਲੱਗੇਗਾ ਕਿ ਇਸ ਦਾ ਕਿੰਨਾ ਕੁ ਲਾਭ ਹੋਵੇਗਾ ਅਤੇ ਕੀ ਇਹ ਰੈਗੂਲਰ ਤੌਰ 'ਤੇ ਸ਼ੁਰੂ ਹੋ ਸਕੇਗੀ ਜਾਂ ਫਿਰ 2-3 ਮਹੀਨਿਆਂ ਬਾਅਦ ਇਹ ਸਿਸਟਮ ਬੰਦ ਹੋ ਕੇ ਪਹਿਲਾਂ ਵਾਲਾ ਸ਼ੁਰੂ ਹੋ ਜਾਵੇਗਾ। ਬੇਸ਼ੱਕ ਇਹ ਸਿਸਟਮ ਨਗਰ ਨਿਗਮ ਕਮਿਸ਼ਨਰ ਵੱਲੋਂ ਸ਼ੁਰੂ ਕੀਤਾ ਗਿਆ ਹੈ ਅਤੇ ਬਾਇਓਮੈਟ੍ਰਿਕ ਮਸ਼ੀਨ 'ਚ ਕਮਿਸ਼ਨਰ, ਜੁਆਇੰਟ ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਦੇ ਨਾਂ ਵੀ ਸ਼ਾਮਲ ਕੀਤੇ ਗਏ ਹਨ ਪਰ ਜਦੋਂ ਤੱਕ ਇਹ ਅਧਿਕਾਰੀ ਖੁਦ ਇਸ ਸਿਸਟਮ ਰਾਹੀਂ ਹਾਜ਼ਰੀ ਨਹੀਂ ਲਾਉਣਗੇ ਤਾਂ ਬਾਕੀ ਮੁਲਾਜ਼ਮਾਂ 'ਤੇ ਇਸ ਦਾ ਪ੍ਰਭਾਵ ਨਹੀਂ ਪਵੇਗਾ। ਆਮ ਤੌਰ 'ਤੇ ਕਮਿਸ਼ਨਰ, ਜੁਆਇੰਟ ਕਮਿਸ਼ਨਰ, ਐੱਸ. ਈ., ਐਕਸੀਅਨ, ਸਕੱਤਰ ਸਮੇਤ ਹੋਰ ਅਧਿਕਾਰੀ ਬਾਇਓਮੈਟ੍ਰਿਕ ਸਿਸਟਮ ਰਾਹੀਂ ਹਾਜ਼ਰੀ ਨਹੀਂ ਲਾਉਂਦੇ। ਜੇਕਰ ਇਕੱਲੇ ਮੁਲਾਜ਼ਮਾਂ 'ਤੇ ਹੀ ਇਹ ਸਿਸਟਮ ਲਾਗੂ ਕੀਤਾ ਗਿਆ ਤਾਂ ਸਮੁੱਚੇ ਮੁਲਾਜ਼ਮ ਇਸ ਦਾ ਵਿਰੋਧ ਕਰਨਗੇ। ਜੇਕਰ ਕਮਿਸ਼ਨਰ ਸਮੇਤ ਹੋਰ ਅਧਿਕਾਰੀ ਸਹੀ 9 ਵਜੇ ਆ ਕੇ ਆਪਣੇ ਦਫ਼ਤਰ 'ਚ ਬੈਠਣਗੇ ਅਤੇ 5 ਵਜੇ ਦਫ਼ਤਰ ਤੋਂ ਜਾਣਗੇ ਤਾਂ ਹੀ ਇਹ ਸਿਸਟਮ ਪ੍ਰਭਾਵਸ਼ਾਲੀ ਰਹੇਗਾ। ਨਿਗਮ ਦਾ ਪੁਰਾਣਾ ਇਤਿਹਾਸ ਦੱਸਦਾ ਹੈ ਕਿ ਕਮਿਸ਼ਨਰ ਅਤੇ ਹੋਰ ਅਧਿਕਾਰੀ ਆਪਣੀ ਮਨਮਰਜ਼ੀ ਨਾਲ ਦਫ਼ਤਰਾਂ 'ਚ ਆਉਂਦੇ ਹਨ। ਕਈ ਵਾਰ ਤਾਂ ਹਫਤਾ ਹਫਤਾ ਕਮਿਸ਼ਨਰ ਦਫ਼ਤਰ 'ਚ ਨਹੀਂ ਆਉਂਦੇ। ਅਜਿਹੇ ਕਈ ਕਮਿਸ਼ਨਰ ਨਿਗਮ ਵਿਚ ਰਹੇ ਹਨ, ਜਿਨ੍ਹਾਂ ਨੇ ਆਪਣੀ ਸਰਕਾਰੀ ਕੋਠੀ ਤੋਂ ਹੀ ਆਪਣਾ ਦਫ਼ਤਰ ਚਲਾਇਆ ਹੈ। ਸਮੁੱਚੀਆਂ ਫਾਈਲਾਂ ਕਮਿਸ਼ਨਰ ਰੈਜ਼ੀਡੈਂਸ 'ਤੇ ਜਾਂਦੀਆਂ ਸਨ ਅਤੇ ਉੱਥੇ ਹੀ ਉਨ੍ਹਾਂ ਦਾ ਸਟਾਫ ਜਾ ਕੇ ਫਾਈਲਾਂ ਕਲੀਅਰ ਕਰਵਾਉਂਦਾ ਸੀ।

